# ਸੰਪਾਦਕੀ

ਸਤਿਕਾਰੇ ਤੇ ਪਿਆਰੇ ਪਾਠਕੋ! ਆਪ ਜੀ 'ਚੋਂ ਬਹੁਤਿਆਂ ਨੇ 10ਵੇਂ ਮਹਾਨ ਗੁਰਮਤਿ ਸਮਾਗਮ ਦੇ ਅਦਭੁੱਤੀ ਨਜ਼ਾਰੇ ਅੱਖੀਂ ਵੇਖੇ ਤੇ ਰੱਜ ਰੱਜ ਮਾਣੇ ਹਨ। ਭਾਵੇਂ ਕੁਝ ਪਾਠਕ ਕਈ ਮਜਬੂਰੀਆਂ ਕਾਰਨ ਸਰੀਰਕ ਤੌਰ ਤੇ ਨਹੀਂ ਪੁਜ ਸਕੇ ਪਰ ਉਨ੍ਹਾਂ ਦਾ ਧਿਆਨ ਇਥੇ ਰਤਵਾੜਾ ਸਾਹਿਬ ਵਲ ਹੀ ਕੇਂਦਰਤ ਰਿਹਾ ਹੈ। ਆਪਣੇ ਪਿਆਰ-ਕੇਂਦਰ ਦੀਆਂ ਗੱਲਾਂ ਬਾਰ ਬਾਰ ਕਰਨ ਨੂੰ ਜੀਅ ਕਰਦਾ ਹੈ। ਨਵੰਬਰ ਦਾ ਇਸ਼ੂ ਅਸੀਂ ਪ੍ਰਮੁੱਖ ਤੌਰ ਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਨੂੰ ਸਮਰਪਿਤ ਕਰਦੇ ਹਾਂ ਅਤੇ ਨਾਲ ਹੀ ਅਸੀਂ ਗੁਰੂ ਨਾਨਕ ਦੇਵ ਜੀ ਦੇ ਨਿਰਮਲ ਪੰਥ ਦੇ ਮਹਾਨ ਸੇਵਕਾਂ ਪ੍ਰਤੀ ਕੁਝ ਕਹਿਣਾ ਉਚਿਤ ਸਮਝਦੇ ਹਾਂ। ਰਤਵਾੜਾ ਸਾਹਿਬ ਦੇ ਮਹਾਂਪੁਰਸ਼ਾਂ ਦਾ ਜੀਵਨ-ਨਿਸ਼ਾਨਾ 'ਨਾਨਕ ਕੇ ਘਰੁ ਕੇਵਲ ਨਾਮੁ' ਦਾ ਢੰਡੋਰਾ ਦੇਣਾ ਹੈ। ਗੁਰੂ ਮਹਾਰਾਜ ਜੀ ਦਾ ਗੁਰਸਿੱਖ ਪ੍ਰਤੀ ਐਸਾ ਹੀ ਆਦੇਸ਼ ਹੈ, 'ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ।' (ਪੰਨਾ - 305) ਰਤਵਾੜਾ ਸਾਹਿਬ ਦੀ ਸਾਰੀ ਕਿਰਿਆ, ਆਡੀਓ, ਵੀਡੀਓ ਕੈਸਟਾਂ, ਆਤਮ ਮਾਰਗ, ਪੁਸਤਕਾਂ, ਦੀਵਾਨ, ਸਾਰੇ ਕਾਰਜ ਏਸੇ ਉਪਲਕਸ਼ ਦੀ ਪ੍ਰਾਪਤੀ ਹਿਤ ਹਨ। ਸਾਲਾਨਾ ਗੁਰਮਤਿ ਸਮਾਗਮ ਵੀ ਇਸ ਲੜੀ ਵਿਚ ਇਕ ਮਹਾਨ ਉਦਮ ਹੈ ਜਿਸ ਵਿਚ ਦੇਸ ਪ੍ਰਦੇਸ ਤੋਂ ਲੱਖਾਂ ਦੀ ਗਿਣਤੀ ਵਿਚ ਸੰਗਤ ਇਕੱਤਰ ਹੁੰਦੀ ਹੈ। ਇਹ ਕੋਈ ਮੇਲਾ ਨਹੀਂ ਹੁੰਦਾ ਸਗੋਂ ਸੱਚੇ ਜਗਿਆਸੂਆਂ ਦੀ ਸੰਗਤ ਹੁੰਦੀ ਹੈ। ਗੁਰਬਾਣੀ ਵਿਚ ਸੰਗਤ ਦੀ ਪਰਿਭਾਸ਼ਾ ਐਸੀ ਹੀ ਦੱਸੀ ਹੈ, 'ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥ (ਪੰਨਾ - 72) ਐਸੀ ਸੰਗਤ ਵਿਚ ਜਿਥੇ ਨਾਮ ਜਪਿਆ ਜਾਂਦਾ ਹੈ, ਪਿਆਰੇ ਪ੍ਰੀਤਮ ਦੀਆਂ ਕਥਾ ਕਹਾਣੀਆਂ ਹੁੰਦੀਆਂ ਹਨ, ਉਸ ਸੰਗਤ ਵਿਚ ਪ੍ਰਭੂ ਆਪ ਵਰਤਦਾ ਹੈ। ਐਸੀ ਸੰਗਤ ਹੀ ਲੱਖਾਂ ਦੀ ਗਿਣਤੀ ਵਿਚ ਰਤਵਾੜਾ ਸਾਹਿਬ ਇਕੱਤਰ ਹੋਈ ਅਤੇ ਉਨ੍ਹਾਂ ਨੂੰ ਸੰਬੋਧਨ ਕਰਨ ਵਾਲੇ ਸਾਰੇ ਸੰਤ, ਮਹਾਤਮਾ, ਮਹਾਂਪੁਰਸ਼, ਸੁਬੁੱਧੀਜੀਵੀ, ਪ੍ਰੋਫੈਸਰ, ਰਿਸ਼ੀ ਜੁਗੇਸ਼ੂਰ ਸਭ ਪ੍ਰਭੂ ਪਿਆਰ ਵਾਲੇ, ਆਤਮ ਮਾਰਗ ਦੇ ਸੱਚੇ ਜਗਿਆਸੂ ਅਤੇ ਅਨੁਭਵੀ ਪੁਰਸ਼ ਸਨ ਜਿਨ੍ਹਾਂ ਦਾ ਕੁਝ ਵੇਰਵਾ 'ਇਕ ਪੰਛੀ ਝਾਤ' ਵਿਚ ਆਪ ਜੀ ਅਗਲਿਆਂ ਪੰਨਿਆਂ ਵਿਚ ਪੜ੍ਹੋਗੇ ਅਤੇ ਅਖੀਰ 2 ਅਕਤੂਬਰ ਸ਼ਾਮ ਪੰਜ ਵਜੇ ਦੀਵਾਨ ਦੀ ਸੰਪੰਨਤਾ ਸਮੇਂ ਤਾਂ ਮਹਾਂਪੁਰਸ਼ ਜਿਵੇਂ ਪ੍ਰਤੱਖ ਪਿਆਰ ਦੀ ਮੂਰਤ ਬਣ ਗਏ, ਅਬੋਲ ਹੋ ਗਏ, ਮੌਨ ਹੋ ਗਏ, ਅੱਖਾਂ ਪਿਆਰ ਵਿਚ ਸੇਜਲ ਹੋ ਗਈਆਂ, ਸੰਗਤਾਂ ਵੀ ਪਿਆਰ ਵਿਚ ਮੁਗਧ, ਛਮ ਛਮ ਅਥਰੂ ਵਹਿ ਰਹੇ ਹਨ, ਕੋਈ ਅਕਹਿ ਦ੍ਰਿਸ਼ ਦ੍ਰਿਸ਼ਟੀਗੋਚਰ ਹੋ ਰਿਹਾ ਸੀ। ਸਭ ਗੁਰੂ ਪਿਆਰ ਨਾਲ ਸਰਸ਼ਾਰ, ਕਿਸੇ ਅਗੰਮੀ ਰਸ ਵਿਚ ਮਖਮੂਰ, ਅੰਮ੍ਰਿਤ ਭਿੰਨੇ ਲੋਇਣਾ ਨਾਲ ਮਹਾਂਪੁਰਸ਼ਾਂ ਦੀਆਂ ਅਸੀਸਾਂ ਲੈ ਘਰਾਂ ਨੂੰ ਪਰਤੇ। ਸਚਮੁਚ ਹੀ ਸਤਿਗੁਰੂ ਦਾ ਪਿਆਰ ਬਾਣ ਸਭਨਾਂ ਦੇ ਹਿਰਦਿਆਂ ਵਿਚ ਪਿਆਰ ਛੇਕ ਪਾ ਗਿਆ।

ਐਨੇ ਵਿਸ਼ਾਲ ਅਤੇ ਮਹਾਨ ਸਮਾਗਮ ਦੇ ਕਈ ਵਚਿਤ੍ਰ ਪੱਖ ਨਿਰੇ ਕਰਾਮਾਤੀ ਜਾਪਦੇ ਹਨ। ਦੇਸਾਂ ਪ੍ਰਦੇਸਾਂ ਤੋਂ, ਪਿੰਡਾਂ ਤੇ ਸ਼ਹਿਰਾਂ ਤੋਂ ਲੱਖਾਂ ਦੀ ਗਿਣਤੀ ਵਿਚ ਸੰਗਤ ਗੁਰੂ ਪਿਆਰ ਵਿਚ ਜੁੜੀ ਪਰ ਕਿਤੇ ਵੀ ਭੀੜ, ਭਗਦੜ, ਸ਼ੋਰ, ਧੱਕਾ ਮੁਕੀ ਦਾ ਨਾਮ ਨਿਸ਼ਾਨ ਨਹੀਂ। ਟ੍ਰੈਫਿਕ ਕੰਟਰੋਲ ਕਰਨ ਲਈ ਕਾਫੀ ਪੁਲਿਸ ਮੌਜੂਦ ਸੀ ਪਰ ਉਹ ਵੀ ਪਿਆਰ ਵਿਚ ਚੁੱਪ ਚਾਪ ਖੜ੍ਹੇ ਅਦਭੁੱਤ ਨਜ਼ਾਰੇ ਹੀ ਦੇਖ ਰਹੇ ਸੀ। ਇਕ ਪੁਲਿਸ ਅਫਸਰ ਦੇ ਸ਼ਬਦ ਸੀ, 'ਇਥੇ ਤਾਂ ਪੁਲਿਸ ਦੀ ਲੋੜ ਹੀ ਨਹੀਂ, ਸੇਵਕ ਤੇ ਸੰਗਤ ਐਨੀ ਸੁਲਝੀ ਹੋਈ ਹੈ ਕਿ ਆਪ ਹੀ ਨਿਯਮਬੱਧ ਢੰਗ ਨਾਲ ਆ ਜਾ ਰਹੇ ਹਨ। 700'x200' ਦੇ ਸੋਹਣੇ ਸੁਚੱਜੇ ਢੰਗ ਨਾਲ ਸਜੇ ਪੰਡਾਲ ਵਿਚ 150 ਕਲੋਜ਼ ਸਰਕਟ ਟੀ. ਵੀ. ਸੈਟ ਲਾਏ ਗਏ ਤਾ ਕਿ ਦੂਰ ਦੂਰ ਤਕ ਆਰਾਮ ਨਾਲ ਬੈਠੀਆਂ ਸੰਗਤਾਂ ਪ੍ਰਵਚਨ ਸੁਣ ਵੀ ਸਕਣ ਅਤੇ ਸਟੇਜ ਦਾ ਦ੍ਰਿਸ਼ ਵੀ ਵੇਖ ਸਕਣ। ਤੀਹ ਲੋਆਂ ਉਪਰ 24 ਘੰਟੇ ਪ੍ਰਸ਼ਾਦੇ ਪੱਕ ਰਹੇ ਹਨ, ਅਨੇਕ ਦੇਗਚਿਆਂ ਵਿਚ ਸਬਜ਼ੀ ਦਾਲਾ ਤਿਆਰ ਹੋ ਰਿਹਾ ਹੈ, ਹਜ਼ਾਰਾਂ ਦੀ ਗਿਣਤੀ ਵਿਚ ਪੰਗਤਾਂ ਵਿਚ ਬੈਠੀ ਸੰਗਤ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀ ਅੰਮ੍ਰਿਤ ਲੰਗਰ ਛਕ ਰਹੀ ਹੈ, ਕੋਈ ਭੀੜ ਨਹੀਂ, ਕੋਈ ਦੇਰੀ ਨਹੀਂ, ਕੋਈ ਕੰਮੀ ਨਹੀਂ, ਨਾ ਲੰਗਰ ਦੀ, ਨਾ ਬਰਤਨਾਂ ਦੀ, ਨਾ ਵਰਤਾਵਿਆਂ ਦੀ। ਐਸਾ ਹੋਵੇ ਵੀ ਕਿਉਂ ਨਾ? ਕਿਉਂਕਿ ਇਹ ਗੁਰੂ ਕਾ ਲੰਗਰ ਹੈ, ਕਿਸੇ ਵਿਅਕਤੀ ਦਾ ਨਹੀਂ।

ਰਿਹਾਇਸ਼ ਲਈ ਤਿੰਨ ਬਿਲਡਿੰਗਾਂ, ਦੀਵਾਨ ਹਾਲ, ਤਮੋਟੀਆਂ, ਟੈਂਟ ਸਰਾਵਾਂ, ਸਕੂਲ ਹਾਲ ਹਰ ਤਰ੍ਹਾਂ ਦੇ ਪ੍ਰਬੰਧ ਕੀਤੇ ਗਏ। 125 ਦੇ ਕਰੀਬ ਵਿਦੇਸ਼ਾਂ ਤੋਂ - ਅਮਰੀਕਾ, ਕੈਨੇਡਾ, ਇੰਗਲੈਂਡ, ਆਸਟਰੇਲੀਆਂ, ਜਰਮਨ ਤੇ ਅਰਬ ਦੇਸ਼ਾਂ ਤੋਂ ਵੀਰ ਭੈਣ ਆਏ, ਮਹਾਂਪੁਰਸ਼ਾਂ ਦੇ ਪਿਆਰ ਅਤੇ ਸੇਵਾ-ਭਾਵ ਨਾਲ ਨਿਹਾਲ ਹੋ ਕੇ ਗਏ। ਸੰਗਤਾਂ ਟਰੱਕਾਂ, ਟਰਾਲੀਆਂ, ਬੱਸਾਂ, ਕਾਰਾਂ, ਸਕੂਟਰਾਂ, ਸਾਈਕਲਾਂ ਰਾਹੀਂ ਪੁੱਜੀ। ਸਾਰੇ ਵਾਹਨਾਂ ਲਈ ਤਰਤੀਬ ਵਿਚ ਮਿੱਥੇ ਸਥਾਨ ਤੇ ਰੁਕਣ ਦਾ ਸੁਚੱਜਾ ਪ੍ਰਬੰਧ ਸਭ ਲਈ ਸਹੂਲਤ ਦਾ ਕਾਰਨ ਬਣਿਆ। ਲਾਈਟ ਅਤੇ ਸਾਊਂਡ ਸਿਸਟਮ ਵੀ ਕਮਾਲ ਦਾ ਸੀ। ਸਾਰੇ ਕੰਪਲੈਕਸ ਵਿਚ ਅਤੇ 2 ਕਿਲੋਮੀਟਰ ਦੀ ਦੂਰੀ ਤਕ ਹਾਰਨ ਅਤੇ ਟਿਊਬਾਂ ਲਾਈਆਂ ਗਈਆਂ, ਰੌਸ਼ਨੀ ਅਤੇ ਆਵਾਜ਼ ਹਰ ਥਾਂ ਮੌਜੂਦ ਸੀ।

ਡਾਕਟਰੀ ਸਹਾਇਤਾ ਲਈ ਹਿਮਾਲੀਅਨ ਮੈਡੀਕਲ ਇੰਸਟੀਚਿਊਟ ਅਤੇ ਕਾਲਜ ਜੌਲੀ ਗਰਾਂਟ ਤੋਂ ਵਿਸ਼ੇਸ਼ ਟੀਮ ਨੇ ਦਿਨ ਰਾਤ ਸੇਵਾ ਕੀਤੀ। ਤਿੰਨ ਦਿਨ ਅੰਮ੍ਰਿਤ ਸੰਚਾਰ ਵੀ ਹੁੰਦਾ ਰਿਹਾ। ਆਤਮ ਮਾਰਗ, ਪੁਸਤਕਾਂ ਅਤੇ ਆਡੀਓ ਵੀਡੀਓ ਦੇ ਤਿੰਨ ਸਟਾਲਾਂ ਤੋਂ ਸੰਗਤਾਂ ਨੇ ਦਿਲ ਖੋਲ੍ਹ ਕੇ ਮਹਾਂਪੁਰਸ਼ਾਂ ਦੇ ਪ੍ਰਵਚਨਾਂ ਦੀ ਮੰਗ ਕੀਤੀ।

ਇਸ ਤਰ੍ਹਾਂ ਇਹ 10ਵਾਂ ਗੁਰਮਤਿ ਸਮਾਗਮ ਹਰ ਪੱਖੋਂ ਪਹਿਲੇ ਹੋਏ ਸਮਾਗਮਾਂ ਨਾਲੋਂ ਵਧੇਰੇ ਚੜ੍ਹਦੀ ਕਲਾ ਵਾਲਾ, ਵਧੇਰੇ ਪਿਆਰ-ਭਿੰਨਾ, ਵਧੇਰੇ ਰੌਣਕ ਵਾਲਾ, ਰਸ ਭਿੰਨੜਾ ਸਮਾਗਮ ਸੀ ਜਿਸ ਦੀ ਛਾਪ ਹਰ ਪ੍ਰਾਣੀ ਦੇ ਹਿਰਦੇ ਤੇ ਸਦਾ ਬਣੀ ਰਹੇਗੀ।

***ਡਾ. ਜਗਜੀਤ ਸਿੰਘ***

# ਅਮਰ ਗਾਥਾ

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।***

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ - 61)*

ਜਿਸ ਤਰ੍ਹਾਂ ਬੁੱਧ ਮਤ, ਜੈਨ ਮਤ ਦੇ ਮਹਾਂਪੁਰਸ਼ਾਂ ਨੇ ਆਪੋ ਆਪਣੇ ਯੋਗ ਦੇ ਸਾਧਨ ਦੱਸੇ ਹਨ ਇਸੇ ਤਰ੍ਹਾਂ ਮਾਨਯੋਗ ਪਾਤੰਜਲੀ ਰਿਸ਼ੀ ਜੀ ਨੇ ਰਾਜ ਯੋਗ ਦੇ ਅਸ਼ਟਾਂਗ ਸਾਧਨ ਨੀਅਤ ਕੀਤੇ ਹਨ ਜਿਨ੍ਹਾਂ ਦੇ ਕਰਮਵਾਰ ਨਾਮ ਹਨ - ਯਮ, ਨੇਮ, ਆਸਣ, ਇਕਾਂਤ ਥਾਂ, ਪ੍ਰਾਣਾਯਾਮ, ਧਾਰਨਾ, ਧਿਆਨ ਸਮਾਧੀ। ਯਮ ਦਸ ਹਨ ਅਤੇ ਨੇਮ ਭੀ ਦਸ ਹੀ ਹਨ।

***ਯਮ - ਏਕ ਅਹਿੰਸਾ ਜਾਨਿਯੇ, ਮਨ ਬਚ ਕਾਇਆ ਤੀਨ।***
***ਪਰ ਕਾ ਬੁਰਾ ਜਿ ਚਿਤਵਨਾ, ਮਨ ਕੀ ਹਿੰਸਾ ਚੀਨ।***
***ਫਿਕਾ ਬੋਲ ਦਖਾਇ ਹਨਾਵੈ, ਹਿੰਸਾ ਬਚਨਨ ਕਹਿ ਲੀਜੈ।***
***ਤੀਜੀ ਮਾਰਨ ਜੀਵਨ ਕੇਰੀ। ਤਿਆਗੈ ਇਨ ਕੌਂ ਹੈ ਬਿਨ ਦੇਰੀ।***

**ਯਮ -** ਇਹ ਦਸ ਪ੍ਰਕਾਰ ਦੇ ਹਨ। ਵਾਹਿਗੁਰੂ ਦੇ ਦਰ ਪੁੱਜਣ ਲਈ ਆਤਮ ਮਾਰਗ ਤੇ ਚੱਲਣ ਲਈ ਇਨ੍ਹਾਂ ਯਮਾਂ ਦਾ ਪਾਲਣ ਕਰਨਾ ਬਹੁਤ ਜ਼ਰੂਰੀ ਹੈ। ਇਹ ਭਾਵੇਂ ਰਿਸ਼ੀਆਂ ਮੁਨੀਆਂ ਅਨੁਭਵੀ ਮਹਾਂਪੁਰਸ਼ਾਂ ਨੇ ਥਾਪੇ ਹਨ, ਗੁਰੂ ਗ੍ਰੰਥ ਸਾਹਿਬ ਵਿਚ 'ਨਿਰਮਲ ਕਰਮਾਂ' ਦੇ ਘੇਰੇ ਇਹ ਸਮੁੱਚੇ ਤੌਰ ਤੇ ਆ ਜਾਂਦੇ ਹਨ। ਇਤਿਹਾਸ ਮੁਤਾਬਿਕ ਇਹ ਯਮਾਂ ਨਿਯਮਾਂ ਦਾ ਜ਼ਿਕਰ ਸਾਖੀਕਾਰਾਂ ਨੇ ਕੀਤਾ ਹੈ। ਇਨ੍ਹਾਂ ਨਿਯਮਾਂ ਦਾ ਸੰਖੇਪ ਵੇਰਵਾ ਨਿਮਨ ਲਿਖਤ ਅਨੁਸਾਰ ਹੈ -

1. **ਅਹਿੰਸਾ -** ਇਹ ਕਈ ਪ੍ਰਕਾਰ ਦੀ ਹੈ - ਮਾਨਸਿਕ ਅਹਿੰਸਾ, ਵਾਚਕ ਅਹਿੰਸਾ, ਸਰੀਰਕ ਅਹਿੰਸਾ। ਮਾਨਸਿਕ ਅਹਿੰਸਾ ਦੇ ਘੇਰੇ ਵਿਚ, ਕਿਸੇ ਦਾ ਬੁਰਾ ਚਿਤਵਨਾ, ਕਿਸੇ ਪ੍ਰਾਣੀ ਨੂੰ ਆਪਣੀ ਬੁੱਧੀ ਦੀ ਤੀਖਣਤਾ ਤਹਿਤ ਕੋਈ ਨੁਕਸਾਨ ਪਹੁੰਚਾਉਣਾ, ਮੰਤਰ ਬਲ ਨਾਲ ਕਿਸੇ ਦਾ ਬੁਰਾ ਕਰਨਾ ਆਉਂਦਾ ਹੈ। ਸਭ ਤੋਂ ਬੁਰੀ ਹਿੰਸਾ ਆਪਣੇ ਆਪ ਦਾ ਘਾਤ ਕਰਨਾ ਹੈ ਜਿਸ ਤੋਂ ਅਸੀਂ ਸਦਾ ਹੀ ਅਵੇਸਲੇ ਰਹਿੰਦੇ ਹਾਂ, ਉਹ ਮਾਨਸ ਜਨਮ ਪ੍ਰਾਪਤ ਕਰਕੇ ਨਿਗੁਰੇ ਰਹਿਣਾ ਅਤੇ-

***ਨਾਮੁ ਨ ਜਪਹਿ ਤੇ ਆਤਮ ਘਾਤੀ॥*** *ਪੰਨਾ - 188*

ਵਾਲਾ ਗੁਰ ਫੁਰਮਾਨ ਹੈ। ਮਾਨਸਿਕ ਹਿੰਸਾ ਦਾ ਕੇਵਲ ਤੇ ਕੇਵਲ ਇਲਾਜ ਹੈ ਕਿ ਨਿਤਨੇਮ ਕਰਕੇ ਨਾਮ ਜਪ ਕੇ ਅਤੀ ਨਿਮਰਤਾ ਤੇ ਸਵੱਛ ਹਿਰਦੇ ਸਹਿਤ ਪ੍ਰਭੂ ਦੇ ਚਰਨਾਂ ਵਿਚ ਅਰਦਾਸ ਕਰਨੀ ਕਿ ਹੇ ਪ੍ਰਭੂ! 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਕਾ ਭਲਾ' ਮੈਂ ਹੀ ਬੁਰਾ ਹਾਂ, ਤੂੰ ਸਾਰੀਆਂ ਘਟਾਂ ਵਿਚ ਬਿਰਾਜਮਾਨ ਹੈਂ ਸਭ ਦਾ ਭਲਾ ਕਰ। ਮੇਰਾ, ਪਰਿਵਾਰ ਦਾ, ਸਮੁੱਚੇ ਭਾਈਚਾਰੇ ਦਾ, ਦੇਸ਼ ਦਾ, ਪਰਜਾ ਦਾ, ਪਸ਼ੂ ਪੰਛੀਆਂ ਦਾ, ਅੰਡਜ, ਜੇਰਜ, ਸੇਤਜ, ਉਤਭੁਜ ਦਾ, ਸਰਬੱਤ ਦਾ ਭਲਾ ਕਰ। ਇਸ ਪਰਮ ਉਚ ਆਤਮਕ ਮੰਡਲ ਦੀ ਸਰਬ ਪ੍ਰਭੂ ਨੂੰ ਰਮਿਆ ਜਾਣ ਕੇ ਅਰਦਾਸ ਕਰਨੀ ਇਹ ਮਾਨਸਿਕ ਹਿੰਸਾ ਤੋਂ ਮੁਕਤ ਕਰ ਦਿੰਦੀ ਹੈ।

**ਵਾਚਕ ਅਹਿੰਸਾ -** ਫਿੱਕਾ ਬੋਲਣਾ, ਕੌੜਾ ਬੋਲ, ਤਾਹਨੇ ਮਿਹਣੇ ਆਦਿ ਬੋਲ ਹਿਰਦੇ ਨੂੰ ਬੇਧ ਦਿੰਦੇ ਹਨ ਅਤੇ ਇਹ ਕਰਮ ਬੁਰੇ ਸਿੱਟੇ ਕੱਢਣ ਵਿਚ ਸਮਰੱਥ ਹੈ। ਸੰਸਾਰ ਦੇ ਭਿਅੰਕਰ ਰਾਜ ਯੁੱਧਾਂ ਦਾ ਕਾਰਨ ਭੀ ਬਣ ਜਾਂਦਾ ਹੈ ਜਿਵੇਂ ਦ੍ਰੋਪਤੀ ਜੀ ਨੇ ਦੁਰਯੋਧਨ ਨੂੰ, ਜਦੋਂ ਉਹ ਯੁਧਿਸ਼ਟਰ ਦੇ ਨਿਮੰਤਰਣ ਤੇ ਪਾਂਡਵਾਂ ਦੇ ਨਵੇਂ ਮਹਿਲ ਵਿਚ, ਦਰਵਾਜ਼ੇ ਦੀ ਥਾਂ ਕੰਧ ਤੇ ਖੁਸ਼ਕੀ ਦੀ ਥਾਂ ਪਾਨੀ ਦਾ ਭੁਲੇਖਾ ਖਾ ਕੇ ਕੰਧ ਵਿਚ ਲੱਗਿਆ ਤੇ ਸਿਰ ਦੀ ਚੋਟ ਖਾਧੀ ਅਤੇ ਖੁਸ਼ਕ ਥਾਂ ਸਮਝ ਕੇ ਪਾਨੀ ਵਿਚ ਵਸਤਰਾਂ ਸਮੇਤ ਗਿਰ ਗਿਆ, ਕਿਹਾ ਕਿ 'ਅੰਧੇ ਪਿਤਾ ਦਾ ਪੁਤਰ ਭੀ ਅੰਧਾ ਹੀ ਹੈ (ਅੰਧ ਕਾ ਅੰਧ)' ਦੁਰਯੋਧਨ ਨੇ ਉਸ ਸਮੇਂ ਘੋਰ ਸਮਾਜਿਕ ਅਪਰਾਧ ਕੀਤਾ ਕਿ ਮੈਂ ਦਰੋਪਤੀ ਨੂੰ ਭਰੀ ਰਾਜਸੀ ਸਭਾ ਵਿਚ ਨਗਨ ਕਰਾਂਗਾ ਅਤੇ ਇਹੋ ਇਕ ਕਾਰਨ ਮਹਾਂਭਾਰਤ ਦੇ ਯੁੱਧ ਹੋਣ ਦਾ ਭੀ ਬਣਿਆ।

ਫਿੱਕਾ ਬੋਲ ਦਿਲ ਤੋੜ ਦਿੰਦਾ ਹੈ, ਵਾਹਿਗੁਰੂ ਜੀ ਹਰ ਘਟ ਵਿਚ ਵਸ ਰਹੇ ਹਨ।

***ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥***
***ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥***
***ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥***
***ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ॥***
*ਪੰਨਾ - 1384*

ਫਿੱਕਾ ਬੋਲ ਕੇ ਆਦਮੀ ਨੂੰ ਖੁਆਰ ਹੋਣਾ ਪੈਂਦਾ ਹੈ। ਜਿਸ ਬੋਲਣ ਕਾਰਨ ਸੁਣਨ ਵਾਲੇ ਦੇ ਦਿਲ ਵਿਚ ਪ੍ਰਸੰਨਤਾ ਆਵੇ, ਓਹੋ ਬੋਲਿਆ ਪ੍ਰਵਾਨ ਗਿਣਿਆ ਜਾਂਦਾ ਹੈ।

***ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ॥***
***ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥***
*ਪੰਨਾ - 15*

ਫਿੱਕਾ ਬੋਲਣਾ ਦੁਹਾਗਣੀਆਂ ਦਾ ਕਰਮ ਗਿਣਿਆ ਹੈ ਜੋ ਪ੍ਰਮੇਸ਼ਵਰ ਤੋਂ ਪੂਰੀ ਤਰ੍ਹਾਂ ਭੁੱਲੀਆਂ ਹੋਈਆਂ ਹਨ। ਫਿੱਕਾ ਬੋਲਣ ਕਰਕੇ ਆਪਣੇ ਪਿਆਰੇ ਦੇ ਸੰਗ ਤੋਂ ਵਾਂਝੀਆਂ ਰਹਿੰਦੀਆਂ ਹਨ -

***ਦੋਹਾਗਣੀ ਮਹਲੁ ਨ ਪਾਇਨੀ ਨ ਜਾਣਨਿ ਪਿਰ ਕਾ ਸੁਆਉ॥***
***ਫਿਕਾ ਬੋਲਹਿ ਨਾ ਨਿਵਹਿ ਦੂਜਾ ਭਾਉ ਸੁਆਉ॥***
*ਪੰਨਾ - 426*

ਬੰਦਗੀ ਕਰਨ ਲਈ ਆਪਣੇ ਅੰਦਰ ਪ੍ਰੇਮ ਰਸ ਸਹਾਈ ਹੁੰਦਾ ਹੈ ਪਰ ਫਿੱਕਾ ਬੋਲਣਾ ਪ੍ਰੇਮ ਰਸ ਤੋਂ ਹੀਣਾ ਕਰ ਦਿੰਦਾ ਹੈ। ਕੌੜਾ ਬੋਲ ਕੇ ਦੂਸਰੇ ਦਾ ਦਿਲ ਤੋੜ ਦਿੰਦਾ ਹੈ ਅਤੇ ਵਾਚਿਕ ਅਹਿੰਸਾ ਦਾ ਦੋਸ਼ੀ ਹੋਣ ਕਰਕੇ ਦਰਗਾਹ ਵਿਚੋਂ ਕੱਢ ਦਿਤਾ ਜਾਂਦਾ ਹੈ। ਆਪਣਾ ਕਾਰਜ ਆਪੇ ਹੀ ਵਿਗਾੜਨ ਵਾਲਾ ਮੂਰਖ ਹੁੰਦਾ ਹੈ। ਉਸ ਦੀ ਸ਼ੋਹਰਤ ਭੀ ਫਿੱਕੀ ਹੁੰਦੀ ਹੈ, ਕੋਈ ਉਸਨੂੰ ਪਸੰਦ ਨਹੀਂ ਕਰਦਾ ਜਿਵੇਂ ਕਿ -

***ਨਾਨਕ ਫਿਕੈ ਬੋਲੀਐ ਤਨੁ ਮਨੁ ਫਿਕਾ ਹੋਇ।।***
***ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ।।***
***ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥***
***ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥***

***ਪੰਨਾ - 473***

ਫਿੱਕਾ ਬੋਲਣ ਦੀਆਂ ਅਨੇਕ ਕਥਾਵਾਂ ਹਨ ਜਿਵੇਂ ਕਿ ਇਕ ਪ੍ਰੇਮੀ ਸਫਰ ਕਰ ਰਿਹਾ ਸੀ, ਉਸ ਨੂੰ ਜਦੋਂ ਭੁੱਖ ਲੱਗੀ ਉਸ ਨੇ ਵਿਚਾਰਿਆ ਕਿ ਮੈਂ ਕਿਸੇ ਦੇ ਘਰ ਜਾ ਕੇ ਆਪਣੇ ਪੱਲੇ ਬੰਨ੍ਹੇ ਚਾਵਲ ਉਬਾਲ ਕੇ ਖਾ ਲਵਾਂ। ਇਕ ਬੀਬੀ ਦਾ ਚੰਗਾ ਸੁਭਾਉ ਵੇਖ ਕੇ ਚਾਵਲ ਬਣਾਉਣ ਲਈ ਉਸ ਦੀ ਰਸੋਈ ਵਿਚ ਜਾ ਕੇ ਬਰਤਨ ਲੈ ਲਿਆ। ਬੀਬੀ ਨੇ ਹੋਰ ਮਦਦ ਭੀ ਕੀਤੀ ਪਰ ਉਹ ਭਾਂਪ ਗਈ ਕਿ ਇਸ ਰਾਹੀ ਵਿਚ ਫਿੱਕਾਪੁਣ ਬਹੁਤ ਹੈ। ਜਦੋਂ ਚਾਵਲ ਰਿੱਝ ਰਹੇ ਸਨ ਤਾਂ ਇਸਦੀ ਨਿਗ੍ਹਾ ਬੀਬੀ ਦੀ ਸਿਹਤਵੰਤ ਮੱਝ ਉਪਰ ਪੈ ਗਈ। ਉਹ ਉਸੇ ਸਮੇਂ ਬੋਲਿਆ ਕਿ ਓ ਮਾਈ! ਤੇਰੀ ਮੱਝ ਤਾਂ ਬਹੁਤ ਸੋਹਣੀ ਹੈ, ਖੂਬ ਪਲੀ ਹੋਈ ਹੈ ਪਰ ਤੇਰੇ ਘਰ ਦਾ ਦਰਵਾਜ਼ਾ ਬਹੁਤ ਭੀੜਾ ਹੈ; ਜੇ ਤੇਰੀ ਮੱਝ ਮਰ ਜਾਵੇ ਤਾਂ ਐਉਂ ਦੱਸ, ਬਾਹਰ ਕਿਥੋਂ ਦੀ ਕੱਢੇਂਗੀ? ਬੀਬੀ ਨੂੰ ਸੁਣ ਕੇ ਗੁੱਸਾ ਆ ਗਿਆ, ਉਸ ਨੇ ਆ ਕੇ ਚੁੱਲ੍ਹੇ ਤੋਂ ਅਣਰਿੱਝੇ ਚੌਲਾਂ ਦਾ ਪਤੀਲਾ ਚੁੱਕ ਕੇ ਉਸ ਦੇ ਪਰਨੇ ਵਿਚ ਪਲਟ ਦਿਤਾ ਅਤੇ ਘਰੋਂ ਕੱਢ ਦਿਤਾ। ਜਦੋਂ ਉਹ ਗਲੀ ਵਿਚ ਜਾ ਰਿਹਾ ਸੀ ਤਾਂ ਚੌਲਾਂ ਦੀ ਪਿੱਛ ਚੋਂਦੀ ਜਾ ਰਹੀ ਵੇਖ ਕੇ ਕਿਸੇ ਨੇ ਪੁਛਿਆ ਕਿ ਇਸ ਪਰਨੇ ਵਿਚੋਂ ਕੀ ਚੋ ਰਿਹਾ ਹੈ ਤਾਂ ਉਸ ਰਾਹੀ ਨੇ ਉਤਰ ਦਿਤਾ ਕਿ ਭਾਈ, ਕੀ ਦੱਸਾਂ, ਇਹ ਤਾਂ ਮੇਰੀ ਜ਼ੁਬਾਨ ਦਾ ਹੀ ਰਸ ਚੋਂਦਾ ਜਾ ਰਿਹਾ ਹੈ। ਇਹ ਵਾਚਕ ਹਿੰਸਾ ਹੋਇਆ ਕਰਦੀ ਹੈ।

***ਫਿਕਾ ਬੋਲ ਦੁਖਾਇ ਹਨਾਵੈ (ਦਿਲ ਢਾਹੇ)***
***ਹਿੰਸਾ ਬਚਨਨ ਕੀ ਕਹਿਲਾਵੈ।***

***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 530***

ਤੀਜੀ ਅਹਿੰਸਾ **'ਜੀਵਾਂ ਨੂੰ ਮਾਰ ਦੇਣ'** ਦੀ ਹੁੰਦੀ ਹੈ। ਸਾਰੇ ਜੀਵ ਵਾਹਿਗੁਰੂ ਜੀ ਨੇ ਪੈਦਾ ਕੀਤੇ ਹਨ। ਅਕਾਰਨ ਹੀ ਜੀਵ ਘਾਤ ਕਰਨਾ ਪ੍ਰਭੂ ਦੇ ਦਰ ਪ੍ਵਾਨ ਨਹੀਂ ਹੈ। ਬਾਣੀ ਵਿਚ ਫੁਰਮਾਨ ਹੈ -

***ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥***
***ਜਉ ਸਭ ਮਹਿ ਏਕੁ ਖੁਦਾਇ ਕਹਤ ਹਉ***
***ਤਉ ਕਿਉ ਮੁਰਗੀ ਮਾਰੈ॥ ਪੰਨਾ - 1350***

ਬਾਣੀ ਵਿਚ ਫੁਰਮਾਨ ਹੈ ਕਿ ਜਦੋਂ ਯੱਗ ਕਰਨ ਸਮੇਂ ਜੀਵਾਂ ਦੀ ਕੁਰਬਾਨੀ ਦਿਤੀ ਜਾਂਦੀ ਹੈ, ਦਇਆ ਦਾ ਕੰਮ ਤਾਂ ਇਹ ਨਾ ਹੋਇਆ। ਬਲੀ ਦਿਵਾਉਣ ਵਾਲਾ ਸ੍ਰੇਸ਼ਟ ਪੁਰਸ਼, ਕਸਾਈਆਂ ਦੇ ਕੰਮ ਕਰਕੇ ਮੁਨਵਰ ਕਹਾਉਂਦਾ ਹੈ, ਸ੍ਰੇਸ਼ਟ ਮੁਨੀ ਕਿਹਾ ਜਾਂਦਾ ਹੈ ਪਰ ਮੁਨਵਰ ਦਾ ਕੰਮ ਇਹ ਨਹੀਂ ਹੈ; ਜੇ ਭਲਾ ਇਹ ਬਲੀ ਦੇਣਾ ਸ੍ਰੇਸ਼ਟ ਮੁਨੀਆਂ, ਅਚਾਰੀਆ, ਪਰੋਹਤਾਂ ਦਾ ਕੰਮ ਹੈ, ਫਿਰ ਕਸਾਈ ਕਿਸ ਦਾ ਨਾਮ ਹੋਇਆ?

***ਜੀਅ ਬਧਹੁ ਸੁ ਧਰਮੁ ਕਰਿ ਥਾਪਹੁ***
***ਅਧਰਮੁ ਕਹਹੁ ਕਤ ਭਾਈ॥***
***ਆਪਸ ਕਉ ਮੁਨਿਵਰ ਕਰਿ ਥਾਪਹੁ***
***ਕਾ ਕਉ ਕਹਹੁ ਕਸਾਈ॥ ਪੰਨਾ - 1103***

***ਤੀਜੀ ਮਾਰਨ ਜੀਵਨ ਕੇਰੀ।***
***ਤਯਾਗੈ ਇਨ ਕੋ ਹ੍ਵੈ ਬਿਨ ਦੇਰੀ॥***

***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 530***

2. ਦੂਸਰਾ ਯਮ **'ਸੱਚ ਬੋਲਣਾ'** ਹੈ। ਕਦੇ ਭੀ ਝੂਠ ਨਾ ਬੋਲੇ। ਮਹਾਂਭਾਰਤ ਦੇ ਯੁੱਧ ਦਾ ਇਕ ਜ਼ਿਕਰ ਹੈ ਕਿ ਪਾਂਡਵਾਂ ਦਾ ਰਾਜਾ ਯੁਧਿਸ਼ਟਰ ਸਤਿਵਾਦੀ ਸੀ, ਕਦੇ ਝੂਠ ਨਹੀਂ ਸੀ ਬੋਲਦਾ। ਜਦੋਂ ਦਰੋਣਾਚਾਰੀਆ ਅਰਜਨ ਨਾਲ ਯੁੱਧ ਕਰ ਰਿਹਾ ਸੀ ਤਾਂ ਇਸ ਨੂੰ ਕਿਹਾ ਗਿਆ ਕਿ ਤੂੰ ਕਹਿ ਦੇ 'ਅਸੋਸਥਾਮਾ ਹਤੋ' ਪਰ ਇਹ ਕਹਿਣ ਲਈ ਤਿਆਰ ਨਹੀਂ ਸੀ। ਜਦੋਂ ਤੀਕਰ ਦਰੋਣਾਚਾਰੀਆ ਆਪਣੇ ਪੁੱਤਰ ਦੇ ਮਰਣ ਦੀ ਖਬਰ ਨਹੀਂ ਸੁਣਦਾ, ਉਹ ਬੇਦਿਲ ਨਹੀਂ ਕੀਤਾ ਜਾ ਸਕਦਾ ਅਤੇ ਅਰਜਨ ਦਾ ਬੱਧ ਹੋ ਜਾਣਾ ਸੁਭਾਵਿਕ ਸੀ। ਉਸ ਵੇਲੇ ਲਸ਼ਕਰ ਵਿਚ ਇਕ ਹਾਥੀ ਇਸੇ ਨਾਮ ਦਾ ਸੀ, ਉਸ ਨੂੰ ਮਾਰ ਦਿਤਾ ਗਿਆ ਅਤੇ ਘੋਸ਼ਣਾ ਕਰ ਦਿਤੀ ਗਈ 'ਅਸੋਸਥਾਮਾ ਹਤੋ ਨਰੋ ਵ ਕੁੰਚਰੋ'। ਜਦੋਂ ਘੋਸ਼ਣਾ ਹਤੋ ਤਕ ਪਹੁੰਚੀ, ਨਰੋ ਅੱਖਰ ਤਾਂ ਸੁਣਨ ਦਿਤਾ ਗਿਆ ਪਰ 'ਕੁੰਚਰੋ' ਵੇਲੇ ਢੋਲ ਵਜਾ ਦਿਤੇ ਜਿਸਨੂੰ ਸੁਣਨ ਕਰਕੇ ਦਰੋਣਾਚਾਰੀਆ ਨੇ ਸ਼ਸ਼ਤਰ ਰੱਖ ਦਿਤੇ ਅਤੇ ਉਸ ਦਾ ਬੱਧ ਹੋ ਗਿਆ।

ਫੁਰਮਾਨ ਹੈ ਕਿ ਝੂਠ ਨਹੀਂ ਬੋਲਣਾ ਚਾਹੀਦਾ, ਇਹ ਇਕ ਛਲ ਕਰਮ ਹੋਇਆ ਕਰਦਾ ਹੈ।

***ਮਿਥਿਆ ਨਾਹੀ ਰਸਨਾ ਪਰਸ॥***
***ਮਨ ਮਹਿ ਪ੍ਰੀਤਿ ਨਿਰੰਜਨ ਦਰਸ॥ ਪੰਨਾ - 274***

***ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ॥***
***ਝੂਠੇ ਵਿਚਿ ਅਹੰਕਰਣੁ ਹੈ ਖਸਮ ਨ ਪਾਵੈ ਸਾਦੁ॥***

***ਪੰਨਾ - 1343***

***ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥***
***ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ॥ ਪੰਨਾ - 488***

ਦੂਸਰਾ ਯਮ 'ਸੱਚ ਬੋਲਣਾ' ਹੈ -

***ਦੁਤੀਯੇ ਸਚ ਉਚਰਨ ਨਿਰਬਹੈ।***
***ਕਬਹੂੰ ਕੂਰ ਨ ਕਿਹ ਬਿਧਿ ਕਹੈ।***

***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 530***

3. ਤੀਸਰਾ ਹੈ **'ਅਚੋਰੀ'** - ਚੋਰੀ ਨ ਕਰਨੀ। ਚੋਰੀ ਕਈ ਪ੍ਰਕਾਰ ਦੀ ਹੈ -

(i) ਕਿਸੇ ਦੂਜੇ ਦੇ ਬਸਤਰ, ਧਨ, ਮਾਇਆ ਆਦਿ ਚੋਰੀ ਕਰ ਲੈਣੇ ਇਹ ਸਰੀਰ ਦੀ ਚੋਰੀ ਕਹਾਉਂਦੀ ਹੈ।

(ii) ਬਚਨਾਂ ਦੀ ਚੋਰੀ - ਦੂਸਰੇ ਦੇ ਕੀਤੇ ਹੋਏ ਬਚਨ ਚੋਰੀ ਕਰਕੇ ਆਪਣੇ ਬਚਨ ਬਣਾ ਕੇ ਦੱਸਣੇ। ਕਈ ਪ੍ਰੇਮੀ ਕੀਰਤਨ, ਵਿਖਿਆਨ ਕਰਨ ਵੇਲੇ ਮਹਾਂਪੁਰਸ਼ਾਂ ਦੇ ਤਤੂ ਅਨੁਭਵੀ ਬਚਨ ਕੰਠ ਕਰਕੇ ਆਪਣੇ ਬਣਾ ਕੇ ਸਰੋਤਿਆਂ ਤੋਂ ਪ੍ਰਸੰਸਾ ਕਰਾਉਂਦੇ ਹਨ ਇਹ ਬਚਨਾਂ ਦੀ ਚੋਰੀ ਹੈ, ਇਵੇਂ ਹੀ ਕਵਿਤਾ ਚੋਰ, ਲੇਖ ਚੋਰ ਹੋਇਆ ਕਰਦੇ ਹਨ।

(iii) ਕਿਸੇ ਇਸਤ੍ਰੀ ਦੇ ਰੂਪ ਨੂੰ ਚੋਰ ਨੇਤਰਾਂ ਨਾਲ

ਤੱਕਣਾ, ਨੇਤਰਾਂ ਦੀ ਚੋਰੀ ਹੋਇਆ ਕਰਦੀ ਹੈ। ਕਿਸੇ ਦੀ ਗੁਪਤ ਗੱਲ ਜਾਨਣ ਸੁਣਨ ਦੀ ਕੋਸ਼ਿਸ਼ ਕਰਨੀ, ਕੰਨਾਂ ਦੀ ਚੋਰੀ ਹੈ। ਗੁਰੂ ਘਰ ਵਿਚ ਚੋਰ ਨੂੰ ਚੰਗਾ ਨਹੀਂ ਕਿਹਾ ਗਿਆ।

*ਚੋਰ ਕੀ ਹਾਮਾ ਭਰੇ ਨ ਕੋਇ॥*
*ਚੋਰ ਕੀਆ ਚੰਗਾ ਕਿਉ ਹੋਇ॥* **ਪੰਨਾ - 662**

*ਚੋਰੁ ਸੁਆਲਿਉ ਚੋਰੁ ਸਿਆਣਾ॥*
*ਖੋਟੇ ਕਾ ਮੁਲੁ ਏਕੁ ਦੁਗਾਣਾ॥* **ਪੰਨਾ - 662**

(iv) ਪ੍ਰਮੇਸ਼ਰ ਦੇ ਚੋਰ -

*ਸੇ ਹਰਿ ਕੇ ਚੋਰ ਵੇਮੁਖ ਮੁਖ ਕਾਲੇ*
*ਜਨ ਗੁਰ ਕੀ ਪੈਜ ਨ ਭਾਇ॥* **ਪੰਨਾ - 881**

ਐਸਾ ਮਹਾਂਪੁਰਸ਼ਾਂ ਦਾ ਵੀਚਾਰ ਹੈ ਕਿ ਇਹ ਜੀਵ ਆਪਣੇ 24 ਘੰਟੇ ਦੇ ਸਮੇਂ ਵਿਚੋਂ ਦਸਵੰਧ ਦੇ ਸੁਆਸ ਪ੍ਰਮੇਸ਼ਰ ਦੀ ਯਾਦ ਵਿਚ ਬਿਤਾਉਣ ਦਾ ਬਚਨਬੱਧ ਹੈ ਜਿਸ ਕਰਕੇ 24000 ਹਜ਼ਾਰ ਹਰ ਰੋਜ਼ ਲਏ ਜਾਣ ਵਾਲੇ ਸੁਆਸਾਂ ਵਿਚ 2400 ਸੁਆਸ ਪ੍ਰਮੇਸ਼ਰ ਦੀ ਯਾਦ ਵਿਚ ਲਾਉਣ ਦਾ ਵਿਧਾਨ ਹੈ ਪਰ ਇਹ ਜੀਵ ਪ੍ਰਮੇਸ਼ਵਰ ਨਮਿਤ ਥਾਪੇ ਸੁਆਸਾਂ ਨੂੰ ਭੀ ਆਪਣੇ ਹੀ ਕਾਰੋਬਾਰਾਂ, ਚਿਤਵਨੀਆਂ ਤੇ ਖਰਚ ਕਰਦਾ ਹੈ। ਇਸ ਕਰਕੇ ਇਹ ਪ੍ਰਮੇਸ਼ਵਰ ਦੇ ਨਮਿਤ ਦਿਤੇ ਸਮੇਂ ਦੀ ਚੋਰੀ ਕਰਦਾ ਹੈ-

*ਤੇ ਤਸਕਰ ਜੋ ਨਾਮੁ ਨ ਲੇਵਹਿ ਵਾਸਹਿ ਕੋਟ ਪੰਚਾਸਾ॥*
**ਪੰਨਾ - 1328**

*ਭਉਜਲ ਤਾਰਣਹਾਰੁ ਸਬਦਿ ਪਛਾਣੀਐ॥*
*ਚੋਰ ਜਾਰ ਜੂਆਰ ਪੀੜੇ ਘਾਣੀਐ॥* **ਪੰਨਾ - 1288**

(v) ਮਨ ਦੀ ਚੋਰੀ - ਪਾਪ ਕਰਕੇ ਅਨਿਕ ਵਿਧੀ ਸਹਿਤ ਛੁਪਾ ਕੇ ਆਪ ਪਾਪ ਰਹਿਤ ਹੋ ਕੇ ਹੀ ਆਪਣੇ ਆਪ ਨੂੰ ਸ੍ਰੇਸ਼ਟ ਜਣਾਉਣਾ ਮਨ ਦੀ ਚੋਰੀ ਕਹਾਉਂਦੀ ਹੈ।

*ਪਾਪ ਪੁਨ ਰਾਖਿ ਦੁਰਾਏ।*
*ਇਹ ਮਨ ਕੀ ਚੋਰੀ ਕਹਿਲਾਏ॥*
**ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 530**

4. **'ਬ੍ਰਹਮਚਰੀਆ'** - ਕਾਮ ਵਾਸ਼ਨਾਵਾਂ ਨੂੰ ਕਾਬੂ ਕਰਨਾ ਬ੍ਰਹਮਚਰੀਯ ਕਿਹਾ ਜਾਂਦਾ ਹੈ। ਕ੍ਰੋਧ ਵਾਂਗੂੰ ਵਾਸ਼ਨਾ ਦਾ ਵੇਗ ਭੀ ਬਹੁਤ ਪ੍ਰਹਾਰੂ ਹੈ। ਵੱਡੀਆਂ ਸਾਧਨਾਵਾਂ ਵਾਲੇ, ਜੰਗਲਾਂ ਵਿਚ ਰਹਿਣ ਵਾਲੇ ਸਾਧਕ, ਗਿਆਨੀ ਧਿਆਨੀ, ਵਿਦਵਾਨ ਵੀ ਇਸ ਦੀ ਮਾਰ ਤੋਂ ਨਹੀਂ ਬਚ ਸਕਦੇ। ਇਹ ਜੀਵ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਦਾ ਮਾਇਆ ਦੇ ਦਿੱਤੇ ਪਾਹ ਵਾਲਾ ਸਰੀਰ (ਚੋਲਾ) ਪਹਿਨ ਕੇ ਹੀ ਸੰਸਾਰ ਵਿਚ ਵਿਚਰ ਰਿਹਾ ਹੈ -

*ਕਾਮ ਕ੍ਰੋਧ ਕਾ ਚੋਲੜਾ ਸਭ ਗਲਿ ਆਏ ਪਾਇ॥*
**ਪੰਨਾ - 1414**

ਕਾਮੀ ਪੁਰਸ਼ ਨੂੰ ਨਰਕ ਬਿਸਰਾਮੀ ਕਿਹਾ ਗਿਆ ਹੈ ਜੋ ਅਨੇਕ ਜੂਨੀਆਂ ਵਿਚ ਘੁੰਮ ਰਿਹਾ ਹੈ ਅਤੇ ਘੁੰਮਦਾ ਰਹੇਗਾ। ਕਾਮ ਦੀ ਦੁਰਵਰਤੋਂ ਜਪ ਤਪ ਸੀਲ ਦਾ ਨਾਸ਼ ਕਰ ਦਿੰਦੀ ਹੈ, ਕਾਮੀ ਦੀ ਕੋਈ ਮਰਿਆਦਾ ਨਹੀਂ ਹੁੰਦੀ। ਅਵਾਰਾ ਕੁੱਤੇ ਵਾਂਗੂੰ ਬੇਅਸੂਲਾ ਘੁੰਮਦਾ ਹਰ ਸਮੇਂ ਪਿੱਛੇ ਤਕਦਾ ਹੈ। ਇਸ ਕਾਮ ਸੁਖ ਨੂੰ ਇਕ ਕੱਚਾ ਸੁੱਖ, ਅਲਪ ਸੁਖ, ਛਿਨਭੰਗਰ ਸੁਖ ਕਿਹਾ ਗਿਆ ਹੈ ਜੋ ਅਸਲ ਵਿਚ ਇਕ ਮਹਾਨ ਦੁਖ ਆਉਣ ਦੀ ਚਿਤਾਵਨੀ ਦੇ ਰਿਹਾ ਹੈ। ਫੁਰਮਾਨ ਹੈ -

*ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ॥*
*ਚਿਤ ਹਰਣੰ ਤ੍ਰੈ ਲੋਕ ਗੰਮੰ ਜਪ ਤਪ ਸੀਲ ਬਿਦਾਰਣਹ॥*
*ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ॥*
*ਤਵ ਭੈ ਬਿਮੁੰਚਿਤ ਸਾਧ ਸੰਗਮ ਓਟ ਨਾਨਕ ਨਾਰਾਇਣਹ॥*
**ਪੰਨਾ - 1358**

ਕਾਇਆਂ ਦਾ ਵੈਰੀ ਹੈ, Aids ਵਰਗੀਆਂ ਬਿਮਾਰੀਆਂ ਤੇ ਹੋਰ ਗੁਪਤ ਰੋਗ ਲਗ ਕੇ ਕਾਇਆਂ ਗਾਲਣ ਲਈ ਸਭ ਤੋਂ ਤਾਕਤਸ਼ੀਲ ਮਸਾਲਾ ਹੈ -

*ਕਾਮੁ ਕ੍ਰੋਧੁ ਕਾਇਆ ਕਉ ਗਾਲੈ॥*
*ਜਿਉ ਕੰਚਨ ਸੋਹਾਗਾ ਢਾਲੈ॥* **ਪੰਨਾ - 932**

ਕਾਮੀ ਸਾਧਕ ਨੂੰ ਕਦੇ ਇਕਾਗਰਤਾ ਪ੍ਰਾਪਤ ਨਹੀਂ ਹੁੰਦੀ ਕਿਉਂਕਿ ਚਿੱਤ ਦੀ ਸੇਜਾ ਉਪਰ ਕਾਮ ਨਾਦ ਹੋ ਰਿਹਾ ਹੈ -

*ਪਾਪੀ ਹੀਐ ਮੈ ਕਾਮੁ ਬਸਾਇ॥*
*ਮਨੁ ਚੰਚਲੁ ਯਾ ਤੇ ਗਹਿਓ ਨ ਜਾਇ॥*
*ਜੋਗੀ ਜੰਗਮ ਅਰੁ ਸੰਨਿਆਸ॥*
*ਸਭ ਹੀ ਪਰਿ ਡਾਰੀ ਇਹ ਫਾਸ॥* **ਪੰਨਾ - 1186**

ਕਾਮ ਵਾਸ਼ਨਾ ਬੰਦਗੀ ਤੋਂ ਖਾਲੀ ਰੱਖ ਕੇ ਜਨਮ ਮਰਣ ਦੇ ਚੱਕਰ ਵਿਚ ਘੁਮੇਟਣੀਆਂ ਦਿਵਾਉਣ ਦੀ ਪੂਰੀ ਸਮਰਥਾ ਰਖਦੀ ਹੈ, ਮੌਤ ਨੂੰ ਭੁਲਾ ਕੇ ਰਖਦੀ ਹੈ -

*ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ॥*
*ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ॥*
*ਅੰਧੇ ਚੇਤਿ ਹਰਿ ਹਰਿ ਰਾਇਆ॥*
*ਤੇਰਾ ਸੋ ਦਿਨੁ ਨੇੜੈ ਆਇਆ॥* **ਪੰਨਾ - 403**

ਕਾਮ ਦਾ ਜਾਲ ਲੰਮਾ ਫੈਲਿਆ ਹੋਇਆ ਹੈ ਇਸ ਦੇ ਬੇਅੰਤ ਰੂਪ ਹਨ -

*ਪ੍ਰਿਥਮੈ ਤ੍ਰਿਯ ਕੀ ਬਾਤੈਂ ਕਰਨੀ।*
*ਦੂਜੇ ਸੁਨਿ ਸੁਨਿ ਮਨ ਮਹਿੰ ਧਰਨੀ।*
*ਤੀਜੈ ਤਿਯ ਇਕਾਂਤ ਮਿਲ ਬੈਸਨ।*
*ਚੌਥੇ ਹੋਵਤਿ ਅੰਗ ਸਪਰਸ਼ਨ।*
*ਪੰਚਮ ਹਿਤ ਕਰਿ ਦੇਖੈ ਤਿਯ ਕੋ।*
*ਛਠੇ ਅਲਿੰਗਨ ਕਰੈ ਹੀਯ ਸੋਂ।*
*ਸਪਤ ਚਿਤਵਨੋ ਮਨ ਮਹਿੰ ਨਾਰੀ।*
*ਅਸ਼ਟਮ ਭੋਗ ਕਰਨ ਬਿਧਿਸਾਰੀ।*
*ਇਨ ਸਭਿਹਿਨਿ ਕੋ ਤਯਾਗੇ ਜੇਈ।*
*ਬ੍ਰਹਮਚਰਜ ਧਾਰਤਿ ਹੈਂ ਤੇਈ।*
**ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 530-31**

ਗੁਰਮਤਿ ਅਨੁਸਾਰ ਬ੍ਰਹਮਚਰਜ ਵਿਧਾਨ ਹੈ, ਆਪਣੀ ਨਾਰੀ ਤੋਂ ਬਿਨਾਂ ਕਾਮੁਕ ਦ੍ਰਿਸ਼ਟੀ ਨਾਲ ਹੋਰ ਇਸਤ੍ਰੀ ਨੂੰ ਵੇਖਣ ਦੀ ਸਖਤ ਮਨਾਹੀ ਹੈ। ਭਾਵੇਂ ਪੰਜੇ ਚੋਰ ਸਰੀਰ ਵਿਚ ਵਸਦੇ ਹਨ, ਖਤਰਨਾਕ ਚੋਰ ਹਨ ਪਰ ਮਨੁੱਖ ਦੀ ਜੀਵ-ਆਤਮਾ

ਇਨ੍ਹਾਂ ਚੋਰਾਂ ਅਧੀਨ ਹੋਣ ਦੀ ਥਾਂ ਇਨ੍ਹਾਂ ਚੋਰਾਂ ਉਤੇ ਪੂਰਾ ਨਿਅੰਤਰਣ ਰੱਖੇ, ਇਨ੍ਹਾਂ ਚੋਰਾਂ ਦੇ ਗੁਣ ਪੱਖ ਨੂੰ ਉਭਾਰ ਕੇ ਸੰਜਮ ਤੋਂ ਕੰਮ ਲਵੇ।

ਮੋਹ ਤੋਂ ਪਿਆਰ, ਕਾਮ ਤੋਂ ਅੰਦਰਲਾ ਨਾਮ ਰਸ, ਲੋਭ ਤੋਂ ਨਾਮ ਧਨ ਇਕੱਠਾ ਕਰਨ ਦੀ ਪੂਰਨ ਲਾਲਸਾ, ਕ੍ਰੋਧ ਤੋਂ ਸੰਜਮੀ ਮਰਿਆਦਾ, ਅਹੰਕਾਰ ਤੋਂ ਆਪਣੇ ਬ੍ਰਹਮ ਸਰੂਪ ਦਾ ਅਧਿਆਸ ਧਾਰਨ ਕਰੇ, ਫਿਰ ਇਹ ਚੋਰ, ਚੋਰ ਨਹੀਂ ਰਹਿੰਦੇ, ਮਿਤ੍ਰ ਬਣ ਕੇ ਸਹਾਇਤਾ ਕਰਦੇ ਹਨ।

ਗੁਰਮਤਿ ਅਨੁਸਾਰ ***'ਏਕਾ ਨਾਰੀ ਜਤੀ ਹੋਇ'*** ਦਾ ਵਿਧਾਨ ਹੈ ਪਰ ਇਹ ਭੀ ਸੰਜਮ ਵਿਚ ਰਹਿ ਕੇ ਹੀ। ਵਾਸ਼ਨਾ ਦੇ ਵੇਗ ਵਿਚ ਰੁੜ੍ਹਨ ਦੀ ਗ੍ਰਹਿਸਤੀ ਜੀਵਨ ਵਿਚ ਮਨਾਹੀ ਹੈ ਭਾਵੇਂ ਗ੍ਰਹਿਸਤੀ ਹੀ ਹੈ। ਸ਼ਾਸ਼ਤਰਾਂ ਅਨੁਸਾਰ ਰਿਤੂ ਆਉਣ ਉਪਰੰਤ ਸੰਤਾਨ ਉਤਪਤੀ ਲਈ ਹੀ, ਇਸ ਜਜ਼ਬੇ ਦੀ ਉਤਪਤੀ ਨਿੰਦਨੀਯ ਨਹੀਂ ਹੈ। ਨਹੀਂ ਤਾਂ ਇਹ ਕਾਮ ਇਕ ਰੋਗ ਹੈ ਜੋ ਸਰੀਰ ਦੀਆਂ, ਮਾਨਸਿਕ ਸ਼ਕਤੀਆਂ ਦਾ ਵਿਨਾਸ਼ ਹੀ ਕਰਦਾ ਹੈ। ਉਚ ਦ੍ਰਿਸ਼ਟੀ ਰਖਦਿਆਂ ਸੰਸਾਰੀ ਕਾਰਜ ਨਿਭਾਉਣੇ ਹਨ, ਅੱਜਕਲ੍ਹ ਦੇ ਵਾਤਾਵਰਣ ਵਿਚ ਇਸਤ੍ਰੀ ਪੁਰਸ਼ ਇਕੱਠੇ ਕੰਮ ਕਰਦੇ ਹਨ, ਇਕੱਠੇ ਸਫਰ ਕਰਦੇ ਹਨ। ਲੋੜ ਹੈ ਇਕ ਦੂਜੇ ਨੂੰ ਸਮਝਣ ਦੀ। ਇਕ ਦੂਜੇ ਦੇ ਨਿਜੀ ਅਧਿਕਾਰ ਖੇਤਰ ਦੀ ਪਛਾਣ ਕਰਨ ਦੀ। ਇਸਤ੍ਰੀ ਪੁਰਸ਼ ਦਾ ਮਿਲਣ ਅਤੇ ਉਸ ਨੂੰ ਸੰਜਮੀ ਮਰਿਆਦਾ ਵਿਚ ਰੱਖਣਾ ਇਹ ਉਚ ਕਰਤੱਵ ਹੈ। ਉਪਰ ਦੱਸੇ ਬ੍ਰਹਮਚਰੀਆ ਦੇ ਅੱਠਾਂ ਅੰਗਾਂ ਦੀ ਪਾਲਣਾ ਕਰਨਾ ਮਾਨਸਿਕ ਉਚਤਾ, ਦ੍ਰਿੜ੍ਹਤਾ ਦੀ ਲੋੜ ਹੈ।

ਵਾਹਿਗੁਰੂ ਜੀ ਘਟ-ਘਟ ਵਿਚ ਬਿਰਾਜਮਾਨ ਹਨ। ਇਸ ਪ੍ਰਮ ਜੋਤੀ ਨੂੰ ਆਪਣੇ ਅੰਦਰ ਰਮਿਆ ਅਨੁਭਵ ਕਰਕੇ ਸੰਸਾਰ ਦੇ ਕਾਰਜ ਕਰਦਿਆਂ ਉਪਰ ਕਹੇ ਕਾਮ ਦੇ ਅੱਠ ਅੰਗਾਂ ਤੋਂ ਬਚਿਆ ਜਾ ਸਕਦਾ ਹੈ। ਕੇਵਲ ਆਪਣੀ ਇਸਤ੍ਰੀ ਤੋਂ ਬਿਨਾਂ ਇਸਤ੍ਰੀ ਵਰਗ ਭੈਣਾਂ, ਮਾਵਾਂ ਤੇ ਧੀਆਂ ਹਨ, ਉਨ੍ਹਾਂ ਵਿਚ ਬ੍ਰਹਮਦ੍ਰਿਸ਼ਟੀ ਰੱਖ ਕੇ ਪੂਰਨ ਬ੍ਰਹਮਚਰੀਆ ਦੀ ਪ੍ਰਾਪਤੀ ਹੁੰਦੀ ਹੈ। ਕੁਦਰਤੀ ਅਸੂਲਾਂ ਦੀ ਵਿਰੋਧਤਾ ਕਰਨੀ ਠੀਕ ਨਹੀਂ ਹੈ ਕਿਉਂਕਿ -

***ਪੁਤਰ ਨਿਸ਼ਾਨ ਹੈ, ਇਸਤ੍ਰੀ ਈਮਾਨ ਹੈ, ਧਨ ਗੁਜ਼ਰਾਨ ਹੈ।***

ਮਨ ਵਿਚ ਤਾਂ ਕਾਮੁਕ ਭਾਵ ਹੋਣ, ਬਾਹਰੋਂ ਪਾਬੰਦੀਆਂ ਲੱਗੀਆਂ ਹੋਈਆਂ ਹੋਣ, ਇਹ ਮਨ ਦੀ ਅਤਿ ਨਿਰਬਲ ਹਾਲਤ ਹੈ। ਪਹਿਲਾਂ ਪੰਜਾਂ ਤੱਤਾਂ ਦੇ ਪੁਤਲੇ ਨੂੰ ਸਮਝਣਾ ਪੈਂਦਾ ਹੈ। ਸਰੀਰ ਤਕਰੀਬਨ ਇਕ ਪੱਖ ਤੋਂ, ਨਿਖੇਧੀ ਵਾਲੇ ਪੱਖ ਤੋਂ ਇਕ ਕੂੜੇ ਕਰਕਟ ਦਾ ਥੈਲਾ ਹੈ। ਵਿਸ਼ਟਾ, ਅਸਤਿ, ਰਕਤ, ਚੰਮ ਦੀ ਸੋਹਣੀ ਗੰਢ ਹੈ ਇਸ ਨੂੰ ਇਸੇ ਪੱਖ ਤੋਂ ਵੇਖੇ, ਪਰ ਅਸਲੀ ਨਿਸ਼ਚਾ ਵਿਚ ਵਸਦੀ ਅਨੂਪ ਜੋਤ ਤੇ ਰੱਖੇ। ਜਦੋਂ ਸਭਨਾਂ ਘਟਾਂ ਵਿਚ ਮੇਰਾ ਪਿਆਰਾ ਵਸਦਾ ਹੈ ਤਾਂ ਮੇਰੇ ਅੰਦਰ ਦੁਜਾਇਗੀ ਕਿਉਂ ਉਠੇ। ਇਸਤ੍ਰੀ ਪੁਰਸ਼ ਵੱਖ-ਵੱਖ ਗੁਣਾਂ ਵਾਲੇ ਪੰਜਾਂ ਤੱਤਾਂ ਦੇ ਸਰੀਰ ਹਨ ਪਰ ਜੋਤ (ਆਤਮਾ) ਸਭ ਵਿਚ ਇਕੋ ਹੀ ਹੈ। ਇਹ ਦ੍ਰਿਸ਼ਟੀ ਗੁਰਮਤਿ ਅਨੁਸਾਰ ਹੈ।

ਦੂਰੇ ਦੂਰੇ ਕਰਨਾ ਮਾਨਸਿਕ ਕਮਜ਼ੋਰੀ ਹੈ। ਇਸ ਤਰ੍ਹਾਂ ਸੁਚੇਤ ਹੋ ਕੇ ਧਾਰਿਆ ਹੋਇਆ ਬ੍ਰਹਮਚਰੀਆ ਹੀ ਰੂਹਾਨੀ ਮੰਜ਼ਲ ਵਿਚ ਸਹਾਇਕ ਹੈ। ਹੋਰ ਤਰ੍ਹਾਂ ਤਾਂ ਇਕ ਲਗਾਤਾਰੀ ਸੰਗ੍ਰਾਮ ਹੈ ਜਿਸ ਵਿਚ ਕਮਜ਼ੋਰ ਪੁਰਸ਼ ਸਦਾ ਹੀ ਉਲਝੇ ਰਹਿੰਦੇ ਹਨ। ਇਸਤ੍ਰੀ ਜਾਤੀ ਨੂੰ ਮਨੁੱਖ ਵਲੋਂ ਨਫਰਤ ਜਾਂ ਇਸਤ੍ਰੀ ਵਲੋਂ ਮਨੁੱਖ ਜਾਤੀ ਨੂੰ ਹੀਣ ਭਾਵ ਨਾਲ ਤੱਕਣਾ ਅਗਿਆਨ ਦਾ ਪ੍ਰਗਟਾਵਾ ਹੈ। ਇਸਤ੍ਰੀ ਪੁਰਸ਼ ਨਾਰੀ-ਨਰ ਸਰੀਰ ਹਨ। ਇਹ ਮਰਿਆਦਾ, ਸੰਜਮ ਵਿਚ ਰਹਿੰਦਿਆਂ ਸੰਸਾਰ ਦੀ ਯਾਤਰਾ ਪੂਰੀ ਕਰਨੀ ਹੈ।

***ਨੀਚੇ ਲੋਇਨ ਕਰਿ ਰਹਉ ਲੇ ਸਾਜਨ ਘਟ ਮਾਹਿ॥***
***ਸਭ ਰਸ ਖੇਲਉ ਪੀਅ ਸਉ ਕਿਸੀ ਲਖਾਵਉ ਨਾਹਿ॥***
***ਆਠ ਜਾਮ ਚਉਸਠਿ ਘਰੀ ਤੁਅ ਨਿਰਖਤ ਰਹੈ ਜੀਉ॥***
***ਨੀਚੇ ਲੋਇਨ ਕਿਉ ਕਰਉ ਸਭ ਘਟ ਦੇਖਉ ਪੀਉ॥***
***ਪੰਨਾ - 1377***

ਆਪਣੀਆਂ ਬਿਰਤੀਆਂ ਨੂੰ ਪੂਰੇ ਸੰਜਮ ਵਿਚ ਰਖਣਾ, ਆਪ ਗਿਆਨ ਇੰਦ੍ਰਿਆਂ, ਕਰਮ ਇੰਦ੍ਰਿਆਂ ਨੂੰ, ਮਨ ਨੂੰ, ਬੁੱਧੀ ਨੂੰ ਸੰਜਮ ਵਿਚ ਰੱਖਣਾ ਪੂਰਾ ਬ੍ਰਹਮਚਰੀਆ ਹੁੰਦਾ ਹੈ।

ਬ੍ਰਹਮ ਵਿਚ ਹਰ ਸਮੇਂ ਲੀਨ ਰਹਿਣ ਵਾਲਾ ਪੁਰਸ਼ ਹੀ ਬ੍ਰਹਮਚਰੀਆ ਧਾਰਨ ਕਰ ਸਕਦਾ ਹੈ। ਕੇਵਲ ਕਾਮ ਇੰਦ੍ਰੇ ਨੂੰ ਜ਼ਬਰਦਸਤੀ ਕਮਜ਼ੋਰ ਕਰਕੇ ਵਾਸ਼ਨਾਵਾਂ ਤੇ ਕਾਬੂ ਨਹੀਂ ਪਿਆ ਕਰਦਾ।

***ਮਿਥਿਆ ਨਾਹੀ ਰਸਨਾ ਪਰਸ॥***
***ਮਨ ਮਹਿ ਪ੍ਰੀਤਿ ਨਿਰੰਜਨ ਦਰਸ॥***
***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥***
***ਸਾਧ ਕੀ ਟਹਲ ਸੰਤਸੰਗਿ ਹੇਤ॥***
***ਕਰਨ ਨ ਸੁਨੈ ਕਾਹੂ ਕੀ ਨਿੰਦਾ॥***
***ਸਭ ਤੇ ਜਾਨੈ ਆਪਸ ਕਉ ਮੰਦਾ॥***
***ਗੁਰਪ੍ਰਸਾਦਿ ਬਿਖਿਆ ਪਰਹਰੈ॥***
***ਮਨ ਕੀ ਬਾਸਨਾ ਮਨ ਤੇ ਟਰੈ॥***
***ਇੰਦ੍ਰੀ ਜਿਤ ਪੰਚ ਦੋਖ ਤੇ ਰਹਤ॥***
***ਨਾਨਕ ਕੋਟਿ ਮਧੇ ਕੋ ਐਸਾ ਅਪਰਸ॥ ਪੰਨਾ - 274***

ਇਸ ਲਈ ਬ੍ਰਹਮਚਰੀਆ ਪੂਰਨ ਰੂਪ ਵਿਚ ਤਾਂ ਹੀ ਧਾਰਨ ਕੀਤਾ ਜਾ ਸਕਦਾ ਹੈ ਜੇ ਆਪਣੀਆਂ ਕਰਮ ਇੰਦ੍ਰੀਆਂ ਗਿਆਨ ਇੰਦ੍ਰੀਆਂ, ਮਨ ਤੇ ਬੁੱਧੀ ਵਿਚ ਪ੍ਰਮੇਸ਼ਵਰ ਪ੍ਰਾਪਤੀ ਦੀ ਪੂਰਨ ਲਗਨ ਹੋਵੇ ਅਤੇ ਬ੍ਰਹਮ ਪ੍ਰਾਪਤੀ ਦੀ ਦ੍ਰਿੜ੍ਹ ਜਗਿਆਸਾ ਹੋਵੇ।

5. ਪੰਜਵਾਂ ਯਮ ਹੋਇਆ ਕਰਦਾ ਹੈ **'ਧੀਰਜ ਕਰਨਾ'** - ਰੂਹਾਨੀ ਪ੍ਰਾਪਤੀ ਲਈ ਧੀਰਜ ਦੀ ਬਹੁਤ ਹੀ ਲੋੜ ਹੈ ਕਿਉਂਕਿ ਜੀਵਨ ਦੀ ਚਾਲ ਕਦੇ ਸਮਾਨ ਨਹੀਂ ਰਿਹਾ ਕਰਦੀ। ਜੀਵਨ ਦੀ ਚਾਲ ਵਿਚ ਕਦੇ ਦੁਖਾਂ ਦੇ ਪਹਾੜ ਟੁਟਦੇ ਹਨ, ਕਦੇ ਬੇਅੰਤ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ, ਕਿਤੇ ਸੰਪਤੀ ਦਾ ਨਾਸ਼ ਹੁੰਦਾ ਹੈ, ਕਿਤੇ ਕੋਈ ਬੀਮਾਰੀ ਆ ਜਾਂਦੀ ਹੈ, ਕਿਤੇ ਖੁਸ਼ਹਾਲੀਆਂ ਆ ਜਾਂਦੀਆਂ ਹਨ, ਕਿਤੇ ਗਰਮੀ, ਕਿਤੇ ਸਰਦੀ ਨਾਲ ਵਾਹ ਪੈਂਦਾ ਹੈ, ਕਿਤੇ ਨਾ ਮੁਆਫਕ ਹਾਲਾਤ ਬਣ ਜਾਂਦੇ ਹਨ, ਕਿਤੇ ਬਹੁਤ ਸੁਹਾਵਣੇ ਹਾਲਾਤ ਹੁੰਦੇ ਹਨ। ਸੋ

ਇਨ੍ਹਾਂ ਦੁਖ ਸੁਖ, ਹਾਣ-ਲਾਭ, ਨਿੰਦਾ-ਉਸਤਤ, ਮਾਨ-ਅਪਮਾਨ ਵਿਚ ਆਪਣੇ ਆਪ ਨੂੰ ਧੀਰਜ ਵਿਚ ਰੱਖਣਾ ਰੂਹਾਨੀ ਪ੍ਰਾਪਤੀ ਦਾ ਇਕ ਬਹੁਤ ਹੀ ਵੱਡਾ ਗੁਣ ਹੈ ਜਿਵੇਂ ਧਰਤੀ ਨੂੰ ਕੋਈ ਚੰਦਨ ਦਾ ਲੇਪ ਕਰਦਾ ਹੈ, ਕੋਈ ਤੋੜਦਾ ਹੈ, ਕੋਈ ਸੰਵਾਰਦਾ ਹੈ, ਕੋਈ ਵਿਗਾੜਦਾ ਹੈ, ਇਸੇ ਤਰ੍ਹਾਂ ਨਾਲ ਜਗਿਆਸੂ ਦਾ ਹਿਰਦਾ ਦੋਹਾਂ ਹਾਲਤਾਂ ਵਿਚ ਧੀਰਜ ਰੱਖਣ ਲਈ ਤਤਪਰ ਹੋਣਾ ਚਾਹੀਦਾ ਹੈ। ਬਿਪਤਾ ਆਉਣ ਤੇ ਘਬਰਾਉਣਾ ਨਹੀਂ ਚਾਹੀਦਾ, ਸੁਖ ਆਉਣ ਤੇ ਬਹੁਤ ਉਛਲਣਾ ਨਹੀਂ ਚਾਹੀਦਾ। ਬਗੈਰ ਸੋਚੇ ਸਮਝੇ ਕੋਈ ਕੰਮ ਐਸਾ ਨਾ ਕਰੋ ਜਿਸ ਨੂੰ ਕਰਨ ਪਿਛੋਂ ਪਛਤਾਉਣਾ ਪਵੇ।

***ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥***
***ਪੰਨਾ - 918***

ਇਸ ਉਪਰ ਇਕ ਐਸੀ ਕਥਾ ਆਉਂਦੀ ਹੈ ਜੋ ਬਹੁਤ ਹੀ ਮਾਰਗ ਦਰਸ਼ਨ ਕਰਦੀ ਹੈ। ਭਾਰਤ ਵਰਸ਼ ਵਿਚ ਇਕ ਭੋਜ ਨਾਮ ਦਾ ਰਾਜਾ ਹੋਇਆ ਕਰਦਾ ਸੀ। ਉਸ ਦੇ ਦਰਬਾਰ ਵਿਚ ਨੌਂ ਰਤਨ ਸਨ। ਦੂਰ-ਦੂਰ ਤੋਂ ਬਹੁਤ ਹੀ ਵੱਡੇ ਵੱਡੇ ਵਿਦਵਾਨ ਉਸ ਦੇ ਦਰਬਾਰ ਵਿਚ ਸ਼ਸ਼ੋਭਤ ਹੋਇਆ ਕਰਦੇ ਸਨ। ਇਕ ਵਾਰੀ ਉਸ ਉਪਰ ਕਿਸੇ ਪੜੌਸੀ ਰਾਜੇ ਨੇ ਆਕਰਮਣ ਕਰ ਦਿਤਾ। ਰਾਜ ਦੀ ਹੱਦ ਬਹੁਤ ਨੇੜੇ ਸੀ, ਰਾਜਾ ਭੋਜ ਅਤੇ ਉਸ ਦਾ ਲੜਕਾ ਇਸ ਯੁੱਧ ਵਿਚ ਪੂਰਾ ਭਾਗ ਲੈ ਰਹੇ ਸਨ। ਬਹੁਤ ਸਮਾਂ ਯੁੱਧ ਤੋਂ ਪਿਛੋਂ ਅੱਜ ਉਸ ਆਕਰਮਣਕਾਰੀ ਰਾਜੇ ਦੀਆਂ ਫੌਜਾਂ ਕੁਝ ਕਮਜ਼ੋਰ ਦਿਖਾਈ ਦੇ ਰਹੀਆਂ ਸਨ ਅਤੇ ਆਪਣੀਆਂ ਪੋਜੀਸ਼ਨਾਂ ਛੱਡ ਕੇ ਪਿਛੇ ਹਟ ਰਹੀਆਂ ਸਨ। ਰਾਜਾ ਭੋਜ ਦੇ ਲੜਕੇ ਦੇ ਮਨ ਵਿਚ ਖਿਆਲ ਆਇਆ ਕਿ ਮੈਂ ਆਪਣੀ ਮਾਤਾ ਨੂੰ ਮਿਲ ਆਵਾਂ। ਉਹ ਥੋੜ੍ਹੇ ਸਮੇਂ ਪਿਛੋਂ ਯੁੱਧ ਭੂਮੀ 'ਚੋਂ ਮਾਤਾ ਨੂੰ ਮਿਲਣ ਲਈ ਘਰ ਆ ਗਿਆ। ਉਸ ਨੇ ਮਾਤਾ ਨੂੰ ਉਸਦੇ ਸੌਣ ਵਾਲੇ ਕਮਰੇ ਵਿਚ ਉਡੀਕਿਆ। ਮਾਤਾ ਕਿਸੇ ਕਾਰਜ ਵਿਚ ਰੁਝੀ ਹੋਈ ਸੀ। ਰਾਜਕੁਮਾਰ ਆ ਕੇ ਬਿਸਤਰ ਤੇ ਪੈ ਗਿਆ ਤੇ ਪੈਂਦੇ ਨੂੰ ਨੀਂਦ ਆ ਗਈ, ਦੁਸ਼ਾਲਾ ਇਸ ਨੇ ਮੂੰਹ ਉਪਰ ਓੜ ਲਿਆ। ਰਾਤ ਨੂੰ ਰਾਜਾ ਭੋਜ ਵੀ ਯੁੱਧ ਵਿਚੋਂ ਆ ਗਿਆ ਜਦੋਂ ਰਾਣੀ ਨੂੰ ਮਿਲਣ ਆਇਆ ਤਾਂ ਬੈਡਰੂਮ ਵਿਚ ਦੇਖਿਆ ਕਿ ਰਾਣੀ ਸੁੱਤੀ ਪਈ ਹੈ ਅਤੇ ਹੋਰ ਕੋਈ ਪਰਪੁਰਸ਼ ਵੀ ਉਸ ਦੇ ਪਲੰਘ ਉਪਰ ਸੁੱਤਾ ਪਿਆ ਹੈ, ਰਾਜਾ ਭੋਜ ਦੇਖਦੇ ਸਾਰ ਕ੍ਰੋਧ ਵਿਚ ਆ ਗਿਆ। ਉਸ ਨੇ ਇਕ ਦਮ ਇਰਾਦਾ ਬਣਾ ਲਿਆ ਕਿ ਮੈਂ ਦੋਹਾਂ ਨੂੰ ਕਤਲ ਕਰ ਦੇਣਾ ਹੈ। ਮੇਰੀ ਰਾਣੀ ਦਾ ਸਦਾਚਾਰ ਠੀਕ ਨਹੀਂ ਹੈ ਇਸ ਉਪਰ ਮੈਨੂੰ ਸ਼ੱਕ ਪੈਂਦਾ ਹੈ। ਬਹੁਤ ਹੀ ਸੋਝੀ ਵਾਲਾ ਵਜ਼ੀਰ ਰਾਜੇ ਦੇ ਨਾਲ ਸੀ, ਉਸ ਨੇ ਰਾਜੇ ਦੇ ਕ੍ਰੋਧ ਨੂੰ ਸ਼ਾਂਤ ਕਰਨ ਦਾ ਯਤਨ ਕੀਤਾ ਅਤੇ ਕਿਹਾ ਕਿ ਮਹਾਰਾਜ! ਧੀਰਜ ਰੱਖੋ। ਕਿਸੇ ਵਿਚ ਤਾਕਤ ਨਹੀਂ ਹੈ ਜੋ ਆਪ ਦੇ ਬੈਡਰੂਮ ਵਿਚ ਪੈਰ ਵੀ ਰੱਖ ਸਕੇ। ਰਾਣੀ ਐਨੀ ਸ਼ੁਸ਼ੀਲ ਤੇ ਸਚਿੱਤਰ ਚਰਿਤ੍ਰ ਵਾਲੀ ਹੈ ਕਿ ਇਸ ਤਰ੍ਹਾਂ ਉਸ ਦੇ ਬੈਡਰੂਮ ਵਿਚ ਕੋਈ ਪੁਰਸ਼ ਆ ਹੀ ਨਹੀਂ ਸਕਦਾ, ਨਾ ਹੀ ਉਹ ਅਜਿਹੀਆਂ ਨੀਚ ਭਾਵਨਾਵਾਂ ਵਿਚ ਨੀਵੀਂ ਜਾ ਸਕਦੀ ਹੈ। ਥੋੜ੍ਹਾ ਧੀਰਜ ਕਰੋ, ਵੈਸੇ ਤੁਸੀਂ ਮਾਲਕ ਹੋ। ਜੇ ਇਕ ਦਮ ਕਤਲ ਕਰ ਦਿਤੇ ਤਾਂ ਆਪ ਦਾ ਪੁਲਿਸ ਮਹਿਕਮਾ ਵੀ ਪੜਤਾਲ ਨਹੀਂ ਕਰ ਸਕੇਗਾ ਪਰ ਆਪਾਂ ਨੂੰ ਨਿਰਣਾ ਕਰਨਾ ਚਾਹੀਦਾ ਹੈ ਕਿ ਗੱਲ ਕੀ ਹੈ।

ਰਾਜਾ ਅੱਗੇ ਵਧਿਆ ਅਤੇ ਸੁੱਤੇ ਪਏ ਪੁਰਸ਼ ਦੇ ਮੂੰਹ ਤੋਂ ਦੁਸ਼ਾਲਾ ਲਾਹਿਆ ਤਾਂ ਹੈਰਾਨ ਹੋ ਗਿਆ ਕਿ ਇਹ ਤਾਂ ਮੇਰਾ ਆਪਣਾ ਹੀ ਪੁੱਤਰ ਹੈ। ਉਸ ਨੇ ਰਾਣੀ ਨੂੰ ਜਗਾਇਆ। ਉਹ ਰਾਜਾ ਭੋਜ ਨੂੰ ਦੇਖ ਕੇ ਹੈਰਾਨ ਹੋ ਗਈ ਕਿ ਮੇਰੇ ਬੈਡ ਉਪਰ ਕੌਣ ਆ ਕੇ ਸੌਂ ਗਿਆ। ਉਸ ਵੇਲੇ ਗੱਲ ਦਾ ਨਿਰਣਾ ਕਰਨ ਲਈ ਰਾਣੀ ਨੂੰ ਪੁਛਿਆ ਗਿਆ ਕਿ ਕੀ ਕਾਰਨ ਹੈ? ਉਸ ਨੇ ਕਿਹਾ ਕਿ ਮੈਂ ਅੱਜ ਬਹੁਤ ਪੂਜਾ ਪਾਠ ਵਿਚ ਰੁਝੀ ਹੋਈ ਸੀ, ਤੁਹਾਡੇ ਵਾਸਤੇ ਅਰਦਾਸਾਂ ਕਰ ਰਹੀ ਸੀ, ਵੱਡੀ ਰਾਤ ਹੋ ਗਈ ਸੀ ਤਾਂ ਮੈਂ ਜਦੋਂ ਆਈ ਤਾਂ ਇਹ ਪੁਰਸ਼ ਸੁੱਤਾ ਪਿਆ ਸੀ। ਮੈਂ ਸੋਚਿਆ ਕਿ ਆਪ ਪਏ ਹੋਂ। ਇਹ ਤਾਂ ਆਪ ਨੂੰ ਪਤਾ ਹੀ ਹੈ ਕਿ ਰਾਜਾ ਲੋਕਾਂ ਨੂੰ ਨੀਂਦ ਬਹੁਤ ਮੁਸ਼ਕਲ ਨਾਲ ਆਇਆ ਕਰਦੀ ਹੈ, ਇਸ ਖਿਆਲ ਨਾਲ ਮੈਂ ਮਲਕੜੇ ਜਿਹੇ ਆ ਕੇ ਪੈ ਗਈ ਅਤੇ ਮੈਂ ਤੁਹਾਨੂੰ ਜਗਾਉਣਾ ਠੀਕ ਨਹੀਂ ਸਮਝਿਆ। ਇਸ ਵਿਚ ਮੇਰਾ ਕੋਈ ਦੋਸ਼ ਨਹੀਂ ਹੈ। ਪਰ ਮੈਂ ਹੈਰਾਨ ਹਾਂ ਕਿ ਇਹ ਕੌਣ ਹੈ। ਵਜ਼ੀਰ ਨੇ ਲੜਕੇ ਨੂੰ ਜਗਾਇਆ, ਉਸ ਨੂੰ ਸਾਰੀ ਗੱਲ ਪੁੱਛੀ ਗਈ। ਉਸ ਨੇ ਕਿਹਾ ਕਿ ਪਿਤਾ ਜੀ! ਅੱਜ ਮੈਂ ਮਾਤਾ ਜੀ ਨੂੰ ਮਿਲਣ ਵਾਸਤੇ ਆਇਆ ਸੀ, ਇਹ ਆਪਣੇ ਕਮਰੇ ਵਿਚ ਨਹੀਂ ਸਨ, ਪੂਜਾ ਵਾਲੇ ਕਮਰੇ ਵਿਚ ਸਨ, ਮੈਂ ਬੈਡ ਉਪਰ ਪੈ ਗਿਆ, ਪੈਂਦੇ ਹੀ ਮੈਨੂੰ ਨੀਂਦ ਆ ਗਈ। ਇਸ ਤੋਂ ਪਿਛੋਂ ਮੈਨੂੰ ਕੋਈ ਪਤਾ ਨਹੀਂ ਕਿ ਕੀ ਹੋਇਆ।

ਰਾਜਾ ਭੋਜ ਸਾਰੀਆਂ ਗੱਲਾਂ ਦਾ ਨਿਰਣਾ ਕਰਕੇ ਪਸ਼ਚਾਤਾਪ ਵਿਚ ਚਲਿਆ ਗਿਆ ਕਿ ਜੇ ਮੇਰੇ ਤੋਂ ਦੰਡ ਦੇਣ ਦਾ ਕਾਰਜ ਹੋ ਜਾਂਦਾ ਤਾਂ ਮੇਰਾ ਰਾਜਕੁਮਾਰ ਮੇਰੇ ਹੱਥੋਂ ਹੀ ਮਾਰਿਆ ਜਾਣਾ ਸੀ। ਇਹ ਇਕ ਉਦਾਹਰਣ ਹੈ। ਹਰ ਜੀਵਨ ਅੰਦਰ ਕਾਹਲੀਆਂ ਵੀ ਆਉਂਦੀਆਂ ਹਨ, ਬੰਦਾ ਗਲਤ ਕਾਰਜ ਵੀ ਕਰਦਾ ਹੈ ਪਰ ਹਰ ਕੰਮ ਵਿਚ ਧੀਰਜ ਜ਼ਰੂਰੀ ਹੈ। ਨਾ ਕਦੇ ਸਦਾ ਦੁਖ ਰਹਿੰਦਾ ਹੈ, ਨਾ ਕਦੇ ਸਦਾ ਹੀ ਸੁੱਖ ਰਹਿੰਦਾ ਹੈ। ਇਹ ਛਿਨਭੰਗਰ ਸੁੱਖ ਹਨ, ਸਦਾ ਦਾ ਸੁੱਖ ਤਾਂ ਆਪਣੇ ਸਰੂਪ ਦਾ ਗਿਆਨ ਹੋਣ ਨਾਲ ਆਉਂਦਾ ਹੈ। ਇਸ ਲਈ ਧੀਰਜ ਨਾਲ ਜੀਵਨ ਨੂੰ ਸੰਜਮ ਵਿਚ ਰੱਖ ਕੇ ਆਤਮ ਮਾਰਗ ਤੇ ਸਫਰ ਕਰਨਾ ਚਾਹੀਦਾ ਹੈ।

ਕਈ ਪ੍ਰੇਮੀ ਦੇਖੀਦੇ ਹਨ ਕਿ ਲਗਨ ਤਾਂ ਉਨ੍ਹਾਂ ਨੂੰ ਲਗ ਜਾਂਦੀ ਹੈ ਪਰ ਐਨੇ ਅਧੀਰਜੀ ਹੋ ਜਾਂਦੇ ਹਨ ਕਿ ਆਪਣੇ ਵਿਤ ਤੋਂ ਵੱਧ ਔਖੇ ਸਾਧਨ ਕਰਨੇ ਸ਼ੁਰੂ ਕਰ ਦਿੰਦੇ ਹਨ ਜਿਸਦਾ ਸਿੱਟਾ ਸਰੀਰ ਵਿਚ ਬਿਮਾਰੀ ਪ੍ਰਗਟ ਹੋ ਜਾਂਦੀ ਹੈ। ਇਸ ਕਰਕੇ ਹਰ ਕੰਮ ਵਿਚ, ਬੋਲਣ ਵਿਚ, ਕੋਈ ਹੱਥੀਂ ਪੈਰੀਂ ਕੰਮ ਕਰਨ ਵਿਚ ਧੀਰਜ ਹੋਣੀ ਚਾਹੀਦੀ ਹੈ।

6. ਛੇਵਾਂ ਯਮ ਹੈ **'ਖਿਮਾ'** ਜਿਸ ਬਾਰੇ ਲਿਖਿਆ ਹੋਇਆ ਹੈ-

***ਖਸ਼ਟਮ ਯਮ ਹੈ ਖਿਮਾ ਸੁਹਾਈ।***
***ਮਨ ਮਹਿਂ ਛੋਭ ਨ ਕਬਹੁਂ ਉਠਾਈ॥***
***ਭਲਾ ਕਿ ਬੁਰਾ ਬਖਾਨੈ ਕੋਇ।***
***ਸਹਿਨਸ਼ੀਲ ਮਨ ਸਭਿ ਤੇ ਹੋਇ।***
***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 531***

ਖਿਮਾ ਬਾਰੇ ਗੁਰਬਾਣੀ ਵਿਚ ਫੁਰਮਾਨ ਹੈ –

*ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ ॥*
*ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ ॥*
*ਪੰਨਾ – 1372*

ਖਿਮਾ ਵਾਹਿਗੁਰੂ ਜੀ ਦੇ ਬਹੁਤ ਨੇੜੇ ਹੈ ਤੇ ਜਿਸ ਹਿਰਦੇ ਵਿਚ ਖਿਮਾ ਹੋਵੇ, ਪ੍ਰਮੇਸ਼ਵਰ ਉਸ ਨੂੰ ਖੁਸ਼ੀਆਂ ਬਖਸ਼ਦਾ ਹੈ।

*ਖਿਮਾ ਸੀਗਾਰ ਕਰੇ ਪ੍ਰਭ ਖੁਸੀਆ*
*ਮਨਿ ਦੀਪਕ ਗੁਰ ਗਿਆਨੁ ਬਲਈਆ ॥ ਪੰਨਾ – 836*

ਖਿਮਾ ਦਾ ਵਿਪਰੀਤ ਤੱਤ ਕ੍ਰੋਧ ਹੈ, ਜੇ ਕ੍ਰੋਧ ਸਰੀਰ ਵਿਚ ਪ੍ਰਵੇਸ਼ ਕਰ ਜਾਵੇ ਤਾਂ ਆਦਮੀ ਦੀ ਮਤ ਮਾਰੀ ਜਾਂਦੀ ਹੈ, ਉਸ ਦੇ ਅੰਦਰ ਖਿਆਲਾਂ ਦਾ ਬੜਾ ਭਾਰੀ ਵਿਸਫੋਟ ਹੁੰਦਾ ਹੈ ਜਿਸ ਨਾਲ ਇਸ ਦੀ ਕਾਇਆ ਤੇ ਲੱਖਾਂ ਕਿਸਮ ਦੀਆਂ ਮੈਲਾਂ ਲਗ ਜਾਂਦੀਆਂ ਹਨ। ਜਿਸ ਥਾਂ ਦਿਮਾਗ ਵਿਚ ਹੋਸ਼ ਦਾ ਵਾਸਾ ਹੁੰਦਾ ਹੈ, ਕ੍ਰੋਧ ਤੋਂ ਹੋਇਆ ਮਾਨਸਿਕ ਵਿਸਫੋਟ ਦਿਮਾਗ ਦੇ ਉਸ ਹਿੱਸੇ ਨੂੰ ਨਸ਼ਟ ਕਰ ਦਿੰਦਾ ਹੈ। ਇਸ ਤਰ੍ਹਾਂ ਕ੍ਰੋਧੀ ਦਾ ਸਰੀਰ ਹੌਲੀ ਹੌਲੀ ਨਸ਼ਟ ਹੋ ਜਾਂਦਾ ਹੈ।

*ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥*
*ਜਿਉ ਕੰਚਨ ਸੋਹਾਗਾ ਢਾਲੈ ॥ ਪੰਨਾ – 932*

ਕ੍ਰੋਧੀ ਬਾਰੇ ਐਸਾ ਫੁਰਮਾਨ ਆਉਂਦਾ ਹੈ –

*ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ ॥*
*ਪੰਨਾ – 40*

ਖਿਮਾ ਵਿਹੂਣਾ ਬੰਦਾ ਕ੍ਰੋਧ ਵਿਚ ਆ ਕੇ ਖਪਦਾ ਹੀ ਹੈ। ਜਿਵੇਂ ਕਿ ਫੁਰਮਾਨ ਹੈ –

*ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ ॥*
*ਗਣਤ ਨ ਆਵੈ ਕਿਉ ਗਣੀ ਖਪਿ ਖਪਿ ਮੁਏ ਬਿਸੰਖ ॥*
*ਪੰਨਾ – 937*

ਖਿਮਾ ਭਗਤਾਂ ਦਾ ਇਕ ਬਹੁਤ ਵੱਡਾ ਧਨ ਹੈ, ਉਹ ਰਾਸ ਹੈ ਜੋ ਕਦੇ ਮੁਕਦੀ ਨਹੀਂ, ਸਦਾ ਹੀ ਮਨ ਤੇ ਤਨ ਨੂੰ ਸ਼ਾਂਤੀ ਦਿੰਦੀ ਹੈ, ਇਹ ਬਦਲੇ ਦੀ ਭਾਵਨਾ ਨਹੀਂ ਉਠਣ ਦਿੰਦੀ, ਆਦਮੀ ਵਿਸ਼ਵਮਈ ਵਿਅਕਤੀ ਬਣ ਜਾਇਆ ਕਰਦਾ ਹੈ।

ਇਸ ਦੇ ਬਾਰੇ ਇਕ ਛੋਟੀ ਜਿਹੀ ਕਥਾ ਹੈ ਕਿ ਇਕ ਵਾਰੀ ਮਹਾਰਾਜਾ ਰਣਜੀਤ ਸਿੰਘ ਆਪਣੇ ਅੰਗਰਖਸ਼ਕਾਂ ਸਮੇਤ ਜਾ ਰਹੇ ਸਨ ਤਾਂ ਅਚਾਨਕ ਉਨ੍ਹਾਂ ਦੇ ਮੋਢੇ ਤੇ ਆ ਕੇ ਰੋੜਾ ਲੱਗਿਆ। ਅੰਗਰਖਸ਼ਕ ਹੈਰਾਨ ਹੋ ਗਏ ਕਿ ਨਜ਼ਰ ਤਾਂ ਕੋਈ ਨਹੀਂ ਆ ਰਿਹਾ, ਰੋੜਾ ਕਿਥੋਂ ਆ ਗਿਆ? ਉਥੇ ਬੇਰੀਆਂ ਦੇ ਝੁੰਡ ਸਨ। ਉਥੇ ਕੀ ਦੇਖਿਆ ਕਿ ਕੁਝ ਬੱਚੇ ਬੇਰੀਆਂ ਦੇ ਇੱਟਾਂ ਮਾਰ ਰਹੇ ਹਨ। ਉਨ੍ਹਾਂ ਨੇ ਇਕ ਬੱਚੇ ਨੂੰ ਫੜ ਲਿਆ, ਉਸ ਨੂੰ ਮਹਾਰਾਜੇ ਅੱਗੇ ਪੇਸ਼ ਕੀਤਾ ਤਾਂ ਉਹ ਕ੍ਰੋਧ ਵਿਚ ਨਹੀਂ ਆਇਆ, ਸਗਮਾਂ ਚਟਾਨ ਵਰਗੀ ਧੀਰਜ ਧਾਰਨ ਕਰ ਲਈ ਅਤੇ ਬੜੇ ਪਿਆਰ ਨਾਲ ਬੱਚੇ ਨੂੰ ਪੁਛਿਆ ਕਿ ਬੇਟਾ! ਤੇਰਾ ਮੇਰੇ ਨਾਲ ਕੋਈ ਵੈਰ ਹੈ ਜਿਸ ਕਰਕੇ ਤੂੰ ਮੇਰੇ ਇੱਟ ਮਾਰੀ ਹੈ? ਆਪਣੇ ਮਨ ਦੀ ਸਹੀ ਗੱਲ ਦਸ, ਮੈਂ ਤੇਰਾ ਭੁਲੇਖਾ ਦੂਰ ਕਰ ਦੇਵਾਂ। ਮੇਰਾ ਤਾਂ ਤੇਰੇ ਨਾਲ ਕੋਈ ਵੈਰ ਨਹੀਂ ਹੈ। ਉਸ ਵੇਲੇ ਬੱਚੇ ਨੇ ਹੱਥ ਜੋੜ ਕੇ ਕਿਹਾ, ਹਜ਼ੂਰ! ਅਸੀਂ ਤਾਂ ਬੇਰੀ ਨੂੰ ਇੱਟਾਂ ਮਾਰ ਰਹੇ ਸੀ। ਸਾਨੂੰ ਨਹੀਂ ਸੀ ਪਤਾ ਕਿ ਕੰਧ ਦੇ ਓਹਲੇ ਕੋਈ ਆ ਰਿਹਾ ਹੈ। ਮਹਾਰਾਜੇ ਨੇ ਪੁਛਿਆ ਕਿ ਤੁਸੀਂ ਬੇਰੀ ਨੂੰ ਇੱਟਾਂ ਕਿਉਂ ਮਾਰ ਰਹੇ ਸੀ? ਉਸ ਨੇ ਕਿਹਾ ਕਿ ਅਸੀਂ ਬੇਰ ਝਾੜ ਰਹੇ ਸੀ। ਆਪ ਹੱਸ ਪਏ ਤੇ ਕਹਿਣ ਲੱਗੇ ਕਿ ਬੇਰੀ ਕਿੰਨੀ ਚੰਗੀ ਹੈ ਜਿਹੜੀ ਇੱਟਾਂ ਖਾ ਕੇ ਕੁਝ ਕਹਿੰਦੀ ਨਹੀਂ, ਸਗਮਾਂ ਮਿੱਠੇ ਬੇਰ ਦਿੰਦੀ ਹੈ। ਆਪਣੇ ਸੈਕਟਰੀ ਨੂੰ ਕਹਿਣ ਲੱਗੇ ਕਿ ਜੇ ਰਾਜੇ ਦੇ ਇੱਟ ਲੱਗੇ ਤਾਂ ਕੀ ਦੇਣਾ ਚਾਹੀਦਾ ਹੈ? ਇਹ ਇਕ ਅਜੀਬ ਸਵਾਲ ਸੀ। ਰਾਜੇ ਨੇ ਆਪਣੇ ਮੁਨਸ਼ੀ ਨੂੰ ਕਿਹਾ ਕਿ ਦੋ ਪਿੰਡ ਇਸ ਨੂੰ ਜਗੀਰ ਵਜੋਂ ਦੇ ਦੇਵੋ। ਇਹ ਖਿਮਾ ਦੀ ਇਕ ਬਹੁਤ ਵੱਡੀ ਮਿਸਾਲ ਹੈ।

7. ਸੱਤਵਾਂ ਯਮ **'ਦਇਆ'** ਹੋਇਆ ਕਰਦੀ ਹੈ =

*ਭਲਾ ਕਿ ਬੁਰਾ ਬਖਾਨੈ ਕੋਇ ॥*
*ਸਹਿਨ ਸ਼ੀਲ ਮਨ ਸਤਿ ਤੇ ਹੋਇ ॥*
*ਸਪਤਮ ਦੁਖੀ ਨ ਦੇਖੇ ਕਾਂਹੀ।*
*ਦਯਾ ਕਰੇ ਸਭਿ ਸੋਂ ਨਿਰਬਾਹੀ ॥*
*ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ – 531*

ਧਰਮ ਵਿਚੋਂ ਸਾਰੇ ਗੁਣਾਂ ਦਾ ਵਿਕਾਸ ਹੁੰਦਾ ਹੈ ਪਰ ਧਰਮ ਨੂੰ ਦਇਆ ਦਾ ਪੁੱਤਰ ਆਖਿਆ ਗਿਆ ਹੈ। ਦਇਆ ਬਹੁਤ ਵੱਡਾ ਸ਼ਲਾਘਾਯੋਗ ਜਜ਼ਬਾ ਵਾਹਿਗੁਰੂ ਜੀ ਨੇ ਇਨਸਾਨ ਨੂੰ ਬਖਸ਼ਿਆ ਹੈ। ਸੰਸਾਰ ਵਿਚ ਰਹਿੰਦਿਆਂ ਕੋਈ ਭਲਾ ਕਹਿੰਦਾ ਹੈ, ਕੋਈ ਬੁਰਾ ਕਹਿੰਦਾ ਹੈ ਪਰ ਦਿਆਲੂ ਪੁਰਸ਼ ਸਦਾ ਹੀ ਸਹਿਨਸ਼ੀਲਤਾ ਵਿਚ ਰਹਿੰਦਾ ਹੈ। ਉਹ ਦੁਖੀ ਦਾ ਦੁਖ ਨਹੀਂ ਦੇਖ ਸਕਿਆ ਕਰਦਾ, ਦੂਸਰੇ ਦਾ ਕਸ਼ਟ ਨਵਿਰਤ ਕਰਨ ਲਈ ਆਪਣਾ ਪੂਰਾ ਤਾਣ ਲਾਉਂਦਾ ਹੈ।

ਇਕ ਵਾਰੀ ਦੀ ਗੱਲ ਹੈ ਕਿ ਜਦੋਂ ਸਿੰਘ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਘਣੇ ਜੰਗਲਾਂ ਵਿਚ ਰਿਹਾ ਕਰਦੇ ਸਨ ਉਸ ਵੇਲੇ ਦੀ ਸਰਕਾਰ ਇਕ ਮਿੰਟ ਵੀ ਇਨ੍ਹਾਂ ਨੂੰ ਟਿਕਣ ਨਹੀਂ ਸੀ ਦਿੰਦੀ। ਗਸ਼ਤੀ ਫੌਜਾਂ ਪਿਛੇ ਚਾੜ੍ਹੀ ਰਖਦੀ ਸੀ। ਬਾਬਾ ਸਾਹਿਬ ਸਿੰਘ ਜੀ ਦਾ ਜਥਾ ਕਈ ਦਿਨਾਂ ਤੋਂ ਜੰਗਲ ਵਿਚ ਭੁੱਖਾ ਰਹਿ ਰਿਹਾ ਸੀ, ਅੱਜ ਲੰਗਰ ਦਾ ਪ੍ਰਬੰਧ ਹੋਣ ਕਰਕੇ ਸਭ ਦੇ ਮਨ ਵਿਚ ਚਾਓ ਸੀ ਕਿ ਹੁਣ ਲੰਗਰ ਛਕਾਂਗੇ। ਜਦੋਂ ਲੰਗਰ ਤਿਆਰ ਹੋ ਕੇ ਵਰਤਣ ਲੱਗਿਆ ਤਾਂ ਉਸੇ ਵੇਲੇ ਇਕ ਬ੍ਰਾਹਮਣ ਦੂਰ ਦੇਸ਼ ਤੋਂ ਖਾਲਸਾ ਦਲ ਨੂੰ ਟੋਲ੍ਹਦਾ ਜੰਗਲ ਵਿਚ ਪਹੁੰਚ ਗਿਆ। ਕੀ ਦੇਖਿਆ ਕਿ ਪੰਗਤਾਂ ਲੱਗੀਆਂ ਹੋਈਆਂ ਹਨ, ਪ੍ਰਸ਼ਾਦਾ ਵਰਤਣ ਵਾਲਾ ਹੈ, ਉਸ ਬ੍ਰਾਹਮਣ ਨੇ ਜਾ ਕੇ ਹਾਏ-ਪੁਕਾਰ ਕੀਤੀ। ਜਥੇਦਾਰ ਜੀ ਨੇ ਪੁਛਿਆ ਕਿ ਕੀ ਤਕਲੀਫ ਹੈ, ਕਿਉਂ ਐਨਾ ਵਿਰਲਾਪ ਕਰ ਰਿਹਾ ਹੈਂ? ਉਸ ਨੇ ਕਿਹਾ ਕਿ ਸਿੰਘ ਜੀ! ਆਕਰਮਣਕਾਰੀ ਵਿਦੇਸਾਂ ਤੋਂ ਆਈਆਂ ਮੁਸਲਮ ਫੌਜਾਂ ਨੇ ਦੇਸ਼ ਵਿਚੋਂ ਇਸਤ੍ਰੀਆਂ ਤੇ ਬੱਚੇ ਫੜ ਲਏ ਹਨ ਅਤੇ ਆਪਣੇ ਦੇਸ਼ ਲਈ ਜਾ ਰਹੇ ਹਨ। ਮੇਰੀ ਲੜਕੀ ਵੀ ਫੜ ਲਈ ਹੈ। ਉਸ ਲਈ ਮੈਂ ਵੱਡੇ-ਵੱਡੇ ਰਾਜਿਆਂ ਮਹਾਰਾਜਿਆਂ ਕੋਲ ਪਹੁੰਚਿਆ ਪਰ ਕਿਸੇ ਨੇ ਮੇਰੀ ਪੁਕਾਰ ਨਹੀਂ ਸੁਣੀ। ਲੜਕੀਆਂ ਵਿਰਲਾਪ ਕਰਦੀਆਂ ਜਾ ਰਹੀਆਂ ਸਨ ਪਰ ਕੋਈ ਵੀ ਸੂਰਮਾ ਉਨ੍ਹਾਂ ਨੂੰ ਛੁਡਾ ਨਹੀਂ ਸਕਿਆ। ਮਹਾਰਾਜ! ਜਿਸ ਕਾਫਲੇ ਵਿਚ ਮੇਰੀ ਲੜਕੀ ਜਾ ਰਹੀ ਹੈ ਉਹ ਤੁਹਾਡੇ

ਜੰਗਲ ਦੇ ਕੋਲੋਂ ਦੀ ਹੀ ਜਾ ਰਿਹਾ ਹੈ, ਕ੍ਰਿਪਾ ਕਰਕੇ ਮੇਰੀ ਬੱਚੀ ਛੁਡਾ ਦੇਵੋ।

ਜਥੇਦਾਰ ਜੀ ਨੂੰ ਬਹੁਤ ਦਇਆ ਆਈ, ਉਨ੍ਹਾਂ ਨੇ ਕਿਹਾ ਕਿ ਜਿਥੇ ਐਨੇ ਦਿਨਾਂ ਦੇ ਭੁੱਖੇ ਹਾਂ, ਹੋਰ ਭੁੱਖ ਕੱਟ ਲਓ। ਜਿਹੜੇ ਵਾਪਸ ਆ ਗਏ, ਆ ਕੇ ਪ੍ਰਸ਼ਾਦਾ ਛਕ ਲੈਣਗੇ, ਜਿਹੜੇ ਨਾ ਆਏ ਉਹ ਗੁਰੂ ਲੋਕ ਵਿਚ ਪ੍ਰਵੇਸ਼ ਕਰ ਜਾਣਗੇ। ਸਾਰੇ ਸਿੰਘਾਂ ਵਿਚ ਦਇਆ ਸੀ, ਉਸ ਵੇਲੇ ਉੱਠੇ ਤੇ ਉਸੇ ਲੜਕੀ ਨੂੰ ਹੀ ਨਹੀਂ ਸਗੋਂ ਹੋਰ ਬੇਅੰਤ ਲੜਕੀਆਂ ਆਜ਼ਾਦ ਕਰਾ ਦਿਤੀਆਂ ਅਤੇ ਉਨ੍ਹਾਂ ਨੂੰ ਆਪ ਘਰੋਂ ਘਰੀਂ ਛੱਡ ਕੇ ਆਏ।

ਦਇਆ ਧਰਮ ਦਾ ਮੂਲ ਹੈ, ਇਸ ਕਰਕੇ ਧਰਮ ਨੂੰ ਰੱਖਣ ਲਈ ਦਇਆ ਦਾ ਜਜ਼ਬਾ ਪੂਰੀ ਤਰ੍ਹਾਂ ਨਾਲ ਹੋਣਾ ਚਾਹੀਦਾ ਹੈ। ਦਇਆ ਤੋਂ ਵਾਹਿਗੁਰੂ ਜੀ ਪ੍ਰਸੰਨ ਹੁੰਦੇ ਹਨ। ਸੰਸਾਰ ਵਿਚ ਵੀ ਸ਼ਾਂਤੀ ਵਰਤਦੀ ਹੈ, ਜੀਵ ਜੰਤੂ ਵੀ ਦਇਆ ਦੇ ਜਜ਼ਬੇ ਨਾਲ ਮੋਹਤ ਹੋ ਜਾਂਦੇ ਹਨ।

ਇਕ ਵਾਰੀ ਮਹਾਤਮਾ ਬੁੱਧ ਜਾ ਰਹੇ ਸਨ, ਇਕ ਗਡਰੀਆ ਆਪਣੇ ਇੱਜੜ ਨੂੰ ਭਜਾ ਭਜਾ ਕੇ ਲਿਜਾ ਰਿਹਾ ਸੀ ਉਸ ਵਿਚ ਇਕ ਲੇਲਾ ਸੀ, ਉਸ ਦੀ ਲੱਤ ਟੁੱਟੀ ਹੋਈ ਸੀ। ਉਹ ਹੌਲੀ ਚਲਦਾ ਸੀ ਇਸ ਕਰਕੇ ਉਸ ਉਪਰ ਬਹੁਤ ਮਾਰ ਪੈ ਰਹੀ ਸੀ। ਉਸ ਵੇਲੇ ਮਹਾਤਮਾ ਬੁੱਧ ਨੇ ਗਡਰੀਏ ਨੂੰ ਕਿਹਾ ਕਿ ਇਸ ਨੂੰ ਕਿਉਂ ਮਾਰੀ ਜਾਂਦਾ ਹੈਂ? ਉਤਰ ਵਿਚ ਉਸ ਨੇ ਕਿਹਾ ਕਿ ਮਹਾਰਾਜ! ਸੂਰਜ ਛਿਪ ਰਿਹਾ ਹੈ, ਇਸ ਜੰਗਲ ਵਿਚ ਸ਼ੇਰ, ਚੀਤੇ ਬਹੁਤ ਰਹਿੰਦੇ ਹਨ, ਜੇ ਮੈਨੂੰ ਜੰਗਲ ਵਿਚੋਂ ਨਿਕਲਣ ਲਈ ਦੇਰ ਹੋ ਗਈ ਤਾਂ ਇਹ ਮੇਰੀਆਂ ਭੇਡਾਂ ਨੂੰ ਖਾ ਜਾਣਗੇ, ਇਸ ਕਰਕੇ ਮੈਂ ਇਨ੍ਹਾਂ ਨੂੰ ਡੰਡੇ ਮਾਰ ਕੇ ਨਠਾ ਰਿਹਾ ਹਾਂ। ਮਹਾਤਮਾ ਨੇ ਕਿਹਾ ਕਿ ਜੇ ਤੈਨੂੰ ਇਤਰਾਜ਼ ਨਾ ਹੋਵੇ ਤਾਂ ਮੈਂ ਇਸ ਲੇਲੇ ਨੂੰ ਗੋਦੀ ਚੁੱਕ ਲਵਾਂ? ਉਸ ਨੇ ਕਿਹਾ ਕਿ ਇਹ ਵੀ ਕੋਈ ਪੁਛਣ ਦੀ ਗੱਲ ਹੈ, ਮਹਾਤਮਾ ਜੀ! ਜੋ ਜੀਅ 'ਚ ਆਵੇ, ਕਰੋ। ਮਹਾਤਮਾ ਬੁੱਧ ਨੇ ਉਸ ਲੇਲੇ ਨੂੰ ਗੋਦੀ ਚੁੱਕ ਲਿਆ। ਪਹਿਲਾਂ ਤਾਂ ਉਹ ਡਰਿਆ ਹੋਇਆ ਸੀ, ਗੋਦੀ ਵਿਚ ਸਹਿਮ ਕੇ ਬੈਠਾ ਰਿਹਾ। ਜਦੋਂ ਉਸ ਦੇ ਦਿਲ ਦੀ ਧੜਕਨ ਮਹਾਤਮਾ ਜੀ ਦੇ ਪਿਆਰਾਂ ਦਿੰਦੇ ਦਿਲ ਨਾਲ ਰਲੀ ਤਾਂ ਉਸ ਦਾ ਡਰ ਨਿਕਲ ਗਿਆ ਅਤੇ ਮਹਾਤਮਾ ਦਾ ਹੱਥ ਚੱਟਣ ਲਗ ਗਿਆ। ਮਹਾਤਮਾ ਦੇ ਸਰੀਰ ਨਾਲ ਅਜਿਹੀਆਂ ਹਰਕਤਾਂ ਕਰਨ ਲੱਗਿਆ ਜਿਵੇਂ ਅੰਦਰ ਪਿਆਰ ਦੀ ਲਹਿਰ ਚਲ ਰਹੀ ਹੋਵੇ ਅਤੇ ਓਪਰਾਪਨ ਬਾਕੀ ਨਾ ਰਿਹਾ ਹੋਵੇ।

ਸਨੇ-ਸਨੇ ਇਹ ਇੱਜੜ ਆਪਣੇ ਡੇਰੇ ਪਹੁੰਚ ਗਿਆ। ਮਹਾਤਮਾ ਜੀ ਨੇ ਵੀ ਉਸ ਨੂੰ ਆਪਣੀ ਗੋਦੀ ਵਿਚੋਂ ਉਤਾਰ ਦਿਤਾ ਪਰ ਉਹ ਬੱਚਾ ਟਿਕਟਿਕੀ ਲਗਾ ਕੇ ਮਹਾਤਮਾ ਜੀ ਵਲ ਦੇਖ ਰਿਹਾ ਸੀ। ਉਸ ਨੂੰ ਲਗ ਰਿਹਾ ਸੀ ਜਿਵੇਂ ਕੋਈ ਮੇਰਾ ਅਤਿ ਪਿਆਰਾ ਮੇਰਾ ਸਾਥ ਛੱਡ ਕੇ ਜਾ ਰਿਹਾ ਹੈ। ਮਹਾਤਮਾ ਜੀ ਜਦੋਂ ਭੇਡਾਂ ਦੇ ਬਾੜੇ 'ਚੋਂ ਬਾਹਰ ਆਏ ਤਾਂ ਉਹ ਪਿਛੇ ਪਿਛੇ ਆ ਗਿਆ। ਆਪ ਨੇ ਉਸ ਨੂੰ ਚੁਕਿਆ ਤੇ ਇੱਜੜ ਵਿਚ ਛੱਡ ਆਏ। ਜਦੋਂ ਆਪ ਫੇਰ ਬਾਹਰ ਆਏ ਉਹ ਲੇਲਾ ਫੇਰ ਪਿਛੇ ਆ ਗਿਆ, ਆਪ ਫੇਰ ਉਸ ਨੂੰ ਛੱਡ ਕੇ ਬਾਹਰ ਆ ਗਏ। ਗਡਰੀਆ ਇਹ ਸਾਰੀ ਖੇਲ੍ਹ ਦੇਖ ਰਿਹਾ ਸੀ ਅਤੇ ਉਸ ਅੰਦਰ ਕੋਈ ਗਹਿਰੀ ਸੋਚ ਫੁਰ ਰਹੀ ਸੀ। ਉਸ ਨੇ ਮਹਾਤਮਾ ਜੀ ਨੂੰ ਪੁਛਿਆ ਕਿ ਤੁਸੀਂ ਇਸ ਨੂੰ ਕੀ ਖਲਾ ਦਿਤਾ ਕਿ ਇਹ ਤੁਹਾਡਾ ਪਿੱਛਾ ਹੀ ਨਹੀਂ ਛੱਡ ਰਿਹਾ। ਆਪ ਨੇ ਕਿਹਾ ਕਿ ਖਲਾਉਣ ਵਾਲੀ ਤਾਂ ਕੋਈ ਚੀਜ਼ ਨਹੀਂ ਹੈ, ਪਰ ਮੇਰੇ ਅੰਦਰ ਦਇਆ ਹੈ। ਦਇਆਲੂ ਪੁਰਸ਼ ਸਭ ਨੂੰ ਪਿਆਰਾ ਲਗਦਾ ਹੈ। ਦਇਆ ਧਾਰਨ ਕਰਨਾ ਸ੍ਰੇਸ਼ਟ ਗੁਣ ਹੈ। ਵਾਹਿਗੁਰੂ ਜੀ ਆਪ ਹੀ ਦਇਆਲੂ ਹਨ ਜੋ ਅਣਮੰਗੀਆਂ ਦਾਤਾਂ ਬਖਸ਼ ਰਹੇ ਹਨ। ਦਇਆਲੂ ਪੁਰਸ਼ ਹੀ ਵਾਹਿਗੁਰੂ ਜੀ ਨਾਲ ਜੁੜ ਸਕਦਾ ਹੈ।

8. ਅੱਠਵਾਂ ਯਮ ਹੈ **'ਕੋਮਲ ਹਿਰਦਾ'** - ਜਿਸ ਬਾਰੇ ਲਿਖਿਆ ਹੈ -

***ਅਸ਼ਟਮ ਕੋਮਲ ਹਿਰਦਾ ਰਾਖੈ।***
***ਸ਼ੁਭ ਉਪਦੇਸ਼ ਸਭਨ ਸੌਂ ਭਾਖੈ॥***

***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 531***

ਹਿਰਦੇ ਦੀ ਕਠੋਰਤਾ ਇਕ ਬਹੁਤ ਵੱਡੇ ਉਗਰ ਪਾਪ ਵਰਗਾ ਔਗੁਣ ਹੈ। ਕਠੋਰ ਹਿਰਦਾ ਇਕ ਬਹੁਤ ਵੱਡਾ ਅਵਗੁਣ ਹੈ, ਉਹ ਕਦੇ ਭਿਜਦਾ ਨਹੀਂ, ਕਿਸੇ ਨੂੰ ਕਦੇ ਸੁਖੀ ਨਹੀਂ ਕਰ ਸਕਿਆ ਕਰਦਾ। ਕਠੋਰ ਪੁਰਸ਼ ਆਮ ਤੌਰ ਤੇ ਨਿਰਦਈ ਹੋਇਆ ਕਰਦਾ ਹੈ ਕਿਉਂਕਿ ਉਸ ਨੂੰ ਕਿਸੇ ਦੇ ਦੁੱਖ ਨਾਲ ਕੋਈ ਵਾਸਤਾ ਹੀ ਨਹੀਂ ਹੁੰਦਾ। ਕਠੋਰ ਪੁਰਸ਼ ਉਪਰ ਰੂਹਾਨੀ ਉਪਦੇਸ਼ਾਂ ਦਾ ਕੋਈ ਅਸਰ ਨਹੀਂ ਹੋਇਆ ਕਰਦਾ।

ਇਕ ਵਾਰੀ ਗੁਰੂ ਦਸ਼ਮੇਸ਼ ਪਿਤਾ ਜੀ ਨੂੰ ਬੇਨਤੀ ਕੀਤੀ ਗਈ ਕਿ ਮਹਾਰਾਜ! ਆਪ ਦੇ ਸਾਰੇ ਸਿੱਖ ਹਨ ਪਰ ਸਾਰਿਆਂ ਉਪਰ ਇਕੋ ਜਿਹਾ ਉਪਦੇਸ਼ ਰਾਹੀਂ ਅਸਰ ਕਿਉਂ ਨਹੀਂ ਹੁੰਦਾ? ਕੀ ਸਿੱਖੀ ਵਿਚ ਕੋਈ ਫਰਕ ਹੈ? ਉਸ ਵੇਲੇ ਗੁਰੂ ਮਹਾਰਾਜ ਜੀ ਨੇ ਪਾਸ ਬੈਠੇ ਸਿੱਖ ਨੂੰ ਇਸ਼ਾਰਾ ਕੀਤਾ ਕਿ ਪ੍ਰੇਮੀਆਂ! ਤਿੰਨ ਬਾਟੇ ਜਲ ਦੇ ਭਰ ਕੇ ਲਿਆ। ਜਲ ਦੇ ਬਾਟੇ ਲਿਆਂਦੇ ਗਏ। ਆਪ ਨੇ ਕਿਹਾ ਕਿ ਇਨ੍ਹਾਂ ਨੂੰ ਧਰਤੀ ਤੇ ਟਿਕਾ ਦੇਵੋ, ਪਾਣੀ ਨਾਲ ਭਰ ਦੇਵੋ। ਇਕ ਸਿੱਖ ਨੂੰ ਹੁਕਮ ਦਿਤਾ ਕਿ ਪਤਾਸ਼ੇ ਲਿਆਓ, ਦੂਜੇ ਪ੍ਰੇਮੀ ਨੂੰ ਕਿਹਾ ਮਿੱਟੀ ਦਾ ਡਲ੍ਹਾ ਲਿਆਓ, ਤੀਜੇ ਨੂੰ ਕਿਹਾ ਕਿ ਤੂੰ ਪੱਥਰ ਚੁਕ ਕੇ ਲਿਆ; ਇਹ ਤਿੰਨੋ ਚੀਜ਼ਾਂ ਆ ਗਈਆਂ। ਮਹਾਰਾਜ ਜੀ ਨੇ ਕਿਹਾ ਕਿ ਬਾਟਿਆਂ ਵਿਚ ਪਾ ਦਿਓ। ਇਕ ਵਿਚ ਪਤਾਸ਼ੇ, ਇਕ ਵਿਚ ਢੀਮ ਤੇ ਤੀਜੇ ਬਾਟੇ ਵਿਚ ਕਠੋਰ ਪੱਥਰ ਰੱਖ ਦਿਤਾ ਗਿਆ।

ਕਾਫੀ ਸਮੇਂ ਪਿਛੋਂ ਮਹਾਰਾਜ ਜੀ ਨੇ ਕਿਹਾ ਕਿ ਭਾਈ ਸਿੰਘਾ! ਤੂੰ ਪਤਾਸੇ ਪਾਏ ਸੀ, ਬਾਟੇ ਵਿਚੋਂ ਕੱਢ ਕੇ ਲਿਆ। ਦੂਜੇ ਨੂੰ ਕਿਹਾ ਕਿ ਤੂੰ ਮਿੱਟੀ ਦੀ ਢੀਮ ਲਿਆ, ਤੀਸਰੇ ਨੂੰ ਪੱਥਰ ਕੱਢਣ ਲਈ ਕਿਹਾ। ਪਹਿਲੇ ਸਿੰਘ ਨੇ ਜਵਾਬ ਦਿਤਾ ਕਿ ਮਹਾਰਾਜ ਜੀ! ਪਤਾਸੇ ਤਾਂ ਪਾਣੀ ਵਿਚ ਖੁਰ ਗਏ ਹਨ। ਦੂਸਰੇ ਨੇ ਮਿੱਟੀ ਦੇ ਡਲੇ ਦੀ ਥਾਂ ਗਾਰਾ ਕੱਢ ਕੇ ਗੁਰੂ ਮਹਾਰਾਜ ਨੂੰ ਦਿਖਾਇਆ, ਮਹਾਰਾਜ ਜੀ ਨੇ ਉਹ ਧੁੱਪੇ ਰਖਾ ਦਿਤਾ। ਤੀਸਰੇ ਨੂੰ ਪੁਛਿਆ ਕਿ ਤੂੰ ਪੱਥਰ ਕੱਢ ਕੇ ਲਿਆਇਆ ਹੈਂ, ਭਾਈ ਸਿੰਘਾ! ਇਹ ਦਸ ਕਿ ਪੱਥਰ ਭਿੱਜ ਗਿਆ ਕਿ ਨਹੀਂ? ਉਸ ਨੇ ਕਿਹਾ ਕਿ ਮਹਾਰਾਜ, ਜਦੋਂ ਕੱਢਿਆ ਸੀ ਉਸ ਵੇਲੇ ਤਾਂ ਗਿੱਲਾ ਸੀ ਪਰ ਇਹ ਜਿਹੜੀ

ਤੱਤੀ ਹਵਾ ਚਲ ਰਹੀ ਹੈ ਇਸ ਨੇ ਫੇਰ ਸੁਕਾ ਦਿਤਾ। ਥੋੜ੍ਹੀ ਦੇਰ ਪਿਛੋਂ ਦੂਸਰੇ ਨੇ ਜੋ ਗਾਰਾ ਰੱਖਿਆ ਸੀ ਉਸ ਨੂੰ ਵੀ ਲਿਆਉਣ ਦਾ ਹੁਕਮ ਹੋਇਆ, ਉਸ ਨੇ ਕਿਹਾ ਕਿ ਮਹਾਰਾਜ ਇਹ ਤਾਂ ਫੇਰ ਮਿੱਟੀ ਦਾ ਢੇਲਾ ਬਣ ਗਿਆ।

ਉਸ ਵੇਲੇ ਗੁਰੂ ਮਾਹਾਰਾਜ ਨੇ ਸਾਰੀ ਸੰਗਤ ਨੂੰ ਸੰਬੋਧਨ ਕਰਦੇ ਹੋਏ ਫੁਰਮਾਨ ਕੀਤਾ ਕਿ ਪਿਆਰਿਓ! ਤੁਸੀਂ ਪਾਣੀ ਵਿਚ ਤਿੰਨ ਚੀਜ਼ਾਂ ਦੇਖੀਆਂ ਹਨ, ਪਹਿਲਾਂ ਪਤਾਸੇ ਦੇਖੇ ਹਨ ਜੋ ਪਾਣੀ ਵਿਚ ਪੂਰੀ ਤਰ੍ਹਾਂ ਘੁਲ ਚੁੱਕੇ ਹਨ। ਦੂਸਰਾ ਮਿੱਟੀ ਦਾ ਡਲਾ ਦੇਖਿਆ ਜੋ ਪਾਣੀ ਵਿਚ ਪੈ ਕੇ ਗਾਰਾ ਬਣ ਗਿਆ ਸੀ ਪਰ ਜਦੋਂ ਖੁਸ਼ਕ ਹਵਾ ਲੱਗੀ ਮੁੜ ਕੇ ਢੇਲਾ ਹੀ ਬਣ ਗਿਆ। ਤੀਸਰਾ ਪੱਥਰ ਤੁਸੀਂ ਦੇਖ ਹੀ ਲਿਆ ਕਿ ਜਿੰਨਾਂ ਚਿਰ ਪਾਣੀ ਦੇ ਅੰਦਰ ਸੀ ਓਨੀਂ ਦੇਰ ਭਿਜਿਆ ਨਜ਼ਰ ਆਉਂਦਾ ਸੀ ਪਰ ਅੰਦਰੋਂ ਕਠੋਰ ਸੀ।

ਸਭ ਸਿੱਖ ਗੁਰੂ ਮਹਾਰਾਜ ਜੀ ਕੋਲ ਆਉਂਦੇ ਹਨ ਪਰ ਉਨ੍ਹਾਂ ਦੀਆਂ ਭਾਵਨਾਵਾਂ ਵਿਚ ਬਹੁਤ ਫਰਕ ਹੋਇਆ ਕਰਦਾ ਹੈ। ਇਕ ਕਠੋਰ ਦਿਲ ਵਾਲੇ ਹੋਇਆ ਕਰਦੇ ਹਨ, ਉਨ੍ਹਾਂ ਦਾ ਸਤਿਗੁਰੂ ਨਾਲ ਵੀ ਕੋਈ ਪਿਆਰ ਨਹੀਂ ਹੋਇਆ ਕਰਦਾ। ਉਹ ਆਪਣੇ ਚੌਗਿਰਦੇ ਵਿਚ ਫਸੇ ਰਹਿੰਦੇ ਹਨ ਅਤੇ ਆਪਣੇ ਖਿਆਲਾਂ ਵਿਚ ਐਨੇ ਦ੍ਰਿੜ੍ਹ ਹੋਇਆ ਕਰਦੇ ਹਨ ਕਿ ਸਤਿਗੁਰੂ ਨੂੰ ਕੁਝ ਸਮਝਦੇ ਹੀ ਨਹੀਂ। ਬਾਣੀ ਵਿਚ ਉਨ੍ਹਾਂ ਬਾਰੇ ਐਸਾ ਫੁਰਮਾਨ ਹੈ –

*ਜਿਨ ਕੇ ਚਿਤ ਕਠੋਰ ਹਹਿ ਸੇ ਬਹਹਿ ਨ ਸਤਿਗੁਰ ਪਾਸਿ॥*
*ਓਥੈ ਸਚੁ ਵਰਤਦਾ ਕੂੜਿਆਰਾ ਚਿਤ ਉਦਾਸਿ॥*
*ਪੰਨਾ – 314*

ਕਠੋਰ ਚਿੱਤ ਵਾਲੇ ਕੂੜਿਆਰ ਪੁਰਸ਼ ਹੋਇਆ ਕਰਦੇ ਹਨ, ਉਹ ਰੂਹਾਨੀ ਮਾਰਗ ਵਿਚ ਕੋਈ ਤਰੱਕੀ ਨਹੀਂ ਕਰ ਸਕਿਆ ਕਰਦੇ। ਅਤਿ ਤੋਂ ਜ਼ਿਆਦਾ ਦੁਖ ਉਨ੍ਹਾਂ ਉਪਰ ਵਾਪਰ ਜਾਵੇ ਤਾਂ ਕੁਝ ਢਲਿਆ ਕਰਦੇ ਹਨ, ਨਹੀਂ ਤਾਂ ਕਠੋਰ ਹੀ ਰਹਿੰਦੇ ਹਨ। ਅਜਿਹਾ ਬਾਣੀ ਵਿਚ ਫੁਰਮਾਨ ਹੈ –

*ਜਿਨ ਕੇ ਚਿਤ ਕਠੋਰ ਹਹਿ ਸੇ ਬਹਹਿ ਨ ਸਤਿਗੁਰ ਪਾਸਿ॥*
*ਓਥੈ ਸਚੁ ਵਰਤਦਾ ਕੂੜਿਆਰਾ ਚਿਤ ਉਦਾਸਿ॥*
*ਓਇ ਵਲੁ ਛਲੁ ਕਰਿ ਝਤਿ ਕਢਦੇ*
*ਫਿਰਿ ਜਾਇ ਬਹਹਿ ਕੂੜਿਆਰਾ ਪਾਸਿ॥*
*ਵਿਚਿ ਸਚੇ ਕੂੜੁ ਨ ਗਡਈ ਮਨਿ ਵੇਖਹੁ ਕੋ ਨਿਰਜਾਸਿ॥*
*ਕੂੜਿਆਰ ਕੂੜਿਆਰੀ ਜਾਇ ਰਲੇ ਸਚਿਆਰ*
*ਸਿਖ ਬੈਠੇ ਸਤਿਗੁਰ ਪਾਸਿ॥ ਪੰਨਾ – 314*

ਦੂਸਰੇ ਉਹ ਹਨ ਜਿਨ੍ਹਾਂ ਦਾ ਗੁਰੂ ਨਾਲ ਪ੍ਰੇਮ ਹੋਇਆ ਕਰਦਾ ਹੈ ਪਰ ਆਪਣੇ ਕਾਰੋਬਾਰਾਂ ਨਾਲ, ਆਪਣੇ ਚੌਗਿਰਦੇ ਵਿਚ ਰਹਿਣ ਕਰਕੇ ਗੁਰੂ ਨਾਲ ਪਿਆਰ ਉਚ ਦਰਜੇ ਦਾ ਨਹੀਂ ਹੋਇਆ ਕਰਦਾ, ਆਪਣੇ ਮਨ ਨੂੰ ਪੂਰੀ ਤਰ੍ਹਾਂ ਨਾਲ ਗੁਰੂ ਦੇ ਚਰਨਾਂ ਵਿਚ ਭੇਟਾ ਨਹੀਂ ਕਰਦੇ। ਅਜਿਹੇ ਪੁਰਸ਼ ਜਿਸ ਸਮੇਂ ਗੁਰੂ ਦੇ ਦਰਸ਼ਨਾਂ ਨੂੰ ਆਉਂਦੇ ਹਨ, ਉਨ੍ਹਾਂ ਦੇ ਉਪਦੇਸ਼ ਸੁਣਦੇ ਹਨ, ਉਨ੍ਹਾਂ ਉਪਰ ਮਿੱਟੀ ਦੇ ਡਲੇ ਵਾਂਗੂੰ ਅਸਰ ਹੋ ਜਾਂਦਾ ਹੈ, ਪਰ ਆਪਣੇ ਵਾਤਾਵਰਣ ਵਿਚ ਜਾ ਕੇ ਵਿਕਾਰਾਂ ਦੀ ਹਵਾ ਲੱਗਣ ਨਾਲ ਉਹ ਫੇਰ ਸੁੱਕ ਜਾਂਦੇ ਹਨ।

ਤੀਸਰੇ ਉਹ ਹਨ ਜਿਨ੍ਹਾਂ ਦੇ ਚਿੱਤ ਕੋਮਲ ਹਨ, ਗੁਰੂ ਨਾਲ ਅੰਦਰੋਂ ਪਿਆਰ ਕਰਦੇ ਹਨ। ਜਦੋਂ ਉਹ ਸ਼ਬਦ ਨਾਲ ਜੁੜਦੇ ਹਨ ਤਾਂ ਗੁਰੂ ਰੂਪ ਵਿਚ ਹੀ ਲੀਨ ਹੋ ਜਾਂਦੇ ਹਨ। ਪਾਣੀ ਦਾ ਹੀ ਰੂਪ ਹੋ ਕੇ ਆਪਣੀ ਹੋਂਦ ਤੋਂ ਪਰ੍ਹੇ ਹੋ ਜਾਂਦੇ ਹਨ। ਸੋ ਜਿਹੜਾ ਗੁਰਸਿੱਖ ਗੁਰੂ ਨੂੰ ਵਾਹਿਗੁਰੂ ਦਾ ਰੂਪ ਮੰਨਦਾ ਹੈ ਉਹ ਬੰਦਗੀ ਕਰਦਾ ਹੋਇਆ ਗੁਰੂ ਵਿਚ ਲੀਨ ਹੋ ਜਾਇਆ ਕਰਦਾ ਹੈ, ਉਸ ਨੂੰ ਅਭੇਦ ਅਵਸਥਾ ਦੀ ਪ੍ਰਾਪਤੀ ਹੋ ਜਾਇਆ ਕਰਦੀ ਹੈ। ਇਸ ਕਰਕੇ ਇਸ ਰੂਹਾਨੀ ਮਾਰਗ ਉਪਰ ਚੱਲਣ ਲਈ ਹਿਰਦਾ ਕਠੋਰ ਨਹੀਂ ਹੋਣਾ ਚਾਹੀਦਾ, ਸਗਮਾਂ ਕੋਮਲ ਹਿਰਦਾ ਹੋਣਾ ਚਾਹੀਦਾ ਹੈ।

9. **'ਮਰਿਆਦਾ'** – 'ਆਤਮ ਮਾਰਗ' ਤੇ ਚੱਲਣ ਲਈ ਮਰਿਆਦਾ ਦਾ ਆਹਾਰ ਬਹੁਤ ਹੀ ਆਵਸ਼ਕ ਹੈ। ਪੇਟ ਭਰ ਕੇ ਪਸ਼ੂਆਂ ਵਾਂਗੂੰ ਸੌਣ ਨਾਲ ਰੂਹਾਨੀ ਤਰੱਕੀ ਨਹੀਂ ਹੋਇਆ ਕਰਦੀ ਪਰ ਇਸ ਦੇ ਵਿਪਰੀਤ ਅਲਪ ਆਹਾਰ ਸਰੀਰ ਨੂੰ ਨਰੋਆ ਰਖਦਾ ਹੈ। ਅਲਪ ਆਹਾਰ ਦੀ ਮਰਿਆਦਾ ਭੁੱਖ ਤੋਂ ਚੌਥਾ ਹਿੱਸਾ ਘੱਟ ਖਾਣ ਦੀ ਹੈ। ਦੂਜੀ ਵਿਚਾਰ ਹੈ ਕਿ ਬਿਨਾਂ ਵਿਚਾਰੇ ਕਿਸੇ ਦਾ ਅੰਨ ਨਹੀਂ ਅੰਗੀਕਾਰ ਕਰਨਾ ਚਾਹੀਦਾ ਕਿਉਂਕਿ ਜਿਹੋ ਜਿਹਾ ਅੰਨ ਹੁੰਦਾ ਹੈ ਉਹੋ ਜਿਹਾ ਹੀ ਅਸਰ ਮਨ, ਬੁੱਧੀ ਤੇ ਸਰੀਰ ਤੇ ਹੋਇਆ ਕਰਦਾ ਹੈ। ਆਮ ਕਹਾਵਤ ਹੈ – 'ਜੇਹਾ ਅੰਨ ਤੇਹਾ ਮਨ।' ਇਸ ਉਪਰ ਕਥਾ ਹੈ –

ਇਕ ਵਾਰੀ ਇਕ ਰਾਜਾ ਆਪਣੇ ਰਾਜ ਵਿਚ ਘੋੜੇ ਤੇ ਸਵਾਰ ਹੋ ਕੇ ਜਾ ਰਿਹਾ ਸੀ। ਉਸ ਨੇ ਲੋਕਾਂ ਦੀ ਬਹੁਤ ਭੀੜ ਦੇਖ ਕੇ ਦਰਸ਼ਨ ਕਰਨ ਦਾ ਮਨ ਬਣਾਇਆ। ਉਥੇ ਆ ਕੇ ਕੀ ਦੇਖਦਾ ਹੈ ਕਿ ਬਹੁਤ ਪ੍ਰਭਾਵਸ਼ਾਲੀ ਮਹਾਤਮਾ ਬਹੁਤ ਮਿੱਠੇ ਬਚਨਾਂ ਰਾਹੀਂ ਉਪਦੇਸ ਦੇ ਰਹੇ ਹਨ ਅਤੇ ਸਾਰੇ ਸਰੋਤੇ ਸਮਾਂ ਤੇ ਸਥਾਨ ਭੁੱਲੇ ਹੋਏ ਲੀਨ ਹਨ। ਰਾਜੇ ਨੇ ਵੀ ਬਚਨ ਸੁਣੇ, ਸ਼ਰਧਾ ਭਾਵ ਵਿਚ ਆ ਗਿਆ। ਕਥਾ ਦੀ ਸਮਾਪਤੀ ਤੋਂ ਬਾਅਦ ਉਸ ਨੇ ਮਹਾਤਮਾ ਨੂੰ ਬੇਨਤੀ ਕੀਤੀ ਕਿ ਮੈਂ ਆਪ ਦੇ ਬਚਨਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਹਾਂ। ਮੇਰੇ ਮਨ ਵਿਚ ਖਿਆਲ ਆਇਆ ਹੈ ਕਿ ਪਰਜਾ ਨੂੰ ਆਪ ਦੇ ਬਚਨ ਸੁਣਾਵਾਂ, ਪਰਜਾ ਸੁਖੀ ਹੋਵੇਗੀ ਮੈਂ ਵੀ ਸੁਖੀ ਹੋਵਾਂਗਾ। ਪਰਜਾ ਦੁਖੀ ਹੋਵੇਗੀ ਤਾਂ ਸਾਸ਼ਕ ਨੂੰ ਵੀ ਦੁਖ ਹੁੰਦਾ ਹੈ। ਇਸ ਤਰ੍ਹਾਂ ਦੇ ਬਚਨ ਕਰਕੇ ਮਹਾਂਪੁਰਸ਼ਾਂ ਨੂੰ ਮਨਾ ਲਿਆ ਅਤੇ ਆਪਣੇ ਮਹਿਲਾਂ ਵਿਚ ਲਿਜਾ ਕੇ ਆਸਣ ਲਵਾ ਦਿਤਾ।

ਹਰ ਰੋਜ਼ ਕਥਾ ਕੀਰਤਨ ਚਲਦਾ ਸੀ ਬੇਅੰਤ ਸੰਗਤਾਂ ਆਉਂਦੀਆਂ ਹਨ। ਇਕ ਦਿਨ ਐਸਾ ਹੋਇਆ ਕਿ ਰਾਜੇ ਦੀ ਰਾਣੀ ਆਪਣੇ ਇਸ਼ਨਾਨ-ਘਰ ਵਿਚ ਮਹਾਂਪੁਰਸ਼ਾਂ ਦੇ ਇਸ਼ਨਾਨ ਤੋਂ ਪਹਿਲਾਂ ਹੀ ਇਸ਼ਨਾਨ ਕਰਕੇ ਚਲੀ ਗਈ ਪਰ ਆਪਣਾ ਨੌ ਲੱਖਾ ਹਾਰ ਉਥੇ ਹੀ ਭੁੱਲ ਗਈ। ਜਦੋਂ ਸੰਤ ਜੀ ਆਪਣੇ ਨੀਯਤ ਸਮੇਂ ਉਸੇ ਬਾਥਰੂਮ ਵਿਚ ਇਸ਼ਨਾਨ ਕਰਨ ਆਏ, ਮਹਾਂਪੁਰਸ਼ਾਂ ਦੀ ਨਜ਼ਰ ਖੂੰਟੀ ਨਾਲ ਲਟਕ ਰਹੇ ਹਾਰ ਉਤੇ ਪੈ ਗਈ। ਮਨ ਵਿਚ ਵਿਕਾਰ ਉਠਿਆ ਅਤੇ ਲੋਭ ਦੀ ਭਾਵਨਾ ਜਾਗ ਉਠੀ। ਆਪ ਖੂੰਟੀ ਤੋਂ ਹਾਰ ਚੁੱਕ ਕੇ ਬਗੈਰ ਇਸ਼ਨਾਨ ਕੀਤੇ ਬਾਹਰ ਆ ਗਏ ਅਤੇ ਗੱਠੜੀ ਬੰਨ੍ਹ ਕੇ ਰਾਜੇ ਦੇ ਮਹਿਲਾਂ 'ਚੋਂ ਬਾਹਰ ਚਲੇ ਗਏ।

ਦਿਨ ਚੜ੍ਹੇ ਰਾਣੀ ਨੂੰ ਯਾਦ ਆਇਆ ਕਿ ਮੇਰਾ ਨੌ ਲੱਖਾ ਹਾਰ, ਇਸ਼ਨਾਨ ਘਰ ਵਿਚ ਰਹਿ ਗਿਆ, ਤਲਾਸ਼ ਕਰਨ ਤੇ ਵੀ ਨਹੀਂ ਮਿਲਿਆ। ਇਹ ਵੀ ਪਤਾ ਲੱਗਿਆ ਕਿ ਮਹਾਂਪੁਰਸ਼ ਵੀ ਅੱਜ ਚਲੇ ਗਏ ਹਨ, ਉਨ੍ਹਾਂ ਦੇ ਪਿਛੇ ਪੁਲਿਸ ਵੀ ਭੇਜੀ ਪਰ ਪਤਾ ਲੱਗਿਆ ਕਿ ਇਸ ਰਾਜ ਦੀ ਹੱਦ ਪਾਰ ਕਰਕੇ ਉਨ੍ਹਾਂ ਨੇ ਅਗਲੇ ਰਾਜ ਵਿਚ ਜਾ ਕੇ ਇਕ ਮੰਦਰ ਵਿਚ ਆਸਣ ਲਾ ਲਿਆ ਹੈ।

ਕਾਫੀ ਸਮਾਂ ਬੀਤ ਗਿਆ। ਮੁੜ ਕੇ ਓਹੀ ਪੋਟਲੀ ਚੁੱਕ ਕੇ ਮਹਾਤਮਾ ਇਕ ਦਿਨ ਰਾਜੇ ਦੇ ਮਹਿਲਾਂ ਵਿਚ ਹਾਜ਼ਰ ਹੋ ਗਏ। ਰਾਜਾ ਉਸ ਸਮੇਂ ਕਚਹਿਰੀ ਵਿਚ ਸੀ, ਉਸ ਨੇ ਮਹਾਤਮਾ ਨੂੰ ਦੇਖਿਆ ਅਤੇ ਆਉਣ ਦਾ ਕਾਰਨ ਪੁਛਿਆ। ਉਸ ਨੇ ਕਿਹਾ ਕਿ ਮਹਾਰਾਜ! ਮੈਂ ਆਪ ਦਾ ਚੋਰ ਆ ਗਿਆ। ਮੈਂ ਆਪ ਦਾ ਹਾਰ ਚੁੱਕ ਕੇ ਲੈ ਗਿਆ ਸੀ। ਰਾਜੇ ਨੇ ਪੁਛਿਆ ਕਿ ਹੁਣ ਐਸਾ ਕੀ ਕਾਰਨ ਹੈ ਕਿ ਹੁਣ ਤੂੰ ਹਾਰ ਵਾਪਸ ਕਰਨ ਆਇਆਂ ਹੈਂ? ਉਸ ਨੇ ਕਿਹਾ ਕਿ ਮੈਂ ਇਹੀ ਜਾਨਣ ਵਾਸਤੇ ਆਇਆ ਹਾਂ। ਜਿਨ੍ਹਾਂ ਦਿਨਾਂ ਵਿਚ ਮੈਂ ਹਾਰ ਚੁਕਿਆ ਸੀ ਉਸ ਸਮੇਂ ਅਨਾਜ ਕਿਥੋਂ ਆਇਆ ਸੀ? ਖੋਜ ਕਰਨ ਤੇ ਪਤਾ ਲੱਗਿਆ ਕਿ ਇਹ ਅਨਾਜ ਕਿਸੇ ਭਲੇ ਪੁਰਸ਼ ਦਾ ਨਹੀਂ ਸੀ, ਮੰਦ ਕਰਮ ਕਰਨ ਵਾਲੇ ਨਾਲ ਸਬੰਧ ਰਖਦਾ ਸੀ। ਕਿਸੇ ਕਾਰਨ ਕਰਕੇ ਉਸ ਦਾ ਘਰ ਜ਼ਬਤ ਹੋ ਗਿਆ, ਕਰਮਚਾਰੀ ਉਸ ਦੇ ਘਰ ਵਿਚੋਂ ਅਨਾਜ ਚੁੱਕ ਲਿਆਏ ਅਤੇ ਰਾਜੇ ਦੇ ਲੰਗਰ ਵਿਚ ਵਰਤਣ ਲਗ ਗਏ।

ਮਹਾਤਮਾ ਨੇ ਕਿਹਾ ਕਿ ਮੈਂ ਮਾੜਾ ਅੰਨ ਖਾ ਕੇ ਆਪਣੇ ਮਾਰਗ ਤੋਂ ਭਟਕ ਗਿਆ ਸੀ ਅਤੇ ਮੈਂ ਆਪ ਦਾ ਹਾਰ ਚੁਕ ਲਿਆ। ਜਦੋਂ ਮੈਂ ਦੂਸਰੇ ਰਾਜੇ ਦੇ ਰਾਜ ਵਿਚ ਗਿਆ, ਉਥੇ ਮੈਨੂੰ ਮਰੋੜੇ ਲਗ ਗਏ। ਮੈਂ ਤਿੰਨ ਮਹੀਨੇ ਮਰੋੜਾਂ ਨਾਲ ਪੀੜਤ ਰਿਹਾ ਅਤੇ ਸੁੱਕ ਕੇ ਪਿੰਜਰ ਬਣ ਗਿਆ। ਜਦੋਂ ਅੰਨ ਦਾ ਅਸਰ ਮੇਰੇ ਸਰੀਰ ਦੇ ਰਕਤ ਵਿਚੋਂ ਲਹਿ ਗਿਆ ਤਾਂ ਮੈਂ ਬਹੁਤ ਪਛਤਾਇਆ ਕਿ ਮੈਂ ਇਹ ਹਾਰ ਕੀ ਕਰਨਾ ਹੈ, ਕਿਉਂ ਮੈਂ ਇਹ ਹਾਰ ਚੁਕਿਆ? ਸੋ ਮਹਾਰਾਜ ਮੇਰੇ ਉਪਰ ਮਾੜੇ ਅੰਨ ਦਾ ਅਸਰ ਸੀ ਜਿਸ ਨੇ ਮੇਰੀ ਬੁੱਧੀ ਨੂੰ ਭ੍ਰਿਸ਼ਟ ਕਰ ਦਿਤਾ। ਰਹਿਤਨਾਮੇ ਵਿਚ ਵੀ ਫੁਰਮਾਨ ਹੈ –

***ਜਾ ਕੀ ਰਹਿਤ ਨਾ ਜਾਣੀਐ ਗੁਰਬਾਣੀ ਨਹੀ ਰੀਤ॥***
***ਤਿਸ ਦੇ ਹਥਹੁ ਖਾਧੀਐ ਵਿਸਰੈ ਹਰਿ ਕੀ ਪ੍ਰੀਤ॥***

ਇਸੇ ਕਰਕੇ ਗੁਰੂ ਮਹਾਰਾਜ ਜੀ ਨੇ ਮਿਹਨਤ ਨਾਲ ਕੀਤੀ ਹੋਈ ਕਮਾਈ ਨੂੰ ਸਤਿ ਮਾਰਗ ਤੇ ਚੱਲਣ ਲਈ ਸਹਾਇਕ ਦੱਸਿਆ ਹੈ। ਆਹਾਰ ਕਰਨ ਤੋਂ ਪਹਿਲਾਂ ਇਹ ਜਾਨਣਾ ਬਹੁਤ ਜ਼ਰੂਰੀ ਹੁੰਦਾ ਹੈ ਕਿ ਆਹਾਰ ਪਾਪ ਦੀ ਕਮਾਈ ਦਾ ਤਾਂ ਨਹੀਂ ਹੈ। ਗੁਰੂ ਨਾਨਕ ਪਾਤਸ਼ਾਹ ਨੇ ਇਸ ਗੱਲ ਦਾ ਸਪਸ਼ਟ ਨਿਰਣਾ ਕਰਕੇ ਸਾਰਿਆਂ ਨੂੰ ਦੱਸਿਆ ਸੀ ਕਿ ਖੋਹ ਖਿੰਝ, ਧੱਕੇ, ਧੋੜੀਆਂ, ਚੋਰੀ ਆਦਿ ਕਰਮਾਂ ਨਾਲ ਕਮਾਇਆ ਅੰਨ, ਅੰਨ ਨਹੀਂ ਹੋਇਆ ਕਰਦਾ, ਉਹ ਬਦਬੂਦਾਰ ਲਹੂ ਤੇ ਪਾਕ ਹੋਇਆ ਕਰਦੀ ਹੈ।

ਗੁਰੂ ਨਾਨਕ ਪਾਤਸ਼ਾਹ ਜੀ ਏਮਨਾਬਾਦ ਭਾਈ ਲਾਲੋ ਜੀ ਦੇ ਪ੍ਰੇਮ ਬੰਨ੍ਹੇ ਉਸ ਪਾਸ ਕੁਝ ਦਿਨਾਂ ਲਈ ਟਿਕੇ ਹੋਏ ਸਨ। ਭਾਈ ਮਰਦਾਨਾ ਨਾਲ ਸੀ। ਉਸੇ ਸ਼ਹਿਰ ਦੇ ਇਕ ਅਮੀਰ ਖਤ੍ਰੀ ਮਲਕ ਭਾਗੋ ਨੇ ਆਪਣੇ ਘਰ ਬ੍ਰਹਮ ਭੋਜ ਕੀਤਾ। ਉਸ ਵਿਚ ਗੁਰੂ ਨਾਨਕ ਦੇਵ ਜੀ ਨੂੰ ਭੀ ਬੁਲਾਇਆ। ਪ੍ਰਸ਼ਾਦਾ ਵਰਤਣ ਸਮੇਂ ਉਸ ਨੇ ਗੁਰੂ ਮਹਾਰਾਜ ਜੀ ਅੱਗੇ ਖੀਰ, ਪੂਰੀ, ਆਦਿ ਭੋਜਨ ਰੱਖ ਕੇ ਭੋਜਨ ਛਕਣ ਲਈ ਬੇਨਤੀ ਕੀਤੀ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਪ੍ਰੇਮੀਆ! ਸ਼ੁਧ ਅੰਨ ਖਾਣਾ ਚਾਹੀਦਾ ਹੈ, ਮਾੜਾ ਅੰਨ ਸਰੀਰ ਵਿਚ ਮੈਲ ਭਰੇ ਫੁਰਨੇ ਪੈਦਾ ਕਰਦਾ ਹੈ। ਬਿਰਤੀ ਭਜਨ ਬੰਦਗੀ ਵਿਚ ਨਹੀਂ ਲੱਗਿਆ ਕਰਦੀ। ਆਪ ਨੇ ਭਾਈ ਲਾਲੋ ਖਤਰੀ ਨੂੰ ਕਿਹਾ ਕਿ ਭਾਈ ਲਾਲੋ! ਆਪਣੀ ਸੁੱਚੀ ਕਿਰਤ ਦਾ ਅੰਨ ਲਿਆ। ਉਹ ਕੋਧਰੇ ਦੀ ਸੁੱਕੀ ਰੋਟੀ ਲੈ ਆਇਆ। ਗੁਰੂ ਮਹਾਰਾਜ ਜੀ ਨੇ ਸਾਰੇ ਸਾਧੂਆਂ ਦੀ ਲੱਗੀ ਪੰਗਤ ਵਿਚ ਜਦੋਂ ਦੋਹਾਂ ਦਾ ਅੰਨ ਲੈ ਕੇ ਨਪੀੜਿਆ ਤਾਂ ਭਾਈ ਲਾਲੋ ਦੀ ਸੁੱਚੀ ਕ੍ਰਿਤ ਵਾਲੇ ਪ੍ਰਸ਼ਾਦੇ ਵਿਚੋਂ ਦੁਧ ਦੀ ਧਾਰ ਵਗ ਤੁਰੀ ਅਤੇ ਮਲਕ ਭਾਗੋ ਦੀਆਂ ਪੂਰੀਆਂ, ਮਠਿਆਈਆਂ ਵਿਚੋਂ ਖੂਨ ਦੀ ਧਾਰ ਵਗ ਤੁਰੀ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਕਿਹਾ ਕਿ ਪਿਆਰਿਓ! ਰਿਸ਼ਵਤਾਂ, ਚੋਰੀਆਂ, ਧੋਖਿਆਂ ਨਾਲ ਕਮਾਇਆ ਧਨ ਮੈਲਾ ਹੋਇਆ ਕਰਦਾ ਹੈ ਜਿਸ ਨਾਲ ਅੰਤਸ਼ਕਰਣ ਵਿਚ ਮੈਲ ਭਰ ਜਾਇਆ ਕਰਦੀ ਹੈ। ਇਸ ਦੀ ਥਾਂ ਮਿਹਨਤ ਦਾ ਧਨ ਸ਼ੁਧ ਹੋਇਆ ਕਰਦਾ ਹੈ।

10. **'ਸੌਚ'** – (ਪਵਿੱਤਰ ਹੋਣਾ) ਆਦਮੀ ਦੇ ਅੰਦਰ ਬਹੁਤ ਕਿਸਮ ਦੀਆਂ ਮੈਲਾਂ ਹਨ। ਕਪੜੇ ਮੈਲੇ ਹੋ ਜਾਂਦੇ ਹਨ ਜਿਸ ਕਰਕੇ ਸਰੀਰ ਵੀ ਮੈਲਾ ਹੋ ਜਾਇਆ ਕਰਦਾ ਹੈ, ਆਦਮੀ ਦੇ ਅੰਦਰ ਸੰਸਕਾਰਾਂ ਦੀ ਮੈਲ ਭਰੀ ਪਈ ਹੈ, ਰਾਗ ਦ੍ਵੈਸ਼ ਦੀ ਮੈਲ ਨਾਲ ਹਿਰਦਾ ਭਰਿਆ ਪਿਆ ਹੈ, ਜਿਸ ਨੂੰ ਸਾਫ ਕਰਨ ਦੀ ਲੋੜ ਹੈ। ਸਰੀਰ ਤੇ ਵਸਤਰਾਂ ਦੀ ਮੈਲ ਪੂਰੀ ਵਿਧੀ ਨਾਲ ਇਸ਼ਨਾਨ ਕਰਕੇ ਦੂਰ ਹੋ ਜਾਂਦੀ ਹੈ ਪਰ ਹਿਰਦੇ ਦੀ ਰਾਗ ਦ੍ਵੈਸ਼ ਦੀ ਜੋ ਮੈਲ ਹੈ, ਇਸ ਨੂੰ ਦੂਰ ਕਰਨ ਲਈ ਹੋਰ ਤਰ੍ਹਾਂ ਦਾ ਸਾਬਣ ਮਿਲਦਾ ਹੈ। ਬਾਣੀ ਵਿਚ ਐਸਾ ਫੁਰਮਾਨ ਹੈ –

***ਭਰੀਐ ਹਥੁ ਪੈਰੁ ਤਨੁ ਦੇਹ॥***
***ਪਾਣੀ ਧੋਤੈ ਉਤਰਸੁ ਖੇਹ॥***
***ਮੂਤ ਪਲੀਤੀ ਕਪੜੁ ਹੋਇ॥***
***ਦੇ ਸਾਬੂਣੁ ਲਈਐ ਓਹੁ ਧੋਇ॥***
***ਭਰੀਐ ਮਤਿ ਪਾਪਾ ਕੈ ਸੰਗਿ॥***
***ਓਹੁ ਧੋਪੈ ਨਾਵੈ ਕੈ ਰੰਗਿ॥*** **ਪੰਨਾ – 4**

ਪੂਰੀ ਸੁੱਚ ਪ੍ਰਾਪਤ ਕਰਨ ਵਾਸਤੇ, ਬਾਹਰਲੀ ਮੈਲ ਪਾਣੀ ਅਤੇ ਸਾਬਣ ਨਾਲ ਧੋਤੀ ਜਾਂਦੀ ਹੈ। ਬਚਨਾਂ ਦੀ ਮੈਲ ਮਿੱਠਾ ਬੋਲ ਕੇ ਲਹਿ ਜਾਂਦੀ ਹੈ, ਮਨ ਦੀ ਮੈਲ ਉਤਾਰਨ ਦਾ ਸਭ ਤੋਂ ਸੁਖਾਲਾ ਤਰੀਕਾ ਹੈ ਕਿ ਇਕ ਤਾਂ ਆਪਣੇ ਆਪ ਨੂੰ ਸਭ ਤੋਂ ਮੰਦਾ ਜਾਣੇ, ਦੂਸਰਾ ਸਾਰਿਆਂ ਵਿਚ ਇਕੋ ਵਾਹਿਗੁਰੂ ਵਿਆਪਕ ਦੇਖਦਾ ਹੋਇਆ ਅਰਦਾਸ ਕਰੇ –

***ਨਾਨਕ ਨਾਮ ਚੜ੍ਹਦੀ ਕਲਾ,***
***ਤੇਰੇ ਭਾਣੇ ਸਰਬੱਤ ਦਾ ਭਲਾ।***

ਇਸ ਤਰ੍ਹਾਂ ਇਸ ਦੇ ਅੰਦਰੋਂ ਰਾਗ ਦ੍ਵੈਸ਼ ਦੀ ਮੈਲ ਲਹਿ ਜਾਵੇਗੀ। ਤੀਸਰੀ ਮੈਲ ਬੁੱਧੀ ਦੀ ਹੁੰਦੀ ਹੈ, ਉਹ ਗੁਰਬਾਣੀ, ਸਤਿ

(ਬਾਕੀ ਪੰਨਾ 33 ਤੇ)

# ਮਾਧਵੇ ਕਿਆ ਕਹੀਐ ਭ੍ਰਮੁ ਐਸਾ.............॥

*ਸੰਤ ਵਰਿਆਮ ਸਿੰਘ ਜੀ*
*ਉਤਾਰਾ ਕਰਤਾ - ਪ੍ਰੋ. ਗੁਰਦੇਵ ਸਿੰਘ*

ਸ਼ਾਨ ..........................................।

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ॥*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ - 256*

*ਜੇ ਹਉ ਭੂਲ ਵਿਗਾੜਿਆ ਨਾ ਕਰ ਮੈਲਾ ਚਿਤ॥*
*ਸਾਹਿਬ ਗਉਰਾ ਲੋੜੀਏ ਨਫਰ ਵਿਗਾੜੇ ਨਿਤ॥*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਪੰਨਾ - 289*

*ਧਾਰਨਾ - ਪਿਆਰੇ ਜਬ ਤੇ ਦਰਸ਼ਨ ਪਾਇਆ,*
*ਸੰਸਾ ਉਤਰ ਗਿਆ -2, 2.*
*ਸੰਸਾ ਮੇਰਾ ਜੀ ਉਤਰ ਗਿਆ -2, 2.*
*ਪਿਆਰੇ ਜਬ ਤੇ ਦਰਸ਼ਨ ਪਾਇਆ,...... -2*

*ਠਾਕੁਰ ਤੁਮ੍ ਸਰਣਾਈ ਆਇਆ॥*
*ਉਤਰਿ ਗਇਓ ਮੇਰੇ ਮਨ ਕਾ ਸੰਸਾ*
*ਜਬ ਤੇ ਦਰਸਨੁ ਪਾਇਆ॥*
*ਅਨਬੋਲਤ ਮੇਰੀ ਬਿਰਥਾ ਜਾਨੀ ਅਪਨਾ ਨਾਮੁ ਜਪਾਇਆ॥*
*ਦੁਖ ਨਾਠੇ ਸੁਖ ਸਹਜਿ ਸਮਾਏ ਅਨਦ ਅਨਦ ਗੁਣ ਗਾਇਆ॥*
*ਬਾਹ ਪਕਰਿ ਕਢਿ ਲੀਨੇ ਅਪੁਨੇ ਗ੍ਰਿਹ ਅੰਧ ਕੂਪ ਤੇ ਮਾਇਆ॥*
*ਕਹੁ ਨਾਨਕ ਗੁਰਿ ਬੰਧਨ ਕਾਟੇ ਬਿਛੁਰਤ ਆਨਿ ਮਿਲਾਇਆ॥*
*ਪੰਨਾ - 1218*

*ਧਾਰਨਾ - ਸੰਸਾ ਮੇਰਾ ਓ ਉਤਰ ਗਿਆ,*
*ਸੰਸਾ ਮੇਰਾ ਜੀ ਉਤਰ ਗਿਆ -2, 2.*
*ਪਿਆਰੇ ਜਬ ਤੇ ਦਰਸ਼ਨ ਪਾਇਆ।*
*ਸੰਸਾ ਮੇਰਾ ਓ ਉਤਰ ਗਿਆ,......... -2*

ਸਾਧ ਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਆਪ ਕਾਰੋਬਾਰ ਸੰਕੋਚਦੇ ਹੋਏ ਗੁਰੂ ਦਰਬਾਰ ਵਿਚ ਪਹੁੰਚੇ ਹੋ। ਕਲਜੁਗ ਦੇ ਅੰਦਰ ਜੀਵ ਦੇ ਨਿਸਤਾਰੇ ਵਾਸਤੇ ਜੋ ਮਹਾਨ ਸਾਧਨ ਹੈ ਉਹ ਸਤਿਸੰਗ ਅਤੇ ਕੀਰਤਨ ਹੈ।

*ਹਰ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥*
*ਪੰਨਾ - 642*

ਲੇਕਿਨ ਇਹ ਪ੍ਰਾਪਤ ਨਹੀਂ ਹੋਇਆ ਕਰਦੀ, ਜਿਸ ਦੇ ਮਸਤਕ ਵਿਚ ਭਾਗ ਹੋਣ ਉਸ ਨੂੰ ਸਤਿਸੰਗ ਦਾ ਦਰਵਾਜ਼ਾ ਮਿਲ ਜਾਇਆ ਕਰਦਾ ਹੈ। ਕਿਉਂਕਿ ਪ੍ਰਮੇਸ਼ਰ ਦੇ ਦਰ ਦੇ ਚਾਰ ਦਰਵਾਜੇ ਮੁੱਖ ਗਿਣੇ ਗਏ ਹਨ। ਪਹਿਲਾ ਸਮ ਹੈ, ਜਿਸ ਨੂੰ ਸਮਤਾ ਆਖਦੇ ਹਨ, ਜੀਵਨ ਦੇ ਅੰਦਰ ਸੰਤੁਲਨ (balance), ਦੂਸਰਾ ਸੰਤੋਖ ਹੋਇਆ ਕਰਦਾ ਹੈ - ਸਾਰੇ ਇੰਦਰਿਆਂ ਦਾ ਅਤੇ ਕਿਰਤ ਕਮਾਈ ਦਾ ਸੰਤੋਖ। ਤੀਸਰਾ ਆਤਮ ਤੇ ਅਨਾਤਮ ਦੀ ਵਿਚਾਰ, ਜਿਸ ਨੂੰ ਵਿਵੇਕ ਆਖਦੇ ਹਨ। ਚੌਥਾ ਸਤਸੰਗ ਹੋਇਆ ਕਰਦਾ ਹੈ।

*ਸਤਸੰਗਤਿ ਕੈਸੀ ਜਾਣੀਐ॥*
*ਜਿਥੈ ਏਕੋ ਨਾਮੁ ਵਖਾਣੀਐ॥* *ਪੰਨਾ - 72*

ਜਿਥੇ ਕੇਵਲ ਨਾਮ ਦੀ ਵਿਆਖਿਆ ਹੁੰਦੀ ਹੋਵੇ ਉਸ ਨੂੰ ਸਤਿਸੰਗ ਆਖਿਆ ਜਾਂਦਾ ਹੈ। ਕਲਜੁਗ ਦਾ ਸਮਾਂ ਜੋ ਤਪ ਰਿਹਾ ਹੈ ਤੇ ਬਲ ਰਿਹਾ ਹੈ, ਇਸ ਜੁਗ ਦੇ ਅੰਦਰ ਸਤਿਸੰਗ ਜੀਵਾਂ ਦੇ ਕਲਿਆਣ ਦਾ ਮੁਖ ਸਾਧਨ ਹੁੰਦਾ ਹੈ।

ਦੂਸਰੇ ਪਾਤਸ਼ਾਹ ਜੀ, ਗੁਰੂ ਅੰਗਦ ਸਾਹਿਬ ਮਹਾਰਾਜ, ਦੇ ਦਰਬਾਰ ਵਿਚ, ਬਹੁਤ ਗੁਰਮੁਖ ਪਿਆਰੇ ਬੈਠੇ ਹਨ, ਜਿਨ੍ਹਾਂ ਦੇ ਵਿਚ ਬਾਬਾ ਬੁੱਢਾ ਜੀ, ਭਾਈ ਮਨਸੁਖ ਜੀ ਤੇ ਭਾਈ ਭਗੀਰਥ ਆਦਿ ਇਹ ਸਾਰੇ ਸਸ਼ੋਭਿਤ ਹਨ। ਕਹਿਣ ਲੱਗੇ, "ਸੱਚੇ ਪਾਤਿਸ਼ਾਹ! ਕਲਜੁਗ ਦਿਨੋ ਦਿਨ ਵਧਦਾ ਜਾ ਰਿਹੈ। ਬਚਪਨ ਵਿਚ ਜੋ ਹਾਲਾਤ ਦੇਖੇ ਸਨ, ਹੁਣ ਬੁਢਾਪੇ ਵਿਚ ਬਹੁਤ ਤੇਜ਼ੀ ਨਾਲ ਬਦਲਦੇ ਜਾ ਰਹੇ ਹਨ। ਜਿਉਂ ਜਿਉਂ ਸਮਾਂ ਅੱਗੇ ਤੁਰਿਆ ਜਾ ਰਿਹੈ ਤਿਉਂ-ਤਿਉਂ ਹੀ ਕਲਜੁਗ ਦਾ ਸੁਭਾਅ ਬਦਲਦਾ ਜਾ ਰਿਹਾ ਹੈ। ਇਹ ਕੀ ਹੋਏਗਾ ਮਹਾਰਾਜ?" ਗੁਰੂ ਨਾਨਕ ਸਾਹਿਬ ਜੀ ਨੇ ਆਖਿਆ ਹੈ ਕਿ -

*ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ॥*
*ਪੰਨਾ - 470*

ਸੱਚੇ ਪਾਤਸ਼ਾਹ ਜੀ! ਅੱਗ ਦਾ ਰੱਥ ਲਾਟਾਂ ਮਾਰ ਰਿਹੈ ਝੂਠ ਜ਼ਿੰਦਗੀ ਦਾ ਰਥਵਾਹੀ ਬਣਿਆ ਹੋਇਐ। ਕੀ ਐਸੇ ਭਿਆਨਕ ਸਮੇਂ ਵਿਚ ਕੋਈ ਸਾਧਨ ਐਸਾ ਹੈ ਜਿਸਦੇ ਕਰਨ ਨਾਲ ਅਸੀਂ ਬਚ ਜਾਈਏ? ਮਹਾਰਾਜ ਜੀ ਨੇ ਬਚਨ ਕੀਤਾ ਕਿ ਭਾਈ ਪ੍ਰੇਮੀਓ! ਇਕ ਦ੍ਰਿਸ਼ਟਾਂਤ ਨਾਲ ਗੱਲ ਨੂੰ ਸਮਝੋ। ਜਿਵੇਂ ਇਕ ਸੰਘਣਾ ਜੰਗਲ ਹੈ ਤੇ ਉਸ ਵਣ ਦੇ ਅੰਦਰ ਬੇਅੰਤ ਜੰਗਲੀ ਜਾਨਵਰ ਤੇ ਪੰਛੀ ਰਹਿ ਰਹੇ ਹਨ। ਹੋਰ ਜੀਵ ਜੰਤੂ ਰਹਿ ਰਹੇ ਹਨ, ਸ਼ੇਰ ਤੇ ਹਰਨ ਆਦਿ ਰਹਿ ਰਹੇ ਹਨ। ਜੇਕਰ ਉਸ ਜੰਗਲ ਨੂੰ ਅੱਗ ਲੱਗ ਜਾਵੇ ਤੇ ਹਜ਼ਾਰਾਂ ਦੀ ਤਦਾਦ ਵਿਚ ਜਾਨਵਰ ਜਿਉਂਦੇ ਜਲ ਰਹੇ ਹੋਣ ਪਰੰਤੂ ਕੋਈ-ਕੋਈ ਭਾਗਸ਼ਾਲੀ, ਹਿੰਮਤੀ ਤੇ ਉਦਮੀ ਜਾਨਵਰ, ਪਸ਼ੂ ਆਦਿ ਹਿੰਮਤ ਕਰਕੇ, ਉਸ ਪਾਸੇ ਨੂੰ ਚਲ ਪਵੇ ਜਿਸ ਪਾਸੇ ਇਕ ਸ਼ੀਤਲ ਜਲ ਦੀ ਨਦੀ ਵਹਿ ਰਹੀ ਹੋਵੇ ਤੇ ਉਸ ਨਦੀ ਦੇ ਪਾਣੀ ਅੰਦਰ ਛਾਲ ਮਾਰ ਦੇਵੇ ਤਾਂ ਉਹ ਬਚ ਜਾਇਆ ਕਰਦਾ ਹੈ। ਉਸ ਨੂੰ ਜੰਗਲ ਦੀ ਅੱਗ ਦਾ ਸੇਕ ਕੁਝ ਨਹੀਂ ਕਹੇਗਾ, ਕਿਉਂਕਿ ਉਹ ਅਗਨ ਤੋਂ, ਜਲਣ ਤੋਂ ਬਚ ਗਿਆ। ਇਸੇ ਤਰ੍ਹਾਂ ਕਲਜੁਗ ਦੇ ਅੰਦਰ, ਜਦੋਂ ਕਿ ਸੰਸਾਰ ਜਲ-ਬਲ ਰਿਹੈ, ਚਾਰੇ ਪਾਸੇ ਈਰਖਾ ਦੀਆਂ, ਦ੍ਵੈਤ ਦੀਆਂ, ਵੈਰ ਦੀਆਂ, ਵਿਰੋਧ ਦੀਆਂ, ਤ੍ਰਿਸ਼ਨਾ ਦੀਆਂ, ਆਪਣੇ ਹਿਤ ਦੀਆਂ ਲਾਟਾਂ ਹੀ ਲਾਟਾਂ ਨਿਕਲਦੀਆਂ ਹਨ ਤਾਂ ਉਸ ਵੇਲੇ ਜੀਵ ਦੇ ਬਚਣ

ਦਾ ਕੋਈ ਸਾਧਨ ਨਹੀਂ ਹੋਇਆ ਕਰਦਾ ਪਰੰਤੂ ਕਲਜੁਗ ਦੇ ਅੰਦਰ ਕੋਈ ਸਾਧਨ ਹੈ ਤਾਂ ਉਹ ਕੇਵਲ ਸਤਿਸੰਗ ਹੈ ਤੇ ਹਰੀ ਦਾ ਕੀਰਤਨ ਹੈ। ਇਹ ਦੋ ਚੀਜ਼ਾਂ ਜੇ ਪ੍ਰਾਪਤ ਹੋ ਜਾਣ ਤਾਂ ਜੀਵ ਬਚ ਜਾਇਆ ਕਰਦਾ ਹੈ। ਜੇ ਇਹ ਚੀਜ਼ਾਂ ਪ੍ਰਾਪਤ ਨਹੀਂ ਹੁੰਦੀਆਂ ਤਾਂ ਕਲਜੁਗ ਜੋ ਕਿ ਅੱਗ ਦਾ ਰੱਥ ਹੈ, ਉਸ ਵਿਚ ਸੰਸਾਰ ਝੁਲਸ ਕੇ ਮਰ ਜਾਵੇਗਾ ਤੇ ਖਤਮ ਹੋ ਜਾਏਗਾ। ਇਸੇ ਲਈ ਮਹਾਰਾਜ ਦਾ ਫੁਰਮਾਨ ਹੈ ਕਿ –

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥***
***ਪੰਨਾ – 642***

ਸੋ ਹਰੀ ਦਾ ਕੀਰਤਨ ਤੇ ਸਾਧੂ ਦੀ ਸੰਗਤ ਦੋ ਸ੍ਰੇਸ਼ਠ ਕਰਮ ਹਨ ਤੇ ਉਹ ਉਸ ਨੂੰ ਪ੍ਰਾਪਤ ਹੁੰਦੈ ਜਿਸਦੇ ਪਿਛਲੇ ਜਨਮਾਂ ਵਿਚ ਕੀਤੇ ਕਰਮਾਂ ਕਰਕੇ ਚੰਗੇ ਭਾਗ ਬਣੇ ਹੋਣ, ਨਹੀਂ ਤਾਂ ਮਨੁੱਖ ਦੁਖੀ ਰਿਹਾ ਕਰਦਾ ਹੈ।

ਸੋ ਸੰਸਾਰ ਦੇ ਅੰਦਰ ਤਿੰਨ ਕਿਸਮ ਦੇ ਬੰਦੇ ਦੁਖੀ ਰਿਹਾ ਕਰਦੇ ਹਨ ਪਰ ਗਿਆਨਵਾਨ ਪੁਰਸ਼ ਸੁਖੀ ਰਿਹਾ ਕਰਦਾ ਹੈ। ਜਿਸ ਤਰ੍ਹਾਂ ਦੇ ਨਾਲ ਇਕ ਸ਼ੀਸ਼ੇ ਦਾ ਮਹਿਲ ਹੋਵੇ ਤੇ ਚਾਰੇ ਪਾਸੇ ਸ਼ੀਸ਼ੇ ਹੀ ਸ਼ੀਸ਼ੇ ਲੱਗੇ ਹੋਣ, ਜਿਧਰ ਦੇਖੇ ਉਸ ਨੂੰ ਆਪਣਾ ਹੀ ਪ੍ਰਤੀਬਿੰਬ ਨਜ਼ਰ ਆਉਂਦਾ ਹੋਵੇ। ਐਸੇ ਸ਼ੀਸ਼ ਮਹਿਲ ਦੇ ਦਰਵਾਜ਼ੇ ਖੁਲ੍ਹੇ ਰਹਿ ਗਏ ਤੇ ਉਥੇ ਇਕ ਕੁੱਤਾ ਜਿਸ ਦੇ ਮੂੰਹ ਵਿਚ ਰੋਟੀ ਹੈ, ਇਸ ਮਹਿਲ ਦੇ ਅੰਦਰ ਦਾਖਲ ਹੋ ਗਿਆ। ਜਦੋਂ ਆਲੇ ਦੁਆਲੇ ਦੇਖਦਾ ਹੈ ਤਾਂ ਉਸ ਨੂੰ ਉਹਦੇ ਵਰਗੇ ਹਜ਼ਾਰਾਂ ਕੁੱਤੇ ਨਜ਼ਰ ਆ ਰਹੇ ਹਨ ਕਿਉਂਕਿ ਇਕ ਪਰਛਾਵਾਂ ਸਾਮ੍ਹਣੇ ਪੈਂਦੈ ਤੇ ਇਕ ਪਿਛੇ, ਤੇ ਪਿਛੇ ਵਾਲਾ ਫੇਰ ਅੱਗੇ ਪੈਂਦਾ ਹੈ ਤੇ ਉਹ ਫੇਰ ਅੱਗੇ ਪੈਂਦਾ ਹੈ। ਸਾਰੇ ਪਾਸੇ ਦੇਖ ਕੇ ਹੈਰਾਨ ਹੋ ਗਿਆ ਕਿ ਇਹ ਤਾਂ ਸਾਰੇ ਕੁੱਤਿਆਂ ਦੇ ਮੂੰਹਾਂ ਦੇ ਵਿਚ ਰੋਟੀਆਂ ਹਨ ਤੇ ਸੋਚਿਆ ਕਿ ਪਹਿਲਾਂ ਇਕ ਤੋਂ ਖੋਹੀਏ ਤੇ ਫਿਰ ਦੂਜਿਆਂ ਤੋਂ ਖੋਹ ਲਵਾਂਗੇ। ਕੁੱਤਿਆਂ ਦਾ ਸੁਭਾਅ ਐਸਾ ਹੀ ਹੁੰਦਾ ਹੈ ਕਿ ਜੇਕਰ ਦੋ ਕੁੱਤਿਆਂ ਨੂੰ ਪ੍ਰਸ਼ਾਦਾ ਪਾ ਦੇਈਏ ਤਾਂ ਉਹਨਾਂ ਨੇ ਵੰਡ ਕੇ ਨਹੀਂ ਖਾਣਾ ਕਿ ਜਿੰਨਾਂ ਇਹ ਖਾ ਸਕਦੈ ਇਹ ਖਾ ਲਵੇ, ਜਿੰਨਾ ਮੇਰੇ ਤੋਂ ਖਾ ਹੁੰਦਾ ਹੈ, ਮੈਂ ਖਾ ਲਵਾਂ। ਸਗੋਂ ਇਕ ਕੁੱਤਾ ਛੇਤੀ-ਛੇਤੀ ਖਾ ਕੇ ਦੂਜੇ ਦਾ ਖੋਹਣ ਜਾਵੇਗਾ ਜਾਂ ਫਿਰ ਪਹਿਲਾਂ ਹੀ ਉਸ ਤੋਂ ਖੋਹ ਲਵੇਗਾ। ਇਸ ਨੂੰ ਕੂਕਰ ਬਿਰਤੀ ਆਖਦੇ ਹਨ। ਇਨਸਾਨਾਂ ਵਿਚ ਵੀ ਕੂਕਰ ਬਿਰਤੀ ਹੋਇਆ ਕਰਦੀ ਹੈ। ਆਪਣੇ ਆਪ ਤੇ ਸੰਤੁਸ਼ਟ ਨਹੀਂ ਹੋਣਾ ਤੇ ਦੂਸਰੇ ਦੀ ਹੱਕ ਹਲਾਲ ਦੀ ਕਮਾਈ ਖੋਹਣ ਦੇ ਵਾਸਤੇ ਯਤਨ ਕਰਕੇ ਆਪਣਾ ਘਰ ਪੂਰਾ ਕਰਿਆ ਕਰਦੇ ਹਨ। ਇਸੇ ਤਰ੍ਹਾਂ ਉਸ ਕੁੱਤੇ ਨੇ ਦੂਸਰੇ ਪਰਛਾਵੇਂ ਵਾਲੇ ਕੁੱਤੇ ਤੋਂ ਰੋਟੀ ਖੋਹਣ ਦੀ ਕੋਸ਼ਿਸ਼ ਕੀਤੀ ਤੇ ਜਿਸ ਦੇ ਨਤੀਜੇ ਵਜੋਂ ਉਸ ਦਾ ਸਿਰ ਸ਼ੀਸ਼ੇ ਦੇ ਨਾਲ ਜਾ ਕੇ ਵੱਜਿਆ ਤੇ ਪਿਛੇ ਨੂੰ ਗਿਰ ਪਿਆ। ਫੇਰ ਨੱਠਿਆ, ਫੇਰ ਗਿਰ ਜਾਂਦੈ ਤੇ ਇਸੇ ਤਰ੍ਹਾਂ ਕਰਦੇ ਕਰਦੇ ਲਹੂ-ਲੁਹਾਨ ਹੋ ਗਿਆ। ਸਮਝਦਾ ਇਹ ਹੈ ਕਿ ਸਾਮ੍ਹਣੇ ਵਾਲੇ ਕੁੱਤੇ ਨੂੰ ਲਹੂ-ਲੁਹਾਨ ਕਰ ਦਿੱਤਾ। ਲੇਕਿਨ ਆਪ ਹੀ ਹੋ ਜਾਂਦੈ ਤੇ ਅਖੀਰ ਟੱਕਰਾਂ ਮਾਰ-ਮਾਰ ਕੇ ਮਰ ਗਿਆ। ਇਹ ਕੂਕਰ ਬਿਰਤੀ ਸੀ।

ਦੂਜੇ ਪਾਸੇ ਇਕ ਛੋਟਾ ਜਿਹਾ ਅਣਜਾਣ ਬੱਚਾ ਜਿਸ ਦੇ ਕੇਸ ਖੁਲ੍ਹੇ ਹੋਏ ਹਨ, ਮੂੰਹ ਬਹੁਤ ਮੈਲਾ ਕੁਚੈਲਾ ਬਣਿਆ ਹੋਇਐ, ਬਾਵਰਾ ਜਿਹਾ ਬਣਿਆ ਹੋਇਐ ਤੇ ਉਹ ਰੁੜ੍ਹਦਾ-ਰੁੜ੍ਹਦਾ ਉਥੇ ਆ ਗਿਆ। ਜਿਸ ਵੇਲੇ ਉਹ ਆਪਣੀ ਸ਼ਕਲ ਸ਼ੀਸ਼ੇ ਵਿਚ ਦੇਖਦੈ ਤਾਂ ਉਸ ਵੇਲੇ ਚੀਕਾਂ ਮਾਰ ਕੇ ਰੋਣ ਲੱਗ ਜਾਂਦਾ ਹੈ ਕਿ ਇਹ ਕੀ ਮੇਰੇ ਸਾਮ੍ਹਣੇ ਆ ਗਿਆ। ਤੀਸਰਾ ਉਹ ਹੁੰਦੈ ਕਿ ਅਗਰ ਕੋਈ ਸੋਝੀ ਵਾਲਾ ਪੁਰਸ਼ ਸ਼ੀਸ਼ੇ ਦੇ ਸਾਮ੍ਹਣੇ ਆ ਗਿਆ, ਸ਼ੀਸ਼ ਮਹਿਲ ਵਿਚ ਆ ਗਿਆ ਤੇ ਆਪਣਾ ਅੱਗਾ ਪਿਛਾ ਦੇਖਦੈ ਤਾਂ ਪ੍ਰਸੰਨ ਹੁੰਦੈ। ਆਪਣੀ ਵਰਦੀ ਦੇ, ਪਹਿਨੇ ਹੋਏ ਕੱਪੜਿਆਂ ਦੇ ਵਲ ਠੀਕ ਕਰਦੈ, ਆਪਣੀ ਦਸਤਾਰ ਦੇ ਵਲ ਠੀਕ ਕਰਦੈ। ਸੋ ਇਸੇ ਤਰ੍ਹਾਂ ਸੰਸਾਰ ਦੇ ਅੰਦਰ ਕੁਝ ਕੂਕਰ ਬਿਰਤੀ ਹੈ, ਕੁਝ ਅਣਜਾਣਪੁਣੇ, ਅਵਿਦਿਆ ਦੀ ਬਿਰਤੀ ਹੈ ਤੇ ਐਸੀਆਂ ਦੋਨਾਂ ਬਿਰਤੀਆਂ ਵਾਲੇ ਬੰਦੇ ਸੰਸਾਰ ਨੂੰ ਦੁੱਖਾਂ ਦਾ ਘਰ ਬਣਾ ਦਿਆ ਕਰਦੇ ਹਨ। ਜਿਸਦੇ ਫਲਸਰੂਪ ਆਪ ਵੀ ਦੁਖੀ ਹੁੰਦੇ ਹਨ ਤੇ ਸੰਸਾਰ ਨੂੰ ਵੀ ਦੁਖੀ ਕਰਦੇ ਹਨ। ਲੇਕਿਨ ਕਦੇ ਕਦੇ ਕੋਈ ਗਿਆਨਵਾਨ ਪੁਰਸ਼ ਸੰਸਾਰ ਵਿਚ ਆ ਜਾਵੇ ਤਾਂ ਉਹ ਦੇਖਦੈ ਕਿ ਇਹ ਸੰਸਾਰ ਤਾਂ ਹਰੀ ਦਾ ਘਰ ਹੈ –

***ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥***
***ਪੰਨਾ – 463***

ਤੇ ਆਪਣਾ ਆਪਾ ਦੇਖ ਦੇਖ ਕੇ ਪ੍ਰਸੰਨ ਹੁੰਦੈ ਤੇ ਆਪਣਾ ਹੀ ਸਰੂਪ ਸਭ ਪਾਸੇ ਦੇਖਦੈ ਤੇ ਹਜ਼ਾਰਾਂ ਹੀ ਆਪਣੇ ਸਰੂਪ ਦੇਖ ਰਿਹਾ ਹੈ। ਇਹ ਪ੍ਰਤੀਬਿੰਬ ਪੈ ਰਿਹਾ ਹੈ। ਇਸ ਤਰ੍ਹਾਂ ਸੰਸਾਰ ਦੇ ਅੰਦਰ ਤਿੰਨ ਦੁਖੀ ਹਨ। ਇਕ ਤਾਂ ਉਹ ਦੁਖੀ ਹੋਇਆ ਕਰਦੈ ਜਿਸ ਦੇ ਅੰਦਰ ਸ਼ਰਧਾ ਦੀ ਹੀਣਤਾ ਹੋਵੇ। ਸ਼ਰਧਾ ਤੋਂ ਖਾਲੀ ਪੁਰਸ਼ ਕਦੀ ਵੀ ਸੁਖੀ ਨਹੀਂ ਹੋਇਆ ਕਰਦਾ ਕਿਉਂਕਿ ਉਸ ਨੂੰ ਨਾ ਹੀ ਸੁਣਨ ਦੀ ਅਵਸਥਾ ਪ੍ਰਾਪਤ ਹੋ ਸਕਦੀ ਹੈ, ਨਾ ਹੀ ਮੰਨਣ ਦੀ ਅਵਸਥਾ ਪ੍ਰਾਪਤ ਹੋ ਸਕਦੀ ਹੈ, ਨਾ ਹੀ ਨਿਧਿਆਸਣ ਦੀ ਪ੍ਰਾਪਤੀ ਹੋ ਸਕਦੀ ਹੈ ਕਿਉਂਕਿ ਉਸ ਦਾ ਅਧਾਰ ਜੋ ਹੈ ਜਿਸ ਨੂੰ ਸ਼ਰਧਾ ਆਖਦੇ ਹਨ, ਉਹ ਕੱਟਿਆ ਹੋਇਆ ਹੈ। ਜੜ੍ਹਾਂ ਕੱਟੀਆਂ ਹੋਣ ਤੇ ਜੜ੍ਹਾਂ ਤੋਂ ਬਗੈਰ ਕੋਈ ਬੂਟਾ ਲਾ ਦੇਈਏ ਤਾਂ ਉਹ ਹਰਾ ਨਹੀਂ ਹੋਇਆ ਕਰਦਾ। ਉਹ ਸੁੱਕ ਜਾਇਆ ਕਰਦਾ ਹੈ। ਸੋ ਇਸ ਕਰਕੇ ਸ਼ਰਧਾਹੀਨ ਪੁਰਸ਼ ਸੰਸਾਰ ਦੇ ਅੰਦਰ ਦੁਖੀ ਰਿਹਾ ਕਰਦਾ ਹੈ। ਦੂਸਰਾ ਅਗਿਆਨੀ ਦੁਖੀ ਹੋਇਆ ਕਰਦੈ ਜਿਸ ਨੂੰ ਗਿਆਨ ਨਾ ਹੋਵੇ ਸਗੋਂ ਗਿਆਨ ਦੀ ਥਾਂ ਤੇ ਉਸ ਦੇ ਮਨ ਦੇ ਅੰਦਰ ਰਾਗ ਤੇ ਦ੍ਵੈਸ਼ ਕੰਮ ਕਰ ਰਹੀ ਹੁੰਦੀ ਹੈ। ਇਸ ਕਰਕੇ ਅਗਿਆਨੀ ਪੁਰਸ਼ ਦੁਖੀ ਰਿਹਾ ਕਰਦਾ ਹੈ। ਗਿਆਨਵਾਨ ਉਸ ਨੂੰ ਕਹਿੰਦੇ ਹਨ ਜਿਸ ਨੂੰ ਆਪਣੇ ਨਿੱਜ ਸਰੂਪ ਦਾ ਗਿਆਨ ਹੋਵੇ ਅਤੇ ਅਗਿਆਨੀ ਉਹ ਹੁੰਦੈ ਜਿਹੜਾ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਸਮਝਦਾ ਹੋਵੇ। ਆਪਣੇ ਆਪ ਨੂੰ ਸਥੂਲ ਸਰੀਰ ਮੰਨਦਾ ਹੋਵੇ, ਸੂਖਸ਼ਮ ਸਰੀਰ ਮੰਨਦਾ ਹੋਵੇ ਤੇ ਕਾਰਨ ਸਰੀਰ ਮੰਨਦਾ ਹੋਵੇ। ਜਿਹੜਾ ਤਿੰਨਾਂ ਸਰੀਰਾਂ ਤੋਂ ਉਪਰ ਆਪਣੇ ਆਪ ਨੂੰ ਆਤਮ ਸਰੂਪ ਮੰਨਦੈ, ਉਹ ਪਰਮ ਸੁਖੀ ਹੋਇਆ ਕਰਦਾ ਹੈ। ਬਾਕੀ ਸਾਰੇ ਦੁਖੀ ਰਿਹਾ ਕਰਦੇ ਹਨ।

ਤੀਸਰਾ ਦੁਖੀ ਉਹ ਹੁੰਦੈ ਜਿਸ ਦੇ ਮਨ ਵਿਚ ਸੰਸਾ ਹੋਵੇ। ਸੰਸਾ ਉਸ ਅਵਸਥਾ ਨੂੰ ਕਹਿੰਦੇ ਹਨ ਜਦੋਂ ਸਤਿ ਦੇ ਉਤੇ ਵਿਸ਼ਵਾਸ ਨਾ ਲਿਆਵੇ। ਸਤਿ ਆਤਮਾ ਹੈ ਅਸਤਿ ਅਨਾਤਮ ਹੈ। ਸੰਸਾ ਜਾਂ ਭਰਮ ਜਿਸ ਦੇ ਮਨ ਦੇ ਅੰਦਰ ਰਹੇ ਉਹ ਦੁਖੀ ਰਹਿੰਦਾ ਹੈ। ਇਸ ਕਰਕੇ ਸੰਸੇ ਦੇ ਅੰਦਰ ਸੰਸਾਰ ਦੁਖੀ ਰਹਿੰਦਾ ਹੈ। ਮਹਾਰਾਜ ਜੀ ਦਾ ਫੁਰਮਾਨ ਹੈ -

***ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ॥***
***ਪੰਨਾ - 1218***

ਦਰਸ਼ਨਾਂ ਦਾ ਐਸਾ ਅਸਰ ਹੋਇਆ ਕਿ ਜਿਸ ਸੰਸੇ ਦੇ ਨਾਲ ਸਾਰਾ ਸੰਸਾਰ ਦੁਖੀ ਤੇ ਰੋਗੀ ਸੀ। ਉਹ ਸੰਸਾ ਸਾਡਾ ਉਤਰ ਗਿਆ ਕਿਉਂਕਿ ਪ੍ਰਤੱਖ ਰੂਪ ਦੇ ਵਿਚ ਪ੍ਰਾਪਤੀ ਹੋ ਗਈ।

ਸਾਧਸੰਗਤ ਜੀ! ਇਹ ਸੰਸਾਰ ਸੰਸਿਆਂ ਦਾ ਸਮੁੰਦਰ ਹੈ, ਇਸ ਨੂੰ ਭਵਸਾਗਰ ਇਸੇ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਇਸ ਦੇ ਵਿਚ ਸੰਸਿਆਂ ਦੀਆਂ ਲਹਿਰਾਂ ਉਠ ਰਹੀਆਂ ਹਨ। ਇਸੇ ਕਰਕੇ ਇਸਦੇ ਵਿਚੋਂ ਤਰਨਾ ਔਖਾ ਹੋਇਆ ਕਰਦਾ ਹੈ। ਅਗਿਆਨ ਵਸ ਹੋਇਆ ਹੋਇਆ ਜੀਵ ਗੋਤੇ ਖਾਂਦਾ ਹੈ ਤੇ ਨਿਕਲ ਨਹੀਂ ਸਕਦਾ, ਇਸ ਨੂੰ ਕੋਈ ਕਿਨਾਰਾ ਨਹੀਂ ਲੱਭਦਾ ਕਿਉਂਕਿ ਇਸ ਦੇ ਮਨ ਦੇ ਅੰਦਰ ਸੰਸਾ ਪੈ ਗਿਆ। ਸੰਸੇ ਦਾ ਸਮੁੰਦਰ ਪਾਰ ਕਰਨ ਵਾਲਾ ਕੋਈ ਵਿਰਲਾ-ਵਿਰਲਾ ਪੁਰਸ਼ ਹੈ। ਮਨੁੱਖ ਨੂੰ ਕਹਿੰਦੇ ਨੇ ਕਿ ਗੁਰੂ ਦੀ ਸ਼ਰਨ ਵਿਚ ਆ ਜਾਵੇ ਤੇ ਬੇਨਤੀ ਕਰੇ "ਸੱਚੇ ਪਾਤਸ਼ਾਹ! ਮੈਨੂੰ ਸੰਸਾ ਪਿਆ ਹੋਇਐ। ਤੁਸੀਂ ਕੁਝ ਹੋਰ ਕਹਿੰਦੇ ਹੋ ਤੇ ਮੈਨੂੰ ਕੁਝ ਹੋਰ ਲੱਗਦਾ ਹੈ।" ਕੀ ਲਗਦੈ ਭਾਈ ਤੈਨੂੰ, ਅਸੀਂ ਕੀ ਕਹਿੰਦੇ ਹਾਂ? ਮਹਾਰਾਜ ਜੀ! ਆਪ ਤਾਂ ਇਹ ਕਹਿੰਦੇ ਹੋ ਕਿ ਸੰਸਾਰ ਨਾ ਕਹੋ ਤੇ ਮੈਂ ਇਹ ਕਹਿੰਦਾ ਹਾਂ ਕਿ ਇਹ ਸੰਸਾਰ ਹੈ। ਤੁਸੀਂ ਕਹਿੰਦੇ ਹੋ ਕਿ ਇਹ ਸੰਸਾਰ ਨਹੀਂ ਹੈ ਇਹ ਸਾਰਾ ਪ੍ਰਮੇਸ਼ਰ ਹੀ ਹੈ (This is all menifestation of God) ਇਹ ਆਪੇ ਹੀ ਆਪ ਹੈ ਇਸ ਨੂੰ ਵੱਖਰਾ ਵੱਖਰਾ ਨਾ ਕਰੋ। ਪਰ ਸੱਚੇ ਪਾਤਸ਼ਾਹ! ਮੈਨੂੰ ਤਾਂ ਭਰਮ ਪੈ ਗਿਆ। ਮਹਾਰਾਜ ਜੀ! ਇਸ ਨੂੰ ਇਕ ਮਨ ਦੀ ਨੀਂਦ ਤੇ ਬੁੱਧੀ ਦੀ ਨੀਂਦ ਆਖਦੇ ਹਨ। ਇਹ ਬੁੱਧੀ ਦੀ ਨੀਂਦ ਵਿਚ ਸੰਸਾਰ ਸੁੱਤਾ ਪਿਆ ਹੋਇਆ ਹੈ। ਸਾਰੀ ਜ਼ਿੰਦਗੀ ਬਰਬਾਦ ਕਰਕੇ ਇਥੋਂ ਤੁਰ ਜਾਂਦੈ ਤੇ ਇਸ ਦੇ ਹੱਥ ਵਿਚ ਕੁਝ ਵੀ ਨਹੀਂ ਆਉਂਦਾ। ਜਿਹੜੇ ਕੰਮ ਇਹ ਕਰਦੈ ਇਸ ਦੀ ਕੀਮਤ ਇਕ ਕੌਡੀ ਜਿੰਨੀ ਵੀ ਨਹੀਂ ਹੋਇਆ ਕਰਦੀ, ਜਿਹਦੇ ਵਿਚ ਇਹ ਸਾਰੀ ਜ਼ਿੰਦਗੀ ਖੱਚਤ ਰਹਿੰਦਾ ਹੈ ਕਿਉਂਕਿ ਸੰਸੇ ਦੇ ਅੰਦਰ ਇਹ ਜੀਵਨ ਬਿਰਥਾ ਬਤੀਤ ਕਰ ਰਿਹਾ ਹੈ ਤੇ ਮਹਾਰਾਜ ਐਸਾ ਫੁਰਮਾਨ ਕਰਦੇ ਹਨ -

***ਧਾਰਨਾ - ਸੰਸਾ ਇਹ ਸੰਸਾਰ ਹੈ,***
***ਸੁੱਤਿਆਂ ਰੈਣ ਵਿਹਾਇ -2, 2.***
***ਸੁੱਤਿਆਂ ਰੈਣ ਵਿਹਾਇ,-2, 4.***
***ਸੰਸਾ ਇਹ ਸੰਸਾਰ ਹੈ,............।***

ਸੰਸਾ ਇਹ ਸੰਸਾਰ ਹੈ। ਸੰਸਾਰ, ਫੈਲੇ ਹੋਏ ਨੂੰ, ਸੰਸਰੇ ਹੋਣ ਨੂੰ ਕਹਿੰਦੇ ਹਨ ਜੋ ਫੈਲ ਜਾਵੇ, ਬਾਹਰ ਚਲਿਆ ਜਾਵੇ, ਆਪਣੇ ਆਪ ਤੋਂ ਟੁੱਟ ਕੇ ਦੂਰ ਚਲਿਆ ਜਾਵੇ। ਇਹ ਸੰਸਾ ਹੋਰ ਫੈਲਦਾ ਹੈ ਤੇ ਜੇ ਸੰਸਾ ਦੂਰ ਹੋ ਜਾਵੇ ਤਾਂ ਸੰਸਾਰ ਵਾਹਿਗੁਰੂ ਦਾ ਰੂਪ ਬਣ ਜਾਂਦਾ ਹੈ। ਸਾਰੀ ਜ਼ਿੰਦਗੀ, ਸਾਰੀ ਉਮਰ, ਸੁੱਤੇ ਪਏ ਦੀ ਲੰਘ ਜਾਇਆ ਕਰਦੀ ਹੈ। ਜਿੰਨੇ ਵੀ ਇੰਦਰੇ ਹਨ ਸਾਰੇ ਸੁੱਤੇ ਪਏ ਹਨ।

***ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ॥***
***ਸ੍ਰਵਣ ਸੋਏ ਸੁਣਿ ਨਿੰਦ ਵੀਚਾਰ॥***
***ਰਸਨਾ ਸੋਈ ਲੋਭਿ ਮੀਠੈ ਸਾਦਿ॥***
***ਮਨੁ ਸੋਇਆ ਮਾਇਆ ਬਿਸਮਾਦਿ॥ ਪੰਨਾ - 182***

ਮਾਇਆ ਦਾ ਨਸ਼ਾ ਚੜ੍ਹਨ ਕਰਕੇ ਮਨ ਸੁੱਤਾ ਪਿਐ। ਸੰਸਾਰ ਤੇ ਕੋਈ ਵੀ ਨਹੀਂ ਜਾਗਦਾ, ਕੋਈ ਵਿਰਲਾ-ਵਿਰਲਾ ਗੁਰਮੁਖ ਪਿਆਰਾ ਜਾਗਦਾ ਹੈ, ਬਾਕੀ ਸਾਰਾ ਸੰਸਾਰ ਸੁੱਤਾ ਪਿਆ ਹੋਇਆ ਭਿਆਨਕ ਸੁਪਨੇ ਦੇਖ ਕੇ, ਆਪਣੇ ਸੁਖ ਨੂੰ ਬਰਬਾਦ ਕਰਕੇ ਸੰਸਾਰ ਤੋਂ ਖਾਲੀ ਹੱਥ ਚਲਿਆ ਜਾਇਆ ਕਰਦਾ ਹੈ। ਸੋ -

***ਸੰਸਾ ਇਹੁ ਸੰਸਾਰੁ ਹੈ ਸੁਤਿਆ ਰੈਣਿ ਵਿਹਾਇ॥***
***ਇਕਿ ਆਪਣੈ ਭਾਣੈ ਕਢਿ ਲਇਅਨੁ ਆਪੇ ਲਇਓਨੁ ਮਿਲਾਇ॥***
***ਪੰਨਾ - 36***

ਵਾਹਿਗੁਰੂ ਦੀ ਕਿਰਪਾ ਹੋ ਜਾਵੇ ਤਾਂ ਸੰਸੇ ਦਾ ਨਾਸ਼ ਹੋ ਜਾਇਆ ਕਰਦੈ, ਉਸ ਨੂੰ ਭਾ ਜਾਵੇ ਤਾਂ ਸੰਸੇ ਦਾ ਨਾਸ਼ ਕਰਨ ਵਾਸਤੇ ਮਹਾਂਪੁਰਸ਼ਾਂ ਦੀ ਸੰਗਤ ਮਿਲਾ ਦਿਆ ਕਰਦਾ ਹੈ। ਜਾਗਿਆਂ ਹੋਇਆਂ ਦੇ ਨਾਲ ਮਿਲਾ ਦਿੰਦੈ ਤੇ ਜਾਗੇ ਹੋਏ ਹਲੂਣਾ ਦੇ ਕੇ ਜਗਾ ਦਿੰਦੇ ਹਨ। ਜਾਗ ਭਾਈ ਗੁਰਮੁਖਾ, ਕਿਉਂ ਸੁਪਨੇ ਵਿਚ ਪਿਆ ਆਪਣੀ ਜੀਵਨ ਰੂਪੀ ਰੈਣ ਨੂੰ ਬਿਰਥਾ ਗਵਾ ਰਿਹਾ ਹੈ -

***ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥ ਪੰਨਾ - 808***

ਇਸੇ ਤਰ੍ਹਾਂ ਸੰਸਾਰ ਸੁਪਨੇ ਵਾਗੂੰ ਲੰਘਦਾ ਤੁਰਿਆ ਜਾ ਰਿਹਾ ਹੈ -

***ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ॥***
***ਪੰਨਾ - 482***

ਪੜ੍ਹੇ ਲਿਖਿਆਂ ਦੇ ਮਨ ਵਿਚ ਵੀ ਸੰਸਾ ਪੈਂਦਾ ਹੈ, ਸਗੋਂ ਇਨ੍ਹਾਂ ਦੇ ਮਨ ਵਿਚ ਜ਼ਿਆਦਾ ਪਿਆ ਕਰਦਾ ਹੈ। ਜਿੰਨਾ ਜ਼ਿਆਦਾ ਵਿਦਵਾਨ ਹੋਵੇਗਾ ਉਨਾਂ ਹੀ ਉਸ ਦਾ ਮਨ ਸੰਸੇ ਦੇ ਅੰਦਰ ਜਿਆਦਾ ਪੀੜਤ ਹੋਇਆ ਕਰਦਾ ਹੈ ਕਿਉਂਕਿ ਇਸ ਨੇ ਬਹੁਤ ਪੁਸਤਕਾਂ ਪੜ੍ਹੀਆਂ ਹੁੰਦੀਆਂ ਨੇ ਅਤੇ ਬਹੁਤ ਖਿਆਲ ਸੁਣੇ ਹੁੰਦੇ ਹਨ ਤੇ ਇਹ ਨਿਰਣੇ ਤੇ ਨਹੀਂ ਆ ਸਕਿਆ ਕਰਦਾ। ਮਹਾਰਾਜ ਦਾ ਫੁਰਮਾਨ ਹੈ ਕਿ ਪ੍ਰੇਮੀਆ! ਤੂੰ ਨਿਰਣੇ ਉਤੇ ਤਾਂ ਹੀ ਆ ਸਕੇਗਾ, ਜੇਕਰ ਤੇਰਾ ਗੁਰਬਾਣੀ ਉਤੇ ਸੌ ਫੀ ਸਦੀ ਭਰੋਸਾ ਹੋਵੇਗਾ। ਇਸ ਦੇ ਵਿਚ ਜੋ ਕੁਝ ਵੀ ਲਿਖਿਆ ਹੋਇਐ, ਉਹ ਬਿਲਕੁਲ ਸਹੀ ਹੈ। ਭਾਵੇਂ ਹੋਰ ਪੁਸਤਕਾਂ, ਇਤਿਹਾਸ ਵਿਚ ਜੋ ਕੁਝ ਵੀ ਲਿਖਿਆ ਹੋਵੇ ਅਤੇ ਲੈਕਚਰ ਸੁਣੇ ਹੋਏ ਹੋਣ ਪਰ ਜੇਕਰ ਬਾਣੀ ਦੇ ਲੜ ਲੱਗ ਜਾਵੇ ਤਾਂ ਇਸ ਦਾ ਸੰਸਾ ਨਵਿਰਤ ਹੋ ਜਾਵੇਗਾ। ਆਮ ਪੁਸਤਕਾਂ ਅਗਿਆਨ ਦੀ ਪੱਧਰ ਤੋਂ ਸਾਕਾਰ ਹੁੰਦੀਆਂ ਹਨ ਪਰ ਮਹਾਂਪੁਰਸ਼ਾਂ ਦੇ ਵੀਚਾਰ ਆਤਮ ਪੱਧਰ ਤੋਂ ਪ੍ਰਗਟ ਹੁੰਦੇ ਹਨ। ਗੁਰਬਾਣੀ ਤਾਂ ਹੁੰਦੀ ਹੀ ਧੁਰ ਦੀ ਬਾਣੀ ਹੈ ਜੋ ਮਹਾਂਪੁਰਸ਼ਾਂ ਦੇ ਅਨੁਭਵ

ਰਾਹੀਂ ਸੰਸਾਰ ਵਿਚ ਪ੍ਰਗਟ ਹੁੰਦੀ ਹੈ।

ਇਸ ਤਰ੍ਹਾਂ ਦੇ ਨਾਲ ਇਹ ਕਿਹਾ ਜਾਂਦਾ ਹੈ ਕਿ ਵਾਹਿਗੁਰੂ ਜੀ ਦਾ ਕੋਈ ਸਰੂਪ ਨਹੀਂ, ਰੰਗ ਨਹੀਂ, ਰੇਖ ਨਹੀਂ, ਭੇਖ ਨਹੀਂ, ਚੱਕਰ ਨਹੀਂ, ਚਿਹਨ ਨਹੀਂ, ਜਾਤ ਨਹੀਂ, ਪਾਤ ਨਹੀਂ ਅਤੇ ਨਾ ਹੀ ਕੋਈ ਬਰਣ ਤੇ ਆਸ਼ਰਮ ਹੈ, ਕੋਈ ਉਸ ਦਾ ਥਾਂ ਨਹੀਂ ਹੈ ਤੇ ਕੋਈ ਨਾਮ ਨਹੀਂ ਹੈ।

***ਨਹੀਂ ਜਾਨ ਜਾਈ ਕਛੂ ਰੂਪ ਰੇਖੰ॥***
***ਕਹਾਂ ਬਾਸੁ ਤਾਂ ਕੋ, ਫਿਰਿ ਕਉਨ ਭੇਖੰ॥***
***ਕਹਾ ਨਾਮ ਤਾਂ ਕੈ, ਕਹਾਂ ਕੈ ਕਹਾਵੈ॥***
***ਕਹਾ ਕੈ ਬਖਾਨੋ, ਕਹੇ ਮੋ ਨਾ ਆਵੈ॥***

***(ਅਕਾਲ ਉਸਤਤਿ)***

ਕਹਿੰਦੇ ਹਨ ਕਿ ਗੁਰੂ ਸਾਹਿਬ ਜੀ! ਜੇ ਪ੍ਰਮੇਸ਼ਰ ਇਹੋ ਜਿਹੀ ਹਸਤੀ ਹੈ ਫੇਰ ਉਹ ਤਾਂ ਹੋ ਨਹੀਂ ਸਕਦੀ ਕਿਉਂਕਿ ਜਿੰਨੀਆਂ ਚੀਜ਼ਾਂ ਦਾ ਸਾਡੇ ਨਾਲ ਵਾਹ ਪੈਂਦਾ ਹੈ ਉਹ ਜਾਂ ਤਾਂ ਸੁਣੀਆਂ ਜਾਂਦੀਆਂ ਹਨ ਅਤੇ ਜਾਂ ਦੇਖੀਆਂ ਜਾਂਦੀਆਂ ਨੇ ਜਾਂ ਸੁੰਘੀਆਂ ਜਾਦੀਆਂ ਹਨ ਅਤੇ ਇਸ ਨੂੰ ਛੋਹਿਆ ਜਾ ਸਕਦੈ ਜਾਂ ਇਨ੍ਹਾਂ ਨੂੰ ਜ਼ੁਬਾਨ ਨਾਲ ਦੱਸਿਆ ਜਾਂਦਾ ਹੈ ਕਿ ਇਸ ਦਾ ਸੁਭਾਵ ਕੀ ਹੈ। ਸੋ ਇਸ ਤਰ੍ਹਾਂ ਕਰਕੇ ਇਹ ਚੀਜ਼ ਹੋ ਨਹੀਂ ਸਕਦੀ ਤੇ ਇਸ ਨੂੰ ਹੀ ਸੰਸਾ ਆਖਦੇ ਹਨ ਕਿ ਹੁੰਦੀ ਹੋਈ ਚੀਜ਼ ਨੂੰ ਕਹਿਣਾ ਕਿ ਇਹ ਹੈ ਨਹੀਂ ਤੇ ਅਣਹੋਂਦੀ ਚੀਜ਼ ਨੂੰ ਆਖ ਦੇਣਾ ਕਿ ਇਹ ਹੈਗੀ। ਜਿਵੇਂ ਰਾਤ ਦੇ ਹਨ੍ਹੇਰੇ ਵਿਚ ਪਈ ਹੋਈ ਰੱਸੀ ਸਰਪ ਲਗਦੀ ਹੈ। ਰੱਸੀ ਵਿਚ ਤਿੰਨ ਕਾਲ ਸਰਪ ਹੋਇਆ ਹੀ ਨਹੀਂ ਪਰ ਭਰਮ ਭਰਿਆ ਅਧਿਆਸ ਰੱਸੀ ਨੂੰ ਸਰਪ ਵਿਚ ਪ੍ਰਗਟ ਕਰ ਰਿਹਾ ਹੈ। ਸਾਰੀ ਰਾਤ ਸੱਪ ਤੋਂ ਡਰਦੇ ਰਹੇ। ਜਦੋਂ ਪ੍ਰਕਾਸ਼ ਹੋ ਗਿਆ, ਫਿਰ ਆਪਣੇ ਗਲਤ ਲਾਏ ਅਨੁਮਾਨ ਤੋਂ ਹੈਰਾਨ ਹੋਏ। ਇਹ ਜਿਹੜੀ ਮਨ ਦੇ ਅੰਧਕਾਰ ਦੀ ਸਥਤਿ ਹੈ ਕਿ ਸੰਸਾਰ ਨੂੰ ਵਾਹਿਗੁਰੂ ਜੀ, ਬ੍ਰਹਮ ਪ੍ਰਮੇਸ਼ਰ ਤੋਂ ਵੱਖਰਾ ਸਮਝਦੇ ਰਹੇ ਇਹੋ ਸੰਸਾ ਹੈ, ਸੋਝੀਹੀਣਤਾ ਹੈ ਜਦੋਂ ਕਿ ਸਤਿ ਇਹ ਹੈ ਕਿ ਪਾਰਬ੍ਰਹਮ ਆਪ ਹੀ ਪਸਰ ਕੇ ਸੰਸਾਰ ਦੇ ਰੂਪ ਵਿਚ ਦਿਸ ਰਿਹਾ ਹੈ। ਸੋ ਇਸ ਸੰਸੇ ਦੇ ਅੰਦਰ ਪੀੜਤ ਹੋਇਆ ਹੋਇਆ ਸੰਸਾਰ ਸੁੱਤਾ, ਉਮਰ ਦੀ ਰੈਣ ਵਿਹਾ ਕੇ ਖਾਲੀ ਰਹਿ ਜਾਂਦਾ ਹੈ। ਇਕ ਸਾਖੀ ਦੇ ਨਾਲ ਗੱਲ ਸਮਝ ਵਿਚ ਆ ਜਾਵੇਗੀ।

ਇਕ ਪ੍ਰੇਮੀ ਕਾਸ਼ੀ ਦੇ ਅੰਦਰ ਵਿਦਿਆ ਪੜ੍ਹਨ ਵਾਸਤੇ ਗਿਆ। ਉਸ ਨੇ ਛੇ ਸਾਸ਼ਤਰਾਂ ਦੀ ਵਿਦਿਆ ਪੜ੍ਹੀ, ਵੇਦਾਂ ਨੂੰ ਪੜ੍ਹਿਆ। ਛੇ ਸਾਸ਼ਤਰਾਂ ਦੀ ਵਿਦਿਆ ਦੇ ਅੰਦਰ ਇਕ ਦੂਜੇ ਨਾਲ ਆਪਸ ਵਿਚ ਥੋੜ੍ਹਾ ਜਿਹਾ ਵਿਰੋਧ ਹੈ ਲੇਕਿਨ ਅੰਤ ਇਕੋ ਹੀ ਹੈ। ਇਸੇ ਲਈ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ –

***ਛਿਅ ਘਰ ਛਿਅ ਗੁਰ ਛਿਅ ਉਪਦੇਸ॥***
***ਗੁਰੁ ਗੁਰੁ ਏਕੋ ਵੇਸ ਅਨੇਕ॥*** ***ਪੰਨਾ – 13***

ਠੀਕ ਹੈ ਇਹ ਆਪਣੇ-ਆਪਣੇ ਪੱਖ ਦੀ ਗੱਲ ਕਰਦੇ ਹਨ। ਪਰ ਅਸਲੀ ਗੱਲ ਤੋਂ ਖੁੰਝੇ ਹੋਏ ਹਨ। ਅਸਲੀ ਗੱਲ ਸਤਿਗੁਰੂ ਦੇ ਪਾਸ ਹੁੰਦੀ ਹੈ ਜਿਹੜਾ ਤੁਰੀਆ, ਅਤੀਤ ਅਵਸਥਾ ਵਿਚ ਹੁੰਦੈ। ਉਹ ਅਸਲੀ ਗੱਲ ਨੂੰ ਜਾਣਦੇ ਹਨ ਤੇ ਬਾਕੀ ਦੇ ਸਿਮ੍ਰਿਤ, ਸਾਸ਼ਤਰ, ਵੇਦ ਜਿੰਨੇ ਵੀ ਹਨ, ਇਹ ਉਸ ਚੀਜ਼ ਦਾ ਤੱਤ ਨਹੀਂ ਜਾਣਿਆ ਕਰਦੇ। ਉਸ ਪ੍ਰੇਮੀ ਦੇ ਮਨ ਵਿਚ ਭਰਮ ਪੈ ਗਿਆ ਕਿ ਸਾਂਖ ਸਾਸ਼ਤਰ ਇਸ ਤਰ੍ਹਾਂ ਕਹਿੰਦੈ, ਨਿਆਇ ਸਾਸ਼ਤਰ ਇਸ ਤਰ੍ਹਾਂ ਨਾਲ ਦੱਸਦੈ ਤੇ ਵੇਦਾਂਤ, ਯੋਗ ਤੇ ਵਿਸ਼ੇਸ਼ਕ ਦਾ, ਉਤਰ ਮੀਮਾਂਸਾ ਤੇ ਪੂਰਬ ਮੀਮਾਂਸਾ ਦਾ ਸਾਰਿਆਂ ਦਾ ਆਪਸ ਵਿਚ ਮੇਲ ਨਹੀਂ, ਸਾਰੇ ਹੀ ਅੱਡ ਅੱਡ ਗੱਲ ਕਰਦੇ ਹਨ। ਆਪਣੀ ਆਪਣੀ ਬੁੱਧੀ ਦੇ ਮੁਤਾਬਿਕ ਇਕ ਟੋਹ ਲਾਉਂਦੇ ਹਨ। ਸਾਸ਼ਤਰੀ ਜਦੋਂ ਪੜ੍ਹਦਾ ਹੈ ਕਿ ਪ੍ਰਮੇਸ਼ਰ ਦਾ ਕੋਈ ਰੂਪ ਰੰਗ ਰੇਖ ਭੇਖ ਨਹੀਂ, ਉਹ ਉਸ ਦੀ ਹੋਂਦ ਉਪਰ ਭਰੋਸੇ ਤੋਂ ਹੀਣਾ ਹੋ ਜਾਂਦਾ ਹੈ ਕਿਉਂਕਿ ਸਾਧਨ ਵਿਹੂਣਾ ਹੋਣ ਕਰਕੇ ਅਨੁਭਵ ਦੀ ਥਾਂ ਆਪ ਅਕਲ ਦਾ ਸਹਾਰਾ ਲੈਂਦਾ ਹੈ। ਅੰਦਰੋਂ ਭਰਮ ਪਿਆ ਰਹਿੰਦਾ ਹੈ। ਰੱਬ ਹੈ ਨਹੀਂ ਐਵੇਂ ਹੀ ਇਕ ਅਣਹੋਈ ਚੀਜ਼ ਨੂੰ ਸਾਡੇ ਤੇ ਠੋਸਿਆ ਜਾਂਦੈ ਤਾਂਕਿ ਅਸੀਂ ਸੰਸਾਰ ਵਿਚ ਰਹਿ ਕੇ ਡਰ ਅਧੀਨ ਫਰਜ਼ ਪੂਰਾ ਕਰ ਸਕੀਏ ਕਿ ਸਾਡੇ ਉਤੇ ਵੀ ਕੋਈ ਹਿਸਾਬ ਕਿਤਾਬ ਲੈਣ ਵਾਲਾ ਹੈ। ਇਸ ਕਰਕੇ ਕੁਝ ਡਰ ਦੇ ਅੰਦਰ ਜੀਵਨ ਬਤੀਤ ਕਰੀਏ ਕਿਉਂਕਿ ਡਰ ਜਦੋਂ ਮਨੁੱਖ ਦੇ ਅੰਦਰੋਂ ਨਿਕਲ ਜਾਵੇ ਤਾਂ ਇਹੋ ਮਨੁੱਖ ਦਰਿੰਦਾ ਬਣ ਜਾਇਆ ਕਰਦਾ ਹੈ। ਜੇਕਰ ਪ੍ਰਮੇਸ਼ਰ ਦਾ ਭੈਅ ਹਟ ਜਾਵੇ ਕਿ ਅੱਗੇ ਜਾ ਕੇ ਕੋਈ ਜਵਾਬ ਤਲਬੀ ਨਹੀਂ ਹੋਣੀ ਤਾਂ ਫਿਰ ਚੌਰਾਸੀ ਲੱਖ ਜੂਨਾਂ ਵਿਚੋਂ ਮਨੁੱਖ ਨਾਲੋਂ ਭੈੜੀ ਹੋਰ ਕੋਈ ਨਹੀਂ ਹੈ, ਸਭ ਤੋਂ ਮਾੜੀ ਜੂਨ ਹੈ। ਬਾਕੀ ਜਾਨਵਰ ਜਿਹੜੇ ਹਨ, ਉਹ ਮਰਿਆਦਾ ਵਿਚ ਚਲਦੇ ਹਨ। ਸ਼ੇਰ ਨੂੰ ਜੇਕਰ ਭੁੱਖ ਲੱਗਦੀ ਹੈ ਤਾਂ ਜਾਨਵਰ ਦਾ ਸ਼ਿਕਾਰ ਕਰਦਾ ਹੈ। ਜਿੰਨਾ ਚਿਰ ਦੁਬਾਰਾ ਭੁੱਖ ਨਹੀਂ ਲੱਗਦੀ, ਫੇਰ ਨਹੀਂ ਮਾਰਦਾ। ਬਘਿਆੜ ਨੂੰ ਭੁੱਖ ਲੱਗੇ, ਜਾਨਵਰ ਮਾਰਦੈ ਤੇ ਫੇਰ ਛੇ ਸਤ ਦਿਨ ਉਸ ਦਾ ਮੂੰਹ ਹੀ ਨਹੀਂ ਖੁਲ੍ਹਦਾ ਕਿਉਂਕਿ ਭੁੱਖ ਨਹੀਂ ਲਗਦੀ ਤੇ ਉਹ ਬੇ-ਮਰਿਆਦਾ ਹੋ ਕੇ ਕਿਸੇ ਨੂੰ ਨਹੀਂ ਮਾਰਦਾ। ਮਨੁੱਖ ਇਕ ਐਸਾ ਜਾਨਵਰ ਹੈ ਕਿ ਇਸ ਦੀ ਭੁੱਖ ਦਾ ਕੋਈ ਅੰਤ ਨਹੀਂ, ਲੱਖ ਹੋਵੇ ਕਰੋੜ ਚਾਹੀਦੈ, ਕਰੋੜ ਹੋਵੇ ਅਰਬ ਚਾਹੀਦੈ। ਦੂਸਰੇ ਨੂੰ ਉਠਣ ਨਹੀਂ ਦੇਣਾ ਚਾਹੁੰਦਾ, ਮਾਰ ਦੇਣਾ ਚਾਹੁੰਦਾ ਹੈ ਕਿਉਂਕਿ ਇਸ ਦੇ ਸੁਭਾਅ ਵਿਚੋਂ ਪ੍ਰਮੇਸ਼ਰ ਦਾ ਡਰ-ਭੈਅ ਨਿਕਲ ਗਿਆ ਅਤੇ ਪ੍ਰਮੇਸ਼ਰ ਦੀ ਹੋਂਦ ਤੋਂ ਬੇ-ਵਿਸ਼ਵਾਸੀ ਹੋ ਗਿਆ। ਇਸ ਤਰ੍ਹਾਂ ਨਾਲ ਉਸ ਪੰਡਤ ਦੇ ਮਨ ਅੰਦਰ ਬੇਵਿਸ਼ਵਾਸੀ ਦਾ ਡੇਰਾ ਲੱਗ ਗਿਆ। ਉਤੋਂ ਉਤੋਂ ਕਥਾ ਕਰਦੈ, ਸੁਣਾਉਂਦੈ ਲੇਕਿਨ ਅੰਦਰੋਂ ਸਮਝਦੈ ਕਿ ਇਹ ਸਭ ਫਜ਼ੂਲ ਹੈ ਕਿ ਰੱਬ ਤਾਂ ਹੈ ਹੀ ਨਹੀਂ, ਮੈਂ ਐਵੇਂ ਹੀ ਝੂਠ ਬੋਲ ਰਿਹਾ ਹਾਂ। ਉਹ ਕਿਸੇ ਮਹਾਤਮਾ ਦੇ ਪਾਸ ਆ ਗਿਆ ਤੇ ਉਹਨਾਂ ਦੇ ਬਚਨ ਸਰਵਣ ਕਰਕੇ ਕਹਿਣ ਲੱਗਿਆ, ਮਹਾਰਾਜ! ਮੈਂ ਇਕ ਬਚਨ ਕਰਨਾ ਚਾਹੁੰਦਾ ਹਾਂ।

ਕਹਿਣ ਲੱਗੇ, ਦੱਸ ਪ੍ਰੇਮੀਆ! ਸ਼ਾਸਤਰੀ ਨੇ ਕਿਹਾ ਕਿ ਜਿਹੜਾ ਰੱਬ ਦਾ ਮਸਲਾ ਇਹ ਬਿਲਕੁਲ ਝੂਠ ਹੈ ਤੇ ਫਜ਼ੂਲ ਹੈ ਤੇ ਇਸ ਨਾਂ ਦੀ ਤਾਂ ਕੋਈ ਚੀਜ਼ ਹੀ ਨਹੀਂ ਹੈ।

ਮਹਾਤਮਾ ਕਹਿਣ ਲੱਗੇ ਕਿ ਮੇਰੀ ਗੱਲ ਤਾਂ ਤੇਰੇ ਸਮਝ ਨਹੀਂ ਆਉਣੀ ਤੇ ਨਾ ਹੀ ਤੂੰ ਮੰਨਣੀ ਹੈ ਕਿਉਂਕਿ ਤੂੰ ਬਹੁਤਾ ਪੜ੍ਹਿਆ ਲਿਖਿਆ ਹੈਂ। ਤੈਨੂੰ ਮੈਂ ਇਕ ਮਹਾਤਮਾ ਦੀ ਦੱਸ

ਪਾਉਂਦਾ ਹਾਂ ਤੂੰ ਉਨ੍ਹਾਂ ਦੇ ਪਾਸ ਚਲਿਆ ਜਾਹ ਤੇ ਉਥੇ ਜਾ ਕੇ ਤੂੰ ਕੁਛ ਅਧਿਐਨ ਕਰ, ਭਗਤੀ ਭਾਵ ਦੇ ਬਚਨਾਂ ਦਾ ਅਧਿਐਨ ਕਰ। ਫੇਰ ਤੇਰੇ ਪ੍ਰਸ਼ਨ ਦਾ ਸਮਾਧਾਨ ਹੋ ਜਾਵੇਗਾ। ਉਥੇ ਚਲਾ ਗਿਆ ਤੇ ਕਥਾ ਸਰਵਣ ਕੀਤੀ। ਉਸ ਵਿਚ ਮਹਾਤਮਾ ਜੀ ਦੱਸ ਰਹੇ ਸੀ ਕਿ ਆਦਮੀ ਜੋ ਵੀ ਕਰਮ ਕਰਦੈ, ਉਸ ਨੂੰ ਭੁਗਤਣੇ ਪੈਂਦੇ ਹਨ।

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥***

***ਪੰਨਾ - 433***

ਉਸ ਮਹਾਤਮਾ ਨੇ ਅੱਗੇ ਹੋਰ ਕਿਸੇ ਪਾਸ ਭੇਜ ਦਿਤਾ ਤੇ ਉਥੇ ਜਾ ਕੇ ਗਰੁੜ ਪੁਰਾਨ ਦੀ ਕਥਾ ਸਰਵਣ ਕਰਨ ਲੱਗ ਪਿਆ। ਉਸ ਦੇ ਵਿਚ ਆਇਆ ਕਿ ਫਲਾਣੇ-ਫਲਾਣੇ ਕਰਮ ਕਰਨ ਨਾਲ ਇਸ ਤਰ੍ਹਾਂ ਦੀਆਂ ਸਜ਼ਾਵਾਂ ਮਿਲਦੀਆਂ ਹਨ। ਉਸ ਦੇ ਵਿਚ ਕਾਮੀ ਪੁਰਸ਼ ਬਾਰੇ ਆ ਗਿਆ ਕਿ ਜੋ ਕਾਮੀ ਪੁਰਸ਼ ਹੈ ਉਸ ਨੂੰ ਦਰਗਾਹ ਵਿਚ ਜਾ ਕੇ ਅੱਗ ਵਾਂਗੂੰ ਤਪਦੇ ਥੰਮਾਂ ਦੇ ਨਾਲ ਲਾ ਦਿਤਾ ਜਾਂਦਾ ਹੈ ਤੇ ਉਹ ਸਜ਼ਾ ਭੁਗਤਦਾ ਹੈ ਤੇ ਹਾਇ-ਹਾਇ ਕਰਦਾ ਹੈ।

***ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥***
***ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ॥***

***ਪੰਨਾ - 1425***

ਤਿੰਨੇ ਗੱਲਾਂ ਸੁਣ ਲਈਆਂ, ਸੰਸਾ ਹੋਰ ਵੱਧ ਗਿਆ। ਕਹਿਣ ਲੱਗਿਆ ਕਿਸ ਤਰ੍ਹਾਂ ਕਰਮ ਦਾ ਫਲ ਮਿਲਦੈ, ਜਦੋਂ ਕੋਈ ਜੰਮਦਾ ਮਰਦਾ ਹੀ ਨਹੀਂ ਹੈ। ਦੂਸਰਾ ਹੋ ਗਿਆ ਕਿ ਕਾਮ ਵੀ ਅਗਨ ਹੈ ਤੇ ਉਸ ਨੂੰ ਅੱਗ ਨਾਲ ਲਾਉਣ ਨਾਲ ਕੀ ਸਜ਼ਾ ਮਿਲ ਗਈ? ਇਹ ਸਭ ਕਲਪਤ ਬਾਤਾਂ ਹਨ। ਇਹਨਾਂ ਨੂੰ ਕਿਵੇਂ ਮੰਨਿਆ ਜਾ ਸਕਦਾ ਹੈ? ਮਹਾਤਮਾ ਪਾਸ ਆਪਣੇ ਪ੍ਰਸ਼ਨਾਂ ਦਾ ਸਮਾਧਾਨ ਕਰਨ ਲਈ ਅਰਜ਼ ਕੀਤੀ।

ਉਹ ਕਹਿਣ ਲੱਗੇ ਪ੍ਰੇਮੀਆ! ਇਸ ਤਰ੍ਹਾਂ ਕਰ ਐਥੇ ਨੇੜੇ ਹੀ ਇਕ ਬ੍ਰਹਮਗਿਆਨੀ ਮਹਾਤਮਾ ਰਹਿੰਦੇ ਹਨ ਤੂੰ ਉਥੇ ਚਲਿਆ ਜਾਹ। ਉਹ ਤੇਰਾ ਸੰਸਾ ਨਵਿਰਤ ਕਰਨਗੇ। ਉਨ੍ਹਾਂ ਦੇ ਕੋਲ ਪਹੁੰਚ ਗਿਆ ਤੇ ਕਹਿਣ ਲੱਗਿਆ ਮਹਾਰਾਜ! ਮੈਨੂੰ ਕੁਝ ਸੰਸੇ ਹਨ ਮੈਂ ਤੁਹਾਡੇ ਨਾਲ ਕੁਝ ਬਚਨ ਕਰਨਾ ਚਾਹੁੰਦਾ ਹਾਂ। ਮੈਂ ਖਟ-ਸ਼ਾਸਤਰੀ ਹਾਂ, ਛੇ ਸ਼ਾਸਤਰਾਂ ਦਾ ਗਿਆਤਾ ਹਾਂ। ਮੈਂ ਬਹੁਤ ਪੜ੍ਹਿਆ ਹੋਇਆ ਹਾਂ, ਮੇਰੇ ਨਾਲ ਕੋਈ ਬਾਤ ਨਹੀਂ ਕਰ ਸਕਦਾ। ਮਹਾਤਮਾ ਨੇ ਦੇਖਿਆ ਕਿ ਇਹ ਤਾਂ ਕੋਈ ਅਭਿਮਾਨੀ ਪੁਰਸ਼ ਆ ਗਿਆ, ਕਿਉਂਕਿ ਸੰਤਾਂ ਦਾ ਵਰਤਾਉ ਇਸ ਤਰ੍ਹਾਂ ਭੀ ਹੁੰਦੈ ਕਿ ਜ਼ਰੂਰੀ ਨਹੀਂ ਕਿ ਸਭ ਦੇ ਨਾਲ ਗੱਲ ਕਰਨ, ਉਹਨਾਂ ਦੀ ਮੌਜ ਹੋਇਆ ਕਰਦੀ ਹੈ, ਜੇ ਕਰਨੀ ਚਾਹੁੰਣ ਕਰ ਲੈਂਦੇ ਹਨ, ਜੇ ਨਹੀਂ ਕਰਨੀ ਤਾਂ ਚੁਪ ਰਹਿੰਦੇ ਹਨ। ਉਹ ਵੀ ਕਿਸੇ ਜਗਿਆਸੂ ਦੀ ਪ੍ਰਾਲਬਧ ਉਨ੍ਹਾਂ ਦੇ ਮੁੱਖ ਤੋਂ ਬਚਨ ਕਢਵਾ ਲਿਆ ਕਰਦੀ ਹੈ ਕਿਉਂਕਿ ਜੋ ਬੀਤਰਾਗ, ਤੱਤਬੇਤਾ ਪੁਰਸ਼ ਹੈ ਉਸ ਦੀ ਨਿਗਾਹ ਦੇ ਅੰਦਰ ਕੋਈ ਭੁੱਲਿਆ ਹੋਇਆ ਨਹੀਂ ਹੁੰਦਾ।

***ਮਨ ਮੇਰੇ ਜਿਨਿ ਆਪੁਨਾ ਭਰਮੁ ਗਵਾਤਾ॥***
***ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥***

***ਪੰਨਾ - 610***

ਜਦੋਂ ਕੋਈ ਭੁੱਲਿਆ ਹੋਇਆ ਹੀ ਨਹੀਂ ਤਾਂ ਫਿਰ ਉਪਦੇਸ਼ ਕਿਸ ਨੂੰ ਦੇਵੇ। ਉਨ੍ਹਾਂ ਦੀ ਪ੍ਰਾਲਬਧ ਮਹਾਂਪੁਰਸ਼ਾਂ ਦੇ ਮੁਖ ਤੋਂ ਐਸੇ ਬਚਨ ਕਢਾ ਲਿਆ ਕਰਦੀ ਹੈ ਜਿਸ ਨਾਲ ਉਨ੍ਹਾਂ ਜਗਿਆਸੂਆਂ ਦਾ ਭਲਾ ਹੋਣਾ ਹੋਵੇ। ਮਹਾਤਮਾ ਤਾਂ ਕਿਸੇ ਨੂੰ ਭੁਲਿਆ ਹੋਇਆ ਸਮਝਦੇ ਹੀ ਨਹੀਂ ਹੁੰਦੇ ਕਿਉਂਕਿ ਉਨ੍ਹਾਂ ਦੀ ਦ੍ਰਿਸ਼ਟੀ ਵਿਚ ਕੇਵਲ ਇਕੋ ਪ੍ਰਮੇਸ਼ਰ ਹੋਇਆ ਕਰਦਾ ਹੈ। ਮਹਾਤਮਾ ਨੇ ਦੇਖਿਆ ਕਿ ਅੱਜ ਇਹ ਕਲਪਨਾ ਵਾਲਾ ਪੁਰਸ਼ ਆ ਗਿਆ ਤੇ ਇਹ ਕੋਈ ਕਲ੍ਹਾ-ਕਲੇਸ਼ ਪਾਏਗਾ। ਸੋ ਇਸ ਤੋਂ ਚੰਗਾ ਹੈ ਕਿ ਮੋਨ ਰੱਖੀਏ। ਮਹਾਤਮਾ ਚੁਪ ਕਰ ਰਹੇ। ਕਹਿਣ ਲੱਗਿਆ, ਮਹਾਰਾਜ! ਤੁਸੀਂ ਤਾਂ ਹੁੰਗਾਰਾ ਵੀ ਨਹੀਂ ਭਰਦੇ। ਉਨ੍ਹਾਂ ਨੇ ਇਸ਼ਾਰੇ ਨਾਲ ਜਵਾਬ ਦਿਤਾ ਤੇ ਉਹ ਸਮਝ ਕੇ ਕਹਿ ਰਹੇ ਨੇ ਕਿ ਦੱਸ ਕੀ ਸ਼ੰਕਾ ਹੈ?

ਕਹਿਣ ਲੱਗਿਆ ਕਿ ਮੈਨੂੰ ਤਿੰਨ ਸੰਸੇ ਵਿਆਪ ਗਏ ਹਨ। ਪਹਿਲਾਂ ਤਾਂ ਇਹ ਹੈ ਕਿ ਜਿਸ ਦਾ ਰੂਪ ਨਹੀਂ, ਰੰਗ ਨਹੀਂ, ਰੇਖ ਨਹੀਂ, ਭੇਖ ਨਹੀਂ, ਜਿਹੜਾ ਸੁੰਘਿਆ ਨਹੀਂ ਜਾ ਸਕਦਾ, ਛੁਹਿਆ ਨਹੀਂ ਜਾ ਸਕਦਾ, ਦੇਖਿਆ ਨਹੀਂ ਜਾ ਸਕਦਾ, ਸੁਣਿਆ ਨਹੀਂ ਜਾ ਸਕਦਾ, ਜਿਸ ਦਾ ਸੁਆਦ ਨਹੀ ਚਖਿਆ ਜਾ ਸਕਦਾ, ਇਹ ਕੋਈ ਚੀਜ਼ ਨਹੀਂ ਹੋ ਸਕਦੀ। ਇਸ ਕਰਕੇ ਰੱਬ ਨਹੀਂ ਹੈ ਇਕ ਕਲਪਣਾਮਾਤ੍ਰ ਹੈ। ਦੂਸਰਾ ਸ਼ੰਕਾ ਇਹ ਹੈ ਕਿ ਕਰਮ ਕਿਸ ਤਰ੍ਹਾਂ ਦੇ ਨਾਲ ਫਲ ਭੁਗਤਾਉਂਦਾ ਹੈ? ਤੀਸਰਾ ਇਹ ਹੈ ਕਿ ਦੱਸਿਆ ਜਾਂਦੈ ਕਿ ਕਾਮੀ ਪੁਰਸ਼ ਨੂੰ ਦਰਗਾਹ ਵਿਚ ਸਜ਼ਾ ਦੇਣ ਲਈ ਅੱਗ ਦੇ ਤੱਪਦੇ ਥੰਮ ਦੇ ਨਾਲ ਲਾਇਆ ਜਾਂਦਾ ਹੈ ਜਦਕਿ ਕਾਮ ਵੀ ਅਗਨੀ ਹੈ ਤੇ ਥੰਮ ਵੀ ਅਗਨੀ ਹੈ ਤੇ ਫੇਰ ਸਜ਼ਾ ਕੀ ਹੋਈ ਜੇਕਰ ਅੱਗ ਨੇ ਅੱਗ ਨੂੰ ਛੂਹ ਲਿਆ? ਮਹਾਤਮਾ ਚੁਪ ਕਰ ਰਹੇ ਕੋਈ ਉਤਰ ਨਾ ਦਿਤਾ। ਥੋੜ੍ਹੀ ਦੇਰ ਬਾਅਦ ਜਦ ਕੋਈ ਜਵਾਬ ਨਾ ਮਿਲਿਆ ਕਹਿਣ ਲੱਗਿਆ ਮੈਂ ਤੇਰੇ ਪਾਸ ਕਿੱਡੀ ਦੂਰੋਂ ਆਇਆ ਹਾਂ ਤੇ ਤੂੰ ਘੁੱਗੂ ਬਣ ਕੇ ਬੈਠ ਗਿਆ। ਇਸ ਤਰ੍ਹਾਂ ਦੇ ਕੌੜੇ ਤੇ ਫਿੱਕੇ ਸ਼ਬਦ ਬੋਲਣ ਲੱਗ ਪਿਆ। ਉਹ ਫੇਰ ਚੁਪ ਕਰ ਰਹੇ। ਇਸ ਤਰ੍ਹਾਂ ਨਾਲ ਤਿੰਨ-ਚਾਰ ਦਫਾ ਬਾਰ-ਬਾਰ ਕਹੀ ਜਾਂਦੈ ਤੇ ਅਖੀਰ ਗਾਲ੍ਹਾਂ ਤੇ ਉਤਰ ਆਇਆ। ਕਹਿਣ ਲੱਗਿਆ ਇਹ ਕਿਹੜਾ ਸ਼ਿਸ਼ਟਾਚਾਰ ਹੈ, ਜਦੋਂ ਕੋਈ ਬਾਹਰੋਂ ਆਵੇ ਤਾਂ ਉਸ ਦੀ ਗੱਲ ਦਾ ਉਤਰ ਦੇਣਾ ਚਾਹੀਦੈ, ਉਸ ਦੀ ਪੁਛ ਗਿਛ ਕਰਨੀ ਚਾਹੀਦੀ ਹੈ ਅਤੇ ਇਸ ਤਰ੍ਹਾਂ ਚੁਪ ਕਰਿਆ ਬੈਠਾ, ਮੇਰੇ ਵੱਲ ਬਿਟਰ ਬਿਟਰ ਦੇਖੀ ਜਾ ਰਿਹਾ ਹੈ। ਜੇ ਤੈਂ ਬੋਲਣਾ ਨਹੀਂ ਤਾਂ ਮੈਨੂੰ ਇਸ਼ਾਰੇ ਨਾਲ ਹੀ ਦੱਸ ਦੇ। ਸੰਤਾਂ ਦੇ ਕੋਲ ਇਕ ਛੋਟਾ ਜਿਹਾ ਮਿਟੀ ਦਾ ਢੇਲਾ ਪਿਆ ਸੀ, ਚੁੱਕ ਕੇ ਉਹਦੇ ਮਾਰਿਆ, ਉਸ ਦੇ ਲੱਗਿਆ ਤੇ ਉਸ ਨੂੰ ਪੀੜ ਹੋਈ। ਉਸ ਵੇਲੇ ਉਠ ਖੜ੍ਹਿਆ ਤੇ ਜਾ ਕੇ ਸੰਤਾਂ ਨੂੰ ਫੜ ਲਿਆ। ਉਨ੍ਹਾਂ ਦੇ ਦੋ-ਚਾਰ ਧੌਲ-ਧੱਪੇ ਮਾਰੇ ਤੇ ਨਿਰਾਦਰ ਦੇ ਵਾਕ ਕਹੇ। ਸੰਤ ਕਹਿਣ ਲੱਗੇ ਪ੍ਰੇਮੀਆ ਸਾਨੂੰ ਮਾਰਦਾ ਕਿਉਂ

ਹੈਂ? ਕਹਿਣ ਲੱਗਿਆ ਮਾਰਾਂ ਕਿਉਂ ਨਾ, ਤੂੰ ਮੇਰੇ ਮਿੱਟੀ ਦੀ ਢੀਮ ਮਾਰੀ ਹੈ। ਮਾਰਾਂ ਨਾ ਤਾਂ ਹੋਰ ਕੀ ਕਰਾਂ? ਸੰਤ ਕਹਿਣ ਲੱਗੇ, ਅਸੀਂ ਤੇਰੇ ਸਵਾਲਾਂ ਦਾ ਜਵਾਬ ਦਿਤਾ ਹੈ ਤੇ ਤੂੰ ਕਿਹਾ ਸੀ ਚੁਪ ਕਰਕੇ ਜਵਾਬ ਦੇ ਦਿਓ। ਅਸੀਂ ਤੇਰੇ ਰੋੜਾ ਮਾਰ ਕੇ ਤਿੰਨਾਂ ਸਵਾਲਾਂ ਦਾ ਜਵਾਬ ਦਿਤਾ ਹੈ। ਜਦੋਂ ਤੈਨੂੰ ਇਹ ਪਤਾ ਲੱਗੇਗਾ ਉਸ ਵੇਲੇ ਤੈਨੂੰ ਪਛਤਾਵਾ ਹੋਵੇਗਾ ਕਿ ਮੈਂ ਐਵੇਂ ਹੀ ਸੰਤਾਂ ਨੂੰ ਮਾਰਿਆ ਤੇ ਫੇਰ ਤੂੰ ਅਸਾਥੋਂ ਮਾਫੀ ਮੰਗੇਂਗਾ। ਪ੍ਰੇਮੀਆ, ਇਸ ਤਰ੍ਹਾਂ ਦਾ ਵਰਤਾਅ ਨਹੀਂ ਕਰੀਦਾ। ਸ਼ਾਸਤਰੀ ਚੁਪ ਕਰ ਗਿਆ ਤੇ ਮਾਰਨ ਤੋਂ ਹੱਟ ਗਿਆ। ਕਹਿਣ ਲੱਗਿਆ ਫੇਰ ਮੈਨੂੰ ਸਮਝਾਓ ਕਿ ਕਿਵੇਂ ਤੁਸੀਂ ਸਵਾਲਾਂ ਦਾ ਜਵਾਬ ਦਿੱਤਾ ਹੈ? ਮਹਾਤਮਾ ਕਹਿਣ ਲੱਗੇ, ਤੂੰ ਇਹ ਦੱਸ ਕਿ ਢੀਮ ਮਾਰਨ ਨਾਲ ਤੈਨੂੰ ਕੀ ਹੋਇਐ? ਕਹਿਣ ਲੱਗਿਆ ਕਿ ਮੈਨੂੰ ਪੀੜ ਹੋਈ ਹੈ, ਦਰਦ ਹੋਇਆ ਹੈ। ਮਹਾਤਮਾ ਨੇ ਕਿਹਾ ਕਿ ਦਰਦ ਦਾ ਕੀ ਰੂਪ ਹੈ, ਕੀ ਰੰਗ ਹੈ, ਕੀ ਰੇਖ ਹੈ, ਕੀ ਭੇਖ ਹੈ, ਕੀ ਚੱਕਰ ਹੈ, ਕੀ ਚਿਹਨ ਹੈ। ਉਹ ਦਰਦ ਤੈਨੂੰ ਅੱਖਾਂ ਨਾਲ ਦਿਸਿਐ, ਕੰਨਾ ਨਾਲ ਸੁਣਿਐ ਜਾਂ ਨੱਕ ਨਾਲ ਸੁੰਘਿਐ ਜਾਂ ਤੈਂ ਸਪਰਸ਼ ਸ਼ਕਤੀ ਨਾਲ ਦੇਖਿਐ। ਉਹ ਕਿਹੜੀ ਚੀਜ਼ ਹੈ, ਕੀ ਤੂੰ ਸਾਨੂੰ ਆਪਣਾ ਦਰਦ ਦਿਖਾ ਸਕਦੈਂ? ਉਹ ਕਹਿਣ ਲੱਗਿਆ ਮਹਾਰਾਜ ਮੈਂ ਮਹਿਸੂਸ ਕੀਤਾ ਹੈ, ਅਨੁਭਵ ਕੀਤਾ ਹੈ। ਮਹਾਤਮਾ ਕਹਿਣ ਲੱਗੇ ਇਸੇ ਤਰ੍ਹਾਂ ਪ੍ਰਮੇਸ਼ਰ ਦੀ ਹੋਂਦ ਅੱਖਾਂ ਨਾਲ ਨਹੀਂ ਦਿਸਿਆ ਕਰਦੀ, ਕੰਨਾਂ ਨਾਲ ਸੁਣਨ ਦਾ ਵਿਸ਼ਾ ਨਹੀਂ ਹੈ ਤੇ ਜ਼ੁਬਾਨ ਦੇ ਨਾਲ ਚੱਖਣ ਦਾ ਵਿਸ਼ਾ ਨਹੀਂ ਹੈ ਅਤੇ ਨਾ ਹੀ ਸਪਰਸ਼ ਦਾ ਵਿਸ਼ਾ ਹੈ। ਇਹ ਸਾਰੇ ਵਿਸ਼ੇ ਕਰਮ ਇੰਦਰਿਆਂ ਤੇ ਗਿਆਨ ਇੰਦਰਿਆਂ ਦੇ ਹਨ। ਪ੍ਰਮੇਸ਼ਰ ਇੰਦ੍ਰੀਆਂ ਦੇ ਗਿਆਨ ਤੋਂ ਪਰ੍ਹੇ ਕੇਵਲ ਅਨੁਭਵ ਦਾ ਵਿਸ਼ਾ ਹੋਇਆ ਕਰਦਾ ਹੈ। ਕਹਿਣ ਲੱਗਿਆ ਠੀਕ ਹੈ ਮਹਾਰਾਜ ਮੇਰੀ ਤਸੱਲੀ ਹੋ ਗਈ। ਕ੍ਰੋਧ ਦਾ ਕੋਈ ਸਰੂਪ ਨਹੀਂ, ਪਿਆਰ ਦਾ ਕੋਈ ਸਰੂਪ ਨਹੀਂ ਹੈ, ਲੋਭ ਦਾ ਕੋਈ ਸਰੂਪ ਨਹੀਂ ਪਰ ਸਾਰੇ ਹੀ ਵਿਆਪਦੇ ਹਨ। ਜੇਕਰ ਕਿਸੇ ਨੂੰ ਕ੍ਰੋਧ ਆ ਜਾਵੇ, ਕ੍ਰੋਧੀ ਤੇ ਲੋਭੀ ਆਦਮੀ ਦੂਜੇ ਦੀ ਜਾਨ ਲੈ ਲਿਆ ਕਰਦਾ ਹੈ, ਅਭਿਮਾਨੀ ਆਦਮੀ ਕਿਸੇ ਨੂੰ ਨਿਗਾਹ ਹੇਠਾਂ ਨਹੀਂ ਲਿਆਉਂਦਾ। ਇਸੇ ਤਰ੍ਹਾਂ ਪਿਆਰ ਵੀ ਹੈਗਾ ਪਰ ਸਾਰਾ ਕੁਝ ਹੈ ਤਾਂ ਸਹੀ। ਕਹਿਣ ਲੱਗਾ ਹਾਂ ਮਹਾਰਾਜ, ਇਸੇ ਤਰ੍ਹਾਂ ਪਰਮੇਸ਼ਰ ਨੂੰ ਅਨੁਭਵ ਕਰੀਦਾ ਹੈ ਇਹ ਅਨੁਭਵ ਦਾ ਵਿਸ਼ਾ ਹੈ, ਅੱਖਾਂ ਦਾ ਵਿਸ਼ਾ ਨਹੀਂ ਹੈ। ਤੇਰਾ ਦੂਜਾ ਸਵਾਲ ਹੈ ਕਿ ਕਰਮ ਦਾ ਪ੍ਰਤੀਕਰਮ ਕਿਵੇਂ ਹੁੰਦੈ। ਇਸ ਦਾ ਜਵਾਬ ਵੀ ਤੈਨੂੰ ਦੇ ਦਿਤਾ ਸੀ। ਅਸੀਂ ਤੇਰੇ ਰੋੜਾ ਮਾਰਿਆ ਸੀ ਤੇ ਤੂੰ ਸਾਡੇ ਮੁੱਕੇ ਮਾਰੇ ਤੇ ਸਾਨੂੰ ਕੁਟਿਆ ਤੇ ਸਾਡੇ ਕਰਮ ਦਾ ਫਲ ਸਾਨੂੰ ਇਕ ਦਮ ਮਿਲ ਗਿਆ। ਇਸ ਤਰ੍ਹਾਂ ਨਾਲ ਕਰਮਾਂ ਦਾ ਫਲ ਮਿਲਿਆ ਕਰਦਾ ਹੈ। ਤੀਸਰਾ ਤੇਰਾ ਸਵਾਲ ਸੀ ਕਿ ਅੱਗ ਨਾਲ ਅੱਗ ਨੂੰ ਲਾਉਣ ਨਾਲ ਪੀੜ ਕਿਸ ਨੂੰ ਹੁੰਦੀ ਹੈ, ਜਿਵੇਂ ਸਥੂਲ ਸਰੀਰ ਨੂੰ ਸਥੂਲ ਵਸਤੂ ਲੱਗਣ ਨਾਲ ਪੀੜ ਮਹਿਸੂਸ ਹੁੰਦੀ ਹੈ, ਇਸੇ ਤਰ੍ਹਾਂ ਸੂਖਸ਼ਮ ਸਰੀਰ ਨੂੰ ਸੂਖਸ਼ਮ ਤਸੀਹੇ ਮਿਲਣ ਨਾਲ ਦੁਖ ਹੁੰਦਾ ਹੈ। ਕਹਿਣ ਲੱਗਿਆ ਮਹਾਰਾਜ ਆਪ ਦੀਆਂ ਸਾਰੀਆਂ ਗੱਲਾਂ ਮੇਰੇ ਸਮਝ ਵਿਚ ਆ ਗਈਆਂ ਹਨ ਤੇ ਹੁਣ ਕਿਰਪਾ ਕਰੋ ਮੈਨੂੰ ਬਖਸ਼ ਦਿਓ। ਮੈਥੋਂ ਬਹੁਤ ਵੱਡੀ ਗਲਤੀ ਹੋਈ ਆਪ ਦਾ ਨਿਰਾਦਰ ਕੀਤਾ। ਮੈਂ ਮੂਰਖ ਰਿਹਾ, ਮੈਂ ਗੁਸਤਾਖੀ ਕੀਤੀ, ਆਪ ਦਾ ਬਚਨ ਸਤਿ ਹੈ। ਇਸ ਤਰ੍ਹਾਂ ਦੀਆਂ ਬੇਨਤੀਆਂ ਕਰਨ ਲੱਗ ਪਿਆ। ਮਹਾਤਮਾ ਕਹਿਣ ਲੱਗੇ ਪ੍ਰੇਮੀਆ! ਕੋਈ ਗੱਲ ਨਹੀਂ ਅਸੀਂ ਤਾਂ ਤੈਨੂੰ ਸਮਝਾਉਣਾ ਸੀ ਜੋ ਵੀ ਪ੍ਰਯੋਜਨ ਹੋਇਐ ਇਹ ਸਾਰਾ ਤੇਰੇ ਸਵਾਲਾਂ ਦਾ ਜਵਾਬ ਦੇਣ ਲਈ ਹੋਇਆ ਹੈ।

ਸੋ ਇਸ ਤਰ੍ਹਾਂ ਨਾਲ ਜਦੋਂ ਤੱਕ ਮਨ ਦਾ ਸੰਸਾ ਨਹੀਂ ਉਤਰਦਾ ਉਨੀਂ ਦੇਰ ਤਕ ਦੁਖਾਂ ਦਾ ਕੋਈ ਇਲਾਜ ਨਹੀਂ ਹੈ ਤੇ ਇਹ ਸੰਸਾ ਜੋ ਹੈ ਇਹ ਹਉਮੈ ਦਾ ਪਰਛਾਵਾਂ ਹੋਇਆ ਕਰਦਾ ਹੈ। ਇਨ੍ਹਾਂ ਸਾਰੀਆਂ ਚੀਜ਼ਾਂ ਦਾ ਅਧਾਰ (base) ਹਉਮੈ ਹੈ।

***ਹਉਮੈ ਦੀਰਘ ਰੋਗ ਹੈ ਦਾਰੂ ਭੀ ਇਸੁ ਮਾਹਿ॥***

***ਪੰਨਾ - 466***

ਦੀਰਘ ਤੋਂ ਭਾਵ ਹੈ ਲੰਮਾ ਜੋ ਨਾ ਠੀਕ ਹੋਣ ਵਾਲਾ ਹੈ। ਇਸ ਨੂੰ ਮਹਾਰਾਜ ਜੀ ਨੇ ਕੋਹੜ ਦਾ ਰੋਗ ਦੱਸਿਆ ਹੈ। ਸਾਰਾ ਸੰਸਾਰ ਇਸ ਰੋਗ ਨਾਲ ਪੀੜਤ ਹੋਇਆ ਹੋਇਆ ਦੁਖੀ ਹੋ ਰਿਹਾ ਹੈ। ਇਸ ਰੋਗੀ ਦੀ ਪੀੜ ਗੁਰੂ ਤੋਂ ਬਿਨਾਂ ਦੂਰ ਨਹੀਂ ਹੋ ਸਕਦੀ।

***ਧਾਰਨਾ - ਬਿਨ ਗੁਰ ਰੋਗ ਨ ਤੁੱਟਈ,***
***ਹਉਮੈ ਪੀੜ ਨਾ ਜਾਇ -2, 2.***
***ਬਿਨ ਗੁਰ ਰੋਗ ਨ ਤੁਟਈ,***
***ਹਉਮੈ ਪੀੜ ਨਾ ਜਾਇ -2, 4.***

ਜਿੰਨਾ ਚਿਰ ਗੁਰੂ ਨਹੀਂ ਮਿਲਦਾ ਉਨਾਂ ਚਿਰ ਇਸ ਦਾ ਇਲਾਜ ਨਹੀਂ ਹੋ ਸਕਿਆ ਕਰਦਾ ਕਿਉਂਕਿ ਸਮਰੱਥ ਗੁਰੂ, ਪੂਰਾ ਗੁਰੂ ਭਾਗਾਂ ਤੋਂ ਬਿਨਾਂ ਨਹੀਂ ਮਿਲ ਸਕਿਆ ਕਰਦਾ।

***ਜਿਨ ਮਸਤਕਿ ਧੁਰਿ ਹਰਿ ਲਿਖਿਆ***
***ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ॥ ਪੰਨਾ - 450***

ਜੇਕਰ ਪੂਰਾ ਗੁਰੂ ਮਿਲ ਜਾਵੇ ਤਾਂ ਉਸ ਨੂੰ ਪੂਰਾ ਸਿਖ ਨਹੀਂ ਮਿਲਿਆ ਕਰਦਾ ਦੋਹਾਂ ਵਿਚ ਫਰਕ ਹੈ -

***ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ॥***
***ਅੰਧੇ ਏਕ ਨ ਲਾਗਈ ਜਿਉ ਬਾਂਸ ਬਜਾਈਐ ਫੂਕ॥***

***ਪੰਨਾ - 1372***

ਗੁਰੂ ਤਾਂ ਪੂਰਾ ਹੈ ਪਰ ਸਿੱਖ ਪੂਰਾ ਨਹੀਂ ਹੈ, ਸਿੱਖ ਦੇ ਵਿਚ ਨਾ ਸ਼ਰਧਾ ਹੈ ਤੇ ਨਾ ਹੀ ਪੂਰੇ ਧਿਆਨ ਨਾਲ ਸੁਣਦਾ ਹੈ। ਜੇ ਸੁਣਦਾ ਹੈ ਤਾਂ ਮੰਨਦਾ ਨਹੀਂ, ਜੇ ਮੰਨਦਾ ਹੈ ਤਾਂ ਨਿਧਿਆਸਣ ਨਹੀਂ ਕਰਦਾ। ਗੁਰੂ ਦਾ ਬਚਨ ਉਥੇ ਕੀ ਕਰ ਸਕਦੈ ਤੇ ਗੁਰੂ ਕੀ ਕਰ ਸਕਦੈ। ਜਦੋਂ ਸਿੱਖ ਹੀ ਠੀਕ ਨਹੀਂ ਹੈ, ਹਉਮੈ ਦੇ ਵਿਚ ਹੈ ਆਪੇ ਦੁਖੀ ਹੋ ਰਿਹੈ ਤੇ ਸੰਸਾਰ ਨੂੰ ਵੀ ਦੁਖੀ ਕਰ ਰਿਹੈ ਇਹ ਪੀੜ ਨਹੀਂ ਜਾਇਆ ਕਰਦੀ। ਪੂਰਾ ਗੁਰੂ ਮਿਲਣ ਨਾਲ ਇਸ ਹਉਮੈ ਦੀ ਪੀੜ ਤੋਂ ਮੁਕਤ ਹੋ ਜਾਇਆ ਕਰਦਾ ਹੈ।

***ਗੁਰ ਪਰਸਾਦੀ ਮਨਿ ਵਸੈ ਨਾਮੇ ਰਹੈ ਸਮਾਇ॥***

***ਗੁਰ ਸਬਦੀ ਹਰਿ ਪਾਈਐ ਬਿਨੁ ਸਬਦੈ ਭਰਮਿ ਭੁਲਾਇ॥***
***ਮਨ ਰੇ ਨਿਜ ਘਰਿ ਵਾਸਾ ਹੋਇ॥***
***ਰਾਮ ਨਾਮੁ ਸਾਲਾਹਿ ਤੂ ਫਿਰਿ ਆਵਣ ਜਾਣੁ ਨ ਹੋਇ॥***
***ਪੰਨਾ - 36***

ਪੂਰਾ ਗੁਰੂ ਇਹ ਕਹਿੰਦੈ ਕਿ ਤੇਰਾ ਨਿਜ ਸਰੂਪ ਵਿਚ, ਨਿਜ ਘਰ ਵਿਚ, ਆਤਮ ਸਰੂਪ ਦੇ ਅੰਦਰ ਵਾਸਾ ਹੋ ਜਾਵੇਗਾ ਪਰ ਤੂੰ ਉਸ ਦੀ ਸਲਾਹਣਾ ਕਰ, ਸਿਫਤ ਸਲਾਹ ਕਰ ਤੇ ਪਰਮੇਸ਼ਰ ਦਾ ਨਾਮ ਜਪ, ਸੰਗਤ ਕਰ, ਗੁਰੂ ਦੀ ਸ਼ਰਨ ਵਿਚ ਆ ਜਾ ਫੇਰ ਹਉਮੈ ਦੀ ਤੈਨੂੰ ਦਾਰੂ ਮਿਲ ਜਾਵੇਗੀ। ਹਉਮੈ ਦੇ ਅੰਦਰ ਆਦਮੀ ਸੁੱਤਾ ਪਿਆ ਹੈ, ਇਹ ਆਤਮ ਸ਼ਹਿਜਾਦਾ ਹੈ ਪਰ ਆਪਣੇ ਸਰੂਪ ਤੋਂ ਭੁੱਲ ਕੇ ਦੁਖੀ ਹੋਇਆ ਤੁਰਿਆ ਫਿਰਦਾ ਹੈ। ਮਹਾਰਾਜ ਜੀ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਇਕ ਮਿਸਾਲ ਦੇ ਨਾਲ ਸਮਝਾਉਂਦੇ ਹਨ। ਉਹ ਇਸ ਤਰ੍ਹਾਂ ਹੈ ਕਿ ਇਕ ਰਾਜਾ ਆਪਣੇ ਮਹਿਲ ਦੀ ਸੱਤਵੀਂ ਮੰਜਿਲ ਤੇ ਸੌਂਇਆ ਕਰਦਾ ਸੀ ਹੇਠਾਂ ਛੇ ਮੰਜ਼ਲਾਂ ਤੱਕ ਪਹਿਰੇ ਬਦਲ ਬਦਲ ਕੇ ਲੱਗਿਆ ਕਰਦੇ ਸਨ ਤਾਂ ਕਿ ਜੇ ਇਕ ਗਲਤ ਹੋਵੇ ਤਾਂ ਦੂਜਾ ਸੰਭਾਲ ਸਕੇਗਾ ਕਿਉਂਕਿ ਇਨ੍ਹਾਂ ਲੋਕਾਂ ਨੂੰ ਨੀਂਦ ਬੜੀ ਔਖੀ ਆਉਂਦੀ ਹੈ। ਹਰ ਵੇਲੇ ਆਪਣੀ ਜਾਨ ਦਾ ਖਤਰਾ ਬਣਿਆ ਰਹਿੰਦਾ ਹੈ। ਜਿਥੇ ਇਹ ਸੌਂਦਾ ਸੀ, ਸਾਰੇ ਸ਼ਸਤਰ ਆਪਣੇ ਆਲੇ ਦੁਆਲੇ ਰੱਖ ਕੇ ਸੌਂਇਆ ਕਰਦਾ ਸੀ। ਸੁੱਤੇ ਪਏ ਨੂੰ, ਨੀਂਦ ਵਿਚ ਇਕ ਸੁਪਨਾ ਆ ਗਿਆ ਕਿ ਜੰਗਲਾਂ ਵਿਚ ਭਰਮਦਾ ਫਿਰਦਾ ਹੈ ਤੇ ਕਿਸੇ ਹੋਰ ਰਾਜੇ ਨੇ ਹਮਲਾ ਕਰਕੇ ਇਸ ਦਾ ਰਾਜ ਖੋਹ ਲਿਆ, ਇਸ ਨੂੰ ਬੇਇਜ਼ਤ ਕਰਕੇ ਕੱਢ ਦਿਤਾ। ਰਾਣੀਆਂ ਵੀ ਬੇਇਜ਼ਤੀ ਕਰ ਰਹੀਆਂ ਹਨ ਤੇ ਰਿਆਇਆ ਵੀ ਕਰ ਰਹੀ ਹੈ, ਗਾਲਾਂ ਕੱਢ ਰਹੇ ਨੇ, ਧੱਕੇ ਮਾਰ ਰਹੇ ਨੇ, ਇੱਟਾਂ ਵੱਟੇ ਮਾਰ ਰਹੇ ਹਨ। ਦੁਖੀ ਹੋਇਆ ਚਲਿਆ ਗਿਆ ਤੇ ਦੂਸਰੇ ਰਾਜੇ ਨੇ ਹੁਕਮ ਕਰ ਦਿਤਾ ਕਿ ਇਸ ਨੂੰ ਬੇਇਜ਼ਤ ਕਰਕੇ ਰਾਜ ਤੋਂ ਬਾਹਰ ਕੱਢ ਦਿਓ। ਇਸ ਨੂੰ ਥੋੜ੍ਹੀ ਸਿਮ੍ਰਤੀ ਹੈ ਕਿ ਮੈਂ ਬਾਦਸ਼ਾਹ ਹਾਂ। ਮੇਰੇ ਨਾਲ ਇਹ ਕੀ ਭਾਣਾ ਵਰਤ ਗਿਆ ਤੇ ਮੇਰੇ ਕੋਲ ਤਾਂ ਪਹਿਨਣ ਨੂੰ ਕੱਪੜਾ ਨਹੀਂ ਰਿਹਾ, ਕੋਈ ਚੀਜ਼ ਨਹੀਂ ਰਹੀ, ਪਾਣੀ ਦੀ ਪਿਆਸ ਲੱਗਦੀ ਹੈ ਕੋਈ ਪਾਣੀ ਨਹੀਂ ਪਿਲਾਉਂਦਾ, ਭੁੱਖ ਲੱਗੀ ਹੋਈ ਹੈ ਕੋਈ ਰੋਟੀ ਨਹੀਂ ਦਿੰਦਾ। ਇਸ ਤਰ੍ਹਾਂ ਧੱਕੇ ਮਾਰ ਕੇ ਕੱਢਿਆ ਹੋਇਆ ਜੰਗਲ 'ਚ ਫਿਰਦੈ ਤੇ ਨਿਰਜਨ ਵਣ ਵਿਚ ਚਲਿਆ ਗਿਆ ਜਿਥੇ ਕੋਈ ਨਹੀਂ ਹੈ। ਉਥੇ ਕੀ ਦੇਖਦਾ ਹੈ ਕਿ ਇਕ ਸੂਈ ਹੋਈ ਗਿਦੜੀ ਇਹਦੇ ਵੱਲ ਨੂੰ ਆ ਰਹੀ ਹੈ ਤੇ ਇਹ ਐਧਰ ਉਧਰ ਦੇਖਦੈ ਕਿ ਕੋਈ ਸੋਟੀ ਲੱਭ ਜਾਵੇ, ਕੋਈ ਡੰਡਾ ਲੱਭ ਜਾਵੇ ਪਰ ਕੁਝ ਵੀ ਹੱਥ ਵਿਚ ਨਹੀਂ ਆਉਂਦਾ। ਐਨੇ ਨੂੰ ਗਿਦੜੀ ਨੇ ਆ ਕੇ ਇਹਦੀ ਲੱਤ ਫੜ ਲਈ, ਬਹੁਤ ਪੀੜ ਹੋਈ, ਹੋਰ ਕੁਝ ਨਹੀਂ ਲੱਭਦਾ, ਇਸੇ ਤਰ੍ਹਾਂ ਆਪਣੇ ਆਪ ਨੂੰ ਘੜੀਸ ਕੇ ਲੈ ਗਿਆ ਤੇ ਇਕ ਡੰਡਾ ਲੱਭ ਗਿਆ, ਉਸ ਦੇ ਡੰਡੇ ਮਾਰ ਕੇ ਹੱਥਾਂ ਨਾਲ ਉਸ ਦਾ ਮੂੰਹ ਖੋਲ ਦਿੱਤਾ ਤੇ ਉਸ ਤੋਂ ਛੁਟਕਾਰਾ ਪਾਇਆ। ਬਹੁਤ ਉਦਾਸ ਹੋਇਆ ਬੈਠਾ ਹੈ ਤੇ ਲੱਤ ਵਿਚੋਂ ਖੂਨ ਦੀਆਂ ਧਾਰਾਂ ਵਹਿ ਰਹੀਆਂ ਹਨ। ਲੰਗ ਮਾਰਦਾ-ਲੰਗੜਾਉਂਦਾ ਇਕ ਝੌਂਪੜੀ ਦੇ ਕੋਲ ਚਲਿਆ ਗਿਆ ਉਥੇ ਜਾ ਕੇ ਦੇਖਿਆ, ਕੋਈ ਬੰਦਾ ਹੈ। ਪੁਛਿਆ ਕੀ ਕੰਮ ਕਰਿਆ ਕਰਦੇ ਹੋ? ਕਹਿੰਦਾ, ਮੈਂ ਘਾਵਾਂ ਤੇ ਪੱਟੀਆਂ ਲਾਇਆ ਕਰਦਾ ਹਾਂ। ਕਹਿਣ ਲੱਗਿਆ ਮੈਨੂੰ ਗਿਦੜੀ ਨੇ ਕੱਟ ਲਿਆ ਹੈ ਤੇ ਮੇਰੇ ਘਾਅ ਤੇ ਵੀ ਪੱਟੀ ਬੰਨ੍ਹ ਦਿਓ। ਉਹ ਕਹਿਣ ਲੱਗਿਆ ਕਿ ਮੈਂ ਤਾਂ ਇਹ ਪੱਟੀ ਬੰਨਣ ਦਾ ਇਕ ਧੇਲਾ ਲਵਾਂਗਾ। ਉਹ ਹੈਰਾਨ ਹੋ ਗਿਆ ਕਿ ਮੈਥੋਂ ਤਾਂ ਤੁਰਿਆ ਨਹੀਂ ਜਾਂਦਾ, ਫੇਰ ਬੇਨਤੀ ਕਰਕੇ ਕਿਹਾ ਕਿ ਭਾਈ, ਤੂੰ ਮੇਰੇ ਤੇ ਤਰਸ ਕਰ ਅਤੇ ਤੂੰ ਮੇਰੀ ਲੱਤ ਤੇ ਪੱਟੀ ਬੰਨ੍ਹ ਦੇ। ਉਹ ਕਹਿੰਦਾ ਨਹੀਂ। ਪੈਸੇ ਲਏ ਬਿਨਾਂ ਮੈਂ ਨਹੀਂ ਬੰਨਣੀ। ਰਾਜਾ ਕਹਿਣ ਲੱਗਿਆ ਕਿ ਜੇ ਮੈਂ ਅਮੀਰ ਹੁੰਦਾ ਤਾਂ ਤੂੰ ਮੇਰੇ ਘਰ ਆ ਕੇ ਪੱਟੀ ਬੰਨਦਾ। ਮੈਂ ਵੀ ਰਾਜਾ ਸੀ ਪਰ ਮੇਰਾ ਰਾਜ ਖੋਹ ਲਿਆ ਤੇ ਹੁਣ ਮੇਰਾ ਬੁਰਾ ਹਾਲ ਹੋ ਗਿਆ। ਮੈਨੂੰ ਰਾਜ ਵਿਚੋਂ ਕੱਢ ਦਿਤਾ, ਅੱਜ ਮੈਂ ਕੰਗਾਲ ਹੋ ਗਿਆ ਹਾਂ, ਹੁਣ ਮੇਰੇ ਕੋਲ ਇਕ ਪੈਸਾ ਵੀ ਨਹੀਂ ਹੈ। ਉਹ ਕਹਿਣ ਲੱਗਿਆ, ਤੂੰ ਜੋ ਕੁਝ ਵੀ ਸੀ, ਹੋਵੇਂਗਾ ਪਰ ਤੇਰੀ ਸ਼ਕਲ ਤਾਂ ਰਾਜਿਆਂ ਵਾਲੀ ਲੱਗਦੀ ਨਹੀਂ ਤੇ ਦੁਰਕਾਰ ਕੇ ਤੋਰ ਦਿਤਾ। ਅੱਗੇ ਇਕ ਸਾਧੂ ਮਿਲੇ ਤੇ ਉਹਨਾਂ ਕੋਲ ਬੇਨਤੀ ਕੀਤੀ ਤਾਂ ਉਹਨਾਂ ਨੇ ਕਿਹਾ, ਆਜਾ ਪ੍ਰੇਮੀਆ, ਅੰਦਰ ਲੰਘ ਆ ਤੇ ਉਹ ਪੰਜ-ਸੱਤ ਦਿਨ ਪੱਟੀ ਕਰਦੇ ਰਹੇ ਤੇ ਉਹ ਰਾਜ਼ੀ ਹੋ ਗਿਆ। ਰਾਜ਼ੀ ਹੋ ਕੇ ਮੁੜ ਕੇ ਉਸ ਹਕੀਮ ਦੇ ਕੋਲ ਫਿਰ ਆ ਗਿਆ। ਕਹਿਣ ਲੱਗਿਆ ਤੂੰ ਤਾਂ ਮੇਰੀ ਲੱਤ ਤੇ ਪੱਟੀ ਬੰਨ੍ਹਣ ਤੋਂ ਇਨਕਾਰ ਕਰ ਦਿਤਾ ਸੀ ਪਰ ਸੰਤਾਂ ਨੇ ਮੈਨੂੰ ਠੀਕ ਕਰ ਦਿਤਾ। ਉਹਦੇ ਨਾਲ ਖ਼ੈਬੜ ਪਿਆ ਤੇ ਉਸਨੇ ਧੱਕਾ ਮਾਰਿਆ ਤੇ ਇਹ ਧਰਤੀ ਤੇ ਡਿੱਗ ਪਿਆ। ਡਿਗਦੇ ਸਾਰ ਹੀ ਇਸ ਦੀ ਜਾਗ ਖੁਲ੍ਹ ਗਈ। ਹੈਰਾਨ ਹੋ ਰਿਹਾ ਹੈ ਕਿ ਐਨੇ ਸ਼ਸਤਰ ਮੇਰੇ ਕੋਲ ਪਏ ਹਨ ਤੇ ਇਥੇ ਗਿੱਦੜ ਕਿਥੋਂ ਆ ਗਿਆ। ਉਠ ਕੇ ਦੇਖਿਆ, ਫੌਜਾਂ ਉਸੇ ਤਰ੍ਹਾਂ ਪਹਿਰੇ ਦੇ ਰਹੀਆਂ ਹਨ ਤੇ ਮਹਿਲ ਦੇ ਦੁਆਲੇ ਪਹਿਰੇਦਾਰ ਆਪਣੀ ਵਾਰੀ ਨਾਲ ਪਹਿਰਾ ਦਿੰਦੇ ਤੁਰ ਫਿਰ ਰਹੇ ਹਨ। ਚੁਪ ਕਰਕੇ ਬੈਠ ਗਿਆ ਤੇ ਸਮਝ ਵਿਚ ਨਹੀਂ ਆ ਰਿਹਾ ਕਿ ਐਨਾ ਭਿਆਨਕ ਸੁਪਨਾ? ਮਹਾਰਾਜ ਜੀ ਇਹਦੇ ਬਾਰੇ ਫੁਰਮਾਉਂਦੇ ਹਨ -

***ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥***
***ਪੰਨਾ - 657***

ਗੁਰਬਾਣੀ ਦੇ ਅੰਦਰ ਭਗਤ ਰਵਿਦਾਸ ਜੀ ਦੇ ਇਸ ਸ਼ਬਦ ਨੂੰ ਸਮਝਣ ਦੀ ਲੋੜ ਹੈ। ਆਪ ਫੁਰਮਾਉਂਦੇ ਹਨ -

***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥***
***ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ॥***
***ਪੰਨਾ - 657***

ਕਹਿਣ ਲੱਗੇ, ਤੈਨੂੰ ਸੁਪਨਾ ਆਇਆ ਹੋਇਐ ਤੇ ਤੂੰ ਸੰਸਾਰਕ ਬਿਰਤੀ ਵਿਚ ਰਮਿਆ ਹੋਇਆ ਹੈਂ। ਪਰ ਅਸਲ ਵਿਚ ਤੂੰ ਆਤਮ ਸ਼ਹਿਜਾਦਾ ਹੈਂ। ਇਸ ਤਰ੍ਹਾਂ ਦੇ ਨਾਲ ਫੁਰਮਾਉਂਦੇ ਹਨ -

***ਧਾਰਨਾ - ਭਰਮ ਐਸਾ ਕਿਆ ਕਹੀਐ ਮਾਧੋ -2, 2.***
***ਭਰਮ ਐਸਾ ਕਿਆ ਕਹੀਐ ਮਾਧੋ -2, 4.***

*ਮਾਧਵੇ ਕਿਆ ਕਹੀਐ ਭ੍ਰਮੁ ਐਸਾ॥*
***ਜੈਸਾ ਮਾਨੀਐ ਹੋਇ ਨ ਤੈਸਾ॥ ਪੰਨਾ - 657***

ਜਿਸ ਤਰ੍ਹਾਂ ਨਾਲ ਅਸੀਂ ਸੰਸਾਰ ਨੂੰ ਦੇਖਦੇ ਹਾਂ। ਇਹ ਉਸ ਤਰ੍ਹਾਂ ਦਾ ਨਹੀਂ ਹੈ, ਸਾਨੂੰ ਭਰਮ ਪੈ ਗਿਆ ਹੈ, ਅਸਲੀ ਚੀਜ਼ ਸਾਨੂੰ ਦਿਸਣ ਤੋਂ ਹਟ ਗਈ ਕਿਉਂਕਿ ਮਨ ਦੇ ਅੰਦਰ ਸੰਸਾ ਪੈ ਗਿਆ, ਸੰਸੇ ਦਾ ਹਨ੍ਹੇਰਾ ਪੈ ਗਿਆ। ਸੋ ਇਹ ਕਿਹੜੀ ਚੀਜ਼ ਹੋਈ?

***ਅਨਲ ਅਗਮ ਜੈਸੇ ਲਹਰਿ ਮਇ ਓਦਧਿ ..........॥***
***ਪੰਨਾ - 657***

ਸਮੁੰਦਰ ਤੋਂ ਲਹਿਰਾਂ ਉਠਦੀਆਂ ਹਨ, ਜੋ ਸਮੁੰਦਰ ਤੋਂ ਵਖਰੀਆਂ ਪ੍ਰਤੀਤ ਦਿੰਦੀਆਂ ਹਨ। ਲਹਿਰਾਂ ਉਠਣ ਤੋਂ ਪਹਿਲਾਂ ਵੀ ਜਦੋਂ ਪਾਣੀ ਪੂਰੀ ਤਰ੍ਹਾਂ ਸ਼ਾਂਤ ਸੀ ਇਹ ਸਮੁੰਦਰ ਸੀ ਤੇ ਲਹਿਰਾਂ ਉਠਣ ਤੋਂ ਬਾਅਦ ਵੀ ਸਮੁੰਦਰ ਹੈ ਪਰ ਸਾਨੂੰ ਇਹ ਲਹਿਰਾਂ ਲੱਗ ਰਹੀਆਂ ਹਨ। ਭਰਮ ਪੈ ਕੇ ਸਮੁੰਦਰ ਹੋਰ ਦਿਸ ਰਿਹਾ ਹੈ, ਲਹਿਰ ਵਖਰੀ ਭਾਸ ਰਹੀ ਹੈ। ਲਹਿਰ ਕੇਵਲ ਸਮੁੰਦਰ ਦੀ ਮੌਜ ਹੀ ਹੈ। ਇਸੇ ਤਰ੍ਹਾਂ ਦੇ ਨਾਲ ਅਵਿਦਿਆ ਦੀ ਨੀਂਦ ਦੇ ਵਿਚ ਆਇਆ ਹੋਇਆ ਆਤਮ ਸ਼ਹਿਜ਼ਾਦਾ ਆਪਣੇ ਆਪ ਨੂੰ ਦੀਨ ਦੁਖੀ ਜੀਵ ਸਮਝਦਾ ਹੈ, ਭਟਕਦਾ ਫਿਰਦਾ ਹੈ, ਰਾਗ ਦ੍ਵੈਸ਼ ਵਿਚ ਪਿਆ ਹੋਇਆ ਦੁਖੀ ਹੋ ਰਿਹਾ ਹੈ। ਪੰਜ ਕਲੇਸ਼ ਇਸ ਨੂੰ ਦੁਖੀ ਕਰ ਰਹੇ ਹਨ।

***ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥***
***ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥***
***ਪੰਨਾ - 657***

ਜਿਸ ਤਰ੍ਹਾਂ ਦੇ ਨਾਲ ਰਾਜਾ ਸੁਪਨੇ ਦੇ ਅੰਦਰ ਭੁਲਿਆ ਹੋਇਆ ਹੈ ਪਰ ਬਾਹਰ ਫੌਜਾਂ ਦਾ ਪਹਿਰਾ ਲਗਿਆ ਹੋਇਐ, ਬੇਅੰਤ ਸ਼ਸਤਰ ਕੋਲ ਪਏ ਹਨ ਲੇਕਿਨ ਸੁਪਨੇ ਵਿਚ ਗਿੱਦੜੀ ਨੇ ਫੜ ਲਿਆ। ਉਸ ਵੇਲੇ ਡੰਡਾ ਵੀ ਨਹੀਂ ਲੱਭ ਰਿਹਾ ਤੇ ਸਾਰੀ ਚੀਜ਼ ਨੂੰ ਭੁੱਲ ਗਿਆ। ਇਸੇ ਤਰ੍ਹਾਂ ਦੇ ਨਾਲ ਅਸੀਂ ਆਪਣੇ ਆਪ ਨੂੰ ਭੁੱਲ ਕੇ ਆਪਣੇ ਆਪ ਨੂੰ ਜੀਵ ਸਮਝ ਕੇ ਤੇ ਜੀਵ ਤੋਂ ਹੇਠਾਂ ਸਾਢੇ ਤਿੰਨ ਹੱਥ ਦੀ ਦੇਹ ਸਮਝ ਕੇ ਦੁਖੀ ਹੁੰਦੇ ਜਾ ਰਹੇ ਹਾਂ।

***ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ॥***
***ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ॥***
***ਪੰਨਾ - 658***

ਹਨ੍ਹੇਰੇ ਦੇ ਵਿਚ ਇਕ ਰੱਸੀ ਪਈ ਹੈ, ਮਟਕ ਚਾਨਣਾ ਹੈ, ਬਾਹਰ ਨਿਕਲੇ ਤੇ ਦੇਖ ਕੇ ਡਰ ਗਏ ਕਿ ਸੱਪ ਪਿਆ ਹੈ। ਉਸ ਦੇ ਵਿਚ ਸਾਨੂੰ ਸੱਪ ਦਾ ਅਧਿਆਸ ਹੋ ਗਿਆ ਕਿਉਂਕਿ ਅਸੀਂ ਜਾਣਦੇ ਹਾਂ ਕਿ ਉਸ ਦੀ ਸ਼ਕਲ ਰੱਸੀ ਵਰਗੀ ਹੋਇਆ ਕਰਦੀ ਹੈ। ਮਨ ਦੇ ਅੰਦਰ ਭਰਮ ਪੈ ਗਿਆ ਲੇਕਿਨ ਜਦੋਂ ਚਾਨਣਾ ਹੋਇਆ ਫੇਰ ਹੈਰਾਨ ਹੋ ਗਏ ਕਿ ਇਹ ਸੱਪ ਤਾਂ ਹੈ ਨਹੀਂ ਸੀ ਇਹ ਤਾਂ ਕੇਵਲ ਰੱਸੀ ਹੀ ਸੀ।

ਸੰਤ ਮਹਾਰਾਜ ਜੀ ਸੁਣਾਇਆ ਕਰਦੇ ਸੀ ਕਿ ਜਦੋਂ ਨਹਿਰ ਪੁਟਦੇ ਸੀ ਰਾਜਸਥਾਨ ਨੂੰ ਜਾਣ ਵਾਲੀ, ਉਹਦੇ ਉਤੇ ਇਕ ਪੁਲ ਬਣਾਇਆ ਤੇ ਉਸਦੇ ਵਿਚਕਾਰ ਇਕ ਲੱਕੜ ਗੱਡ ਦਿੱਤੀ ਤਾਂ ਕਿ ਕੋਈ ਗੱਡਾ ਨਾ ਲੰਘਾ ਸਕੇ। ਇਕ ਦਿਨ ਤੜਕਸਾਰ ਹੀ ਪੰਜ ਬੰਦੇ ਸਫਰ ਤੇ ਤੁਰ ਪਏ ਜਿਨ੍ਹਾਂ ਨੇ ਕਿਸੇ ਦੂਰ ਦਰਾਜ ਦੇ ਸ਼ਹਿਰ ਜਾਣਾ ਸੀ ਤੇ ਸਾਰੇ ਇਕੱਠੇ ਹੋ ਕੇ ਤੁਰ ਪਏ। ਉਹਨਾਂ ਵਿਚ ਇਕ ਬ੍ਰਾਹਮਣ ਸੀ, ਇਕ ਖਤਰੀ ਸੀ, ਇਕ ਬਾਣੀਆ ਸੀ, ਇਕ ਰਾਜਪੂਤ ਸੀ ਤੇ ਇਕ ਗੁੱਜਰ ਸੀ। ਪੰਡਤ ਜੋ ਹੈ ਉਹ ਅਕਲ ਦੇ ਵਿਚ ਜ਼ਿਆਦਾ ਹੁਸ਼ਿਆਰ ਗਿਣਿਆ ਜਾਂਦਾ ਹੈ। ਉਸ ਨੇ ਦੂਰੋਂ ਦੇਖਿਆ ਤੇ ਸਾਰਿਆਂ ਨੂੰ ਕਿਹਾ ਕਿ ਠਹਿਰ ਜਾਓ, ਉਹ ਦੇਖੋ ਪੁਲ ਦੇ ਉਪਰ ਕੋਈ ਬੰਦਾ ਖੜ੍ਹਾ ਹੈ। ਦੂਜਿਆਂ ਨੇ ਵੀ ਦੇਖਿਆ ਪਰ ਜਿਹੜਾ ਰਾਜਪੂਤ ਸੀ ਉਸ ਨੇ ਕਿਹਾ ਕਿ ਨੇੜੇ ਚਲ ਕੇ ਦੇਖ ਲਈਏ, ਨਿਰਣਾ ਕਰ ਲਈਏ। ਉਹ ਕਹਿਣ ਲੱਗੇ ਨੇੜੇ ਗਿਆਂ ਨੂੰ ਛੱਡਣੈ ਉਸ ਨੇ, ਉਹ ਤਾਂ ਆਪਾਂ ਨੂੰ ਉਡੀਕ ਰਿਹੈ। ਉਸ ਨਾਲ ਹੋਰ ਡਾਕੂ ਛੁਪ ਕੇ ਨਹਿਰ ਵਿਚ ਬੈਠੇ ਹੋਣੇ ਹਨ। ਇਸ ਤਰ੍ਹਾਂ ਕਰਦੇ ਹਾਂ ਕਿ ਇਕ ਪਾਸੇ ਹੋ ਕੇ ਰਾਹ ਛੱਡ ਕੇ ਬਹਿ ਜਾਂਦੇ ਹਾਂ, ਜਦੋਂ ਦਿਨ ਚੜ੍ਹ ਜਾਏਗਾ ਤਾਂ ਇਕੱਠੇ ਹੋ ਕੇ ਤੁਰ ਪਵਾਂਗੇ। ਇਸ ਤਰ੍ਹਾਂ ਦੇ ਨਾਲ ਜਦੋਂ ਬੈਠ ਗਏ ਤਾਂ ਰਾਜਪੂਤ ਤੇ ਗੁੱਜਰ ਨੇ ਕਿਹਾ ਕਿ ਦੇਖੀਏ ਤਾਂ ਸਹੀ ਕਿ ਕਿੰਨੇ ਕੁ ਬੰਦੇ ਹਨ, ਪਤਾ ਲੱਗ ਜਾਏਗਾ। ਅਸੀਂ ਨੱਠਣ 'ਚ ਬਥੇਰੇ ਤਕੜੇ ਹਾਂ। ਜੇ ਉਹ ਸਾਡੇ ਨਾਲੋਂ ਜ਼ਿਆਦਾ ਹੋਏ ਤਾਂ ਦੌੜ ਜਾਵਾਂਗੇ। ਉਹਨਾਂ ਨੇ ਇੱਟਾਂ ਵੱਟੇ ਪੱਲਿਆਂ 'ਚ ਪਾ ਲਏ ਤਾਂ ਉਸ ਨੂੰ ਇੱਟਾਂ ਮਾਰਨ ਲੱਗ ਪਏ ਪਰ ਉਧਰੋਂ ਕੋਈ ਹਰਕਤ ਨਹੀਂ ਹੋਈ। ਹੌਲੀ-ਹੌਲੀ ਇੱਟਾਂ ਮਾਰੀ ਗਏ ਤੇ ਐਨੀ ਦੇਰ ਨੂੰ ਥੋੜ੍ਹਾ ਦਿਨ ਵੀ ਚੜ੍ਹਨ ਲੱਗ ਪਿਆ ਤੇ ਕੁਝ ਨਜ਼ਰ ਆਉਣ ਲੱਗ ਪਿਆ ਤੇ ਜਦੋਂ ਇੱਟ ਮਾਰੀ ਤਾਂ ਉਸ ਦੇ ਵਿਚ ਜਾ ਕੇ ਲੱਗੀ ਤੇ ਖੜਕਾ ਹੋਇਆ। ਕਹਿਣ ਲੱਗੇ ਇਹ ਆਦਮੀ ਤਾਂ ਹੈ ਨਹੀਂ, ਇਹਦੀ ਤਾਂ ਆਵਾਜ਼ ਲੱਕੜ ਵਰਗੀ ਹੈ। ਹੌਲੀ-ਹੌਲੀ ਡਰਦੇ-ਡਰਦੇ ਕੋਲ ਚਲੇ ਗਏ। ਰਾਜਪੂਤ ਪਹਿਲਾਂ ਚਲਿਆ ਗਿਆ ਤੇ ਆਵਾਜ਼ ਮਾਰੀ ਕਿ ਆ ਜਾਵੋ ਇਹ ਤਾਂ ਕਿਸੇ ਨੇ ਲੱਕੜੀ ਗੱਡੀ ਹੋਈ ਹੈ। ਉਹ ਕਹਿਣ ਲੱਗੇ ਆਦਮੀ ਇਹਦੇ ਉਹਲੇ ਲੁਕਿਆ ਹੋਵੇਗਾ, ਤੁਸੀਂ ਚੰਗੀ ਤਰ੍ਹਾਂ ਨਿਰਣਾ ਕਰਕੇ ਦੇਖ ਲਵੋ। ਐਸਾ ਨਾ ਹੋਵੇ ਫੇਰ ਕੋਈ ਬਿਪਤਾ ਆ ਬਣੇ। ਉਹਨਾਂ ਨੇ ਕਿਹਾ ਪੰਡਤ ਜੀ! ਆ ਜਾਓ ਕੋਈ ਬੰਦਾ ਨਹੀਂ ਹੈ ਇਹ ਤਾਂ ਕਿਸੇ ਨੇ ਲੱਕੜ ਗੱਡੀ ਹੋਈ ਹੈ। ਆਪਾਂ ਨੂੰ ਭੁਲੇਖਾ ਪੈ ਗਿਆ, ਭਰਮ ਪੈ ਗਿਆ। ਇਸੇ ਤਰ੍ਹਾਂ ਦੇ ਨਾਲ ਸੰਸਾਰ ਦੇ ਵਿਚ ਭਰਮ ਕੰਮ ਕਰ ਰਿਹਾ ਹੈ। ਭਰਮ ਪਿਆ ਹੋਇਐ ਤੇ ਭਰਮ ਪੈਣ ਦੇ ਨਾਲ ਅਸਲੀ ਚੀਜ਼ ਨਹੀਂ ਦਿਸਦੀ। ਰੱਸੀ ਦੇ ਵਿਚ ਸੱਪ ਨਜ਼ਰ ਆ ਰਿਹਾ ਹੈ। ਇਸ ਤਰ੍ਹਾਂ ਫੁਰਮਾਉਂਦੇ ਹਨ ਕਿ-

***ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ॥***
***ਪੰਨਾ - 658***

ਬੇਅੰਤ ਸੋਨੇ ਦੇ ਗਹਿਣੇ ਬਣੇ ਪਏ ਹਨ ਲੇਕਿਨ ਇਨ੍ਹਾਂ ਦਾ ਜੋ ਅਸਲੀ ਸਰੂਪ ਹੈ ਉਹ ਸੋਨਾ ਹੀ ਹੈ। ਵੱਖ-ਵੱਖਰੀ ਸ਼ਕਲ ਹੋਣ ਕਰਕੇ ਗਹਿਣੇ ਨਜ਼ਰ ਆ ਰਹੇ ਹਨ ਤੇ ਅਸੀਂ ਉਨ੍ਹਾਂ ਦੇ ਵੱਖਰੇ ਵਖਰੇ ਨਾਮ ਲੈਂਦੇ ਹਾਂ ਕਿ ਇਹ ਫਲਾਣਾ ਗਹਿਣਾ ਹੈ

ਪਰ ਜੋ ਸੋਨੇ ਦਾ ਵਪਾਰੀ ਹੈ ਉਹ ਦੱਸ ਦਿੰਦਾ ਹੈ। ਉਹ ਜਾਣ ਜਾਂਦਾ ਹੈ ਕਿ ਇਹ 16 ਕੈਰੇਟ ਦਾ ਸੋਨਾ ਹੈ ਜਾਂ 22 ਕੈਰੇਟ ਦਾ ਹੈ ਜਾਂ ਬਾਰਾਂ ਵੰਨੀ ਦਾ ਸੋਨਾ ਹੈ। ਸੋ ਐਸਾ ਹਉਮੈ ਨੇ ਜਗਤ ਨੂੰ ਨੀਂਦ ਵਿਚ ਸੁਲਾ ਦਿਤਾ ਤੇ ਕੀ ਕੀਤਾ ਜਾਵੇ ਕਿਉਂਕਿ ਭਰਮ ਪੈ ਗਿਆ। ਅਵਿਦਿਆ ਕਰਕੇ ignorance ਕਰਕੇ ਜੋ ਚੇਤਨ ਵਾਹਿਗੁਰੂ ਦਾ ਪ੍ਰਵਾਹ ਸੀ, ਉਸ ਤੋਂ ਆਪਣੇ ਆਪ ਨੂੰ ਭਿੰਨ ਪ੍ਰਤੀਤ ਕਰਨ ਲੱਗ ਪਿਆ ਕਿ ਮੈਂ ਹੋਰ ਹਾਂ ਰੱਬ ਹੋਰ ਹੈ –

***ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ॥***
***ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ॥***

***ਪੰਨਾ – 658***

ਇਥੇ ਤਾਂ ਸਾਰੇ ਹੀ ਇਕੋ ਹੀ ਵਾਹਿਗੁਰੂ ਦੀ ਜੋਤ ਸਾਰਿਆਂ 'ਚ ਕੰਮ ਕਰਦੀ ਹੈ ਲੇਕਿਨ ਹਉਮੈ ਵਿਚ ਪੈ ਕੇ, ਭਰਮ ਵਿਚ ਪੈ ਕੇ ਸੰਸੇ ਦੇ ਰੋਗ ਦੇ ਸ਼ਿਕਾਰ ਹੋ ਗਏ, ਜਿੰਨੀ ਦੇਰ ਸੰਸਾ ਦੂਰ ਨਹੀਂ ਹੁੰਦਾ, ਭਰਮ ਦੂਰ ਨਹੀਂ ਹੁੰਦਾ ਉਨੀਂ ਦੇਰ ਤਕ ਚੇਤਨ ਵਾਹਿਗੁਰੂ ਸਾਰਿਆਂ ਦੇ ਅੰਦਰ ਅਨੁਭਵ ਨਹੀਂ ਹੋਇਆ ਕਰਦਾ, ਨਾ ਹੀ ਆਪਣੇ ਸਰੂਪ ਦਾ ਗਿਆਨ ਹੁੰਦਾ ਹੈ ਅਤੇ ਦ੍ਵੈਤ ਖਤਮ ਨਹੀਂ ਹੋ ਸਕਿਆ ਕਰਦੀ। ਵਾਹਿਗੁਰੂ ਸਾਰਿਆਂ ਦਾ ਨਾਮ ਰੂਪ ਵੀ ਬਣਿਆ ਹੋਇਆ ਹੈ ਤੇ ਆਪ ਹੀ ਹੈ। ਜਿਵੇਂ ਇਕ ਘਾਹ ਹੈ, ਘਾਹ ਨੂੰ ਦੇਖੀਏ ਕਿ ਕਿਸ ਦਾ ਕਾਰਜ ਹੈ, ਕਹਿੰਦੇ ਹਨ ਕਿ ਘਾਹ ਮਿੱਟੀ 'ਚੋਂ ਪੈਦਾ ਹੋਇਆ ਤੇ ਇਹ ਮਿੱਟੀ ਦਾ ਕਾਰਜ ਹੈ। ਮਿੱਟੀ ਕਿਥੋਂ ਆ ਗਈ ਤੇ ਇਹ ਪਾਣੀ ਦਾ ਕਾਰਜ ਹੈ, ਪਾਣੀ ਕਿਥੋਂ ਆ ਗਿਆ ਤੇ ਇਹ ਅੱਗ ਦਾ ਕਾਰਜ ਹੈ। ਥੋੜ੍ਹੀ ਸਮਝਣ ਵਾਲੀ ਗੱਲ ਹੈ ਕਿਉਂਕਿ ਸਾਇੰਸ ਵੀ ਇਸੇ ਤਰ੍ਹਾਂ ਕਹਿੰਦੀ ਹੈ। ਅੱਗ ਕਿਥੋਂ ਆ ਗਈ? ਇਹ ਹਵਾ ਦਾ ਕਾਰਜ ਹੈ। ਸਾਰੇ ਸਾਇੰਸਦਾਨ ਕਹਿੰਦੇ ਹਨ ਕਿ ਸਭ ਤੋਂ ਪਹਿਲਾਂ ਵਰੋਲੇ ਉਠੇ ਸੀ ਤੇ ਅੱਗ ਵਰੋਲਿਆਂ ਦੇ ਵਿਚੋਂ ਪੈਦਾ ਹੋਈ ਕਿਉਂਕਿ ਉਹ ਆਕਾਸ਼ ਤੱਤ ਨੂੰ ਅਜੇ ਮੰਨਦੇ ਨਹੀਂ ਸੀ ਪਰ ਹੁਣ ਮੰਨਣ ਲੱਗ ਪਏ ਹਨ। ਹਵਾ ਕਿਥੋਂ ਆਈ? ਇਹ ਅਕਾਸ਼ ਵਿਚੋਂ ਆਈ। ਅਕਾਸ਼ ਕਿਥੋਂ ਆਇਆ? ਇਹ ਮਹਿ ਤੱਤ ਵਿਚੋਂ ਆਇਆ, ਐਨਰਜੀ ਤੋਂ ਆਇਐ, ਊਰਜਾ ਤੋਂ ਆਇਐ, ਊਰਜਾ (energy) ਕਿਥੋਂ ਆਈ? ਕਹਿੰਦੇ ਇਹ ਮਾਇਆ ਤੋਂ ਆਈ। ਮਾਇਆ ਕੀ ਹੁੰਦੀ ਹੈ? ਇਹ ਸਤੋਗੁਣ ਗਿਆਨ ਸਰੂਪ, ਸ਼ੁਧ ਸਤੋਗੁਣ ਹੁੰਦੀ ਹੈ, ਇਹ ਮਾਇਆ ਹੁੰਦੀ ਹੈ, ਮਾਇਆ ਕਿਥੋਂ ਆਈ? ਇਹ ਹਉਮੈ (ego) 'ਚੋਂ ਆਈ, ਹਉਮੈ ਕਿਥੋਂ ਪੈਦਾ ਹੋਈ? ਇਹ ਸ਼ਬਦ ਤੋਂ ਉਤਪੰਨ ਹੋਈ। ਸ਼ਬਦ ਕਿਥੋਂ ਹੋਇਆ? ਇਹ ਵਾਹਿਗੁਰੂ 'ਚੋਂ ਹੋਇਆ। ਸੋ ਵਾਹਿਗੁਰੂ 'ਚੋਂ ਸ਼ਬਦ, ਸ਼ਬਦ 'ਚੋਂ ਹਉਮੈ, ਹਉਮੈ ਤੋਂ ਮਹੀਤੱਤ (energy) ਉਰਜਾ ਤੋਂ ਅਕਾਸ਼, ਅਕਾਸ਼ ਤੋਂ ਹਵਾ, ਹਵਾ ਤੋਂ ਅੱਗ, ਅੱਗ ਤੋਂ ਪਾਣੀ, ਪਾਣੀ ਤੋਂ ਜ਼ਮੀਨ (ਮਿੱਟੀ), ਮਿੱਟੀ ਤੋਂ ਘਾਹ, ਹੁਣ ਘਾਹ ਦਾ ਤਿਣਕਾ ਵਾਹਿਗੁਰੂ ਨਾਲੋਂ ਅੱਡ ਕਰਕੇ ਦਿਖਾਓ ਕਿ ਕਿਥੇ ਅੱਡ ਹੋ ਸਕਦਾ ਹੈ। ਬੀਜ ਅਸੀਂ ਬੀਜ ਦਿੰਦੇ ਹਾਂ ਪਰ –

***ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥***
***ਫਲ ਪਾਕੇ ਤੇ ਏਕੰਕਾਰਾ॥*** ***ਪੰਨਾ – 736***

ਬੀਜ ਬੀਜ ਦਿਤਾ, ਪਰ ਬੀਜ ਕਿਤੇ ਨਸ਼ਟ ਨਹੀਂ ਹੋਇਆ, ਉਹ ਜ਼ਮੀਨ ਵਿਚੋਂ ਕੁੰਪਲ ਬਣ ਗਿਆ ਤੇ ਉਸ ਤੋਂ ਬਾਅਦ ਪੌਦਾ ਬਣ ਗਿਆ, ਫੇਰ ਸਿੱਟਾ ਬਣ ਗਿਆ ਤੇ ਬਹੁਤ ਵੱਡਾ ਦਰਖਤ ਬਣ ਗਿਆ। ਉਸ ਤੋਂ ਬਾਅਦ ਉਸ ਵਿਚ ਫੁੱਲ, ਫਲ ਬਣ ਗਿਆ, ਫਲ ਤੋਂ ਬਾਅਦ ਡੋਡੀ ਬਣ ਗਿਆ ਤੇ ਡੋਡੀ ਵਿਚੋਂ ਉਹੀ ਬੀਜ ਫੇਰ ਪ੍ਰਗਟ ਹੋ ਗਿਆ। ਬੀਜ ਕਿਸੇ ਹਾਲਤ ਵਿਚ ਵੀ ਦਰਖਤ ਤੋਂ ਲਾਂਭੇ ਨਹੀਂ ਹੋਇਆ ਉਸ ਦੇ ਵਿਚ ਸਮਾਇਆ ਹੋਇਆ ਸੀ। ਇਸੇ ਤਰ੍ਹਾਂ ਦੇ ਨਾਲ ਮਹਾਰਾਜ ਇਸ ਸ਼ਬਦ ਵਿਚ ਇਸ ਤਰ੍ਹਾਂ ਫੁਰਮਾਉਂਦੇ ਹਨ –

***ਧਾਰਨਾ – ਊਚ ਨੀਚ ਮੇਂ ਜੋਤ ਸਮਾਣੀ,***
***ਘਟਿ ਘਟਿ ਮਾਧੋ ਜੀਆ –2, 2.***
***ਊਚ ਨੀਚ ਮੇਂ ਜੋਤ ਸਮਾਣੀ,...........–2, 4.***

***ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ॥***
***ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ॥***

***ਪੰਨਾ – 617***

ਜਿਸ ਤਰ੍ਹਾਂ ਸਾਰੀ ਬਨਸਪਤੀ ਵਿਚ ਅੱਗ ਸਮਾਈ ਹੋਈ ਹੈ, ਦੁੱਧ ਵਿਚ ਘੀ ਸਮਾਇਆ ਹੋਇਐ। ਇਸੇ ਤਰ੍ਹਾਂ ਵਾਹਿਗੁਰੂ ਕਿਸੇ ਬਿੰਦੂ (point) ਤੇ ਵੀ ਸਾਡੇ ਨਾਲੋਂ ਵਖਰਾ ਨਹੀਂ ਹੈ।

***'ਚਲਦਾ'***

LLLLLLL

## ਬਾਬਾ ਜੀ ਨੂੰ ਕੋਠੀ ਵਿਚ ਮਿਲਣ ਲਈ ਸਮਾਂ ਵੰਡ

**1. ਚੰਡੀਗੜ੍ਹ, ਮੋਹਾਲੀ ਅਤੇ ਪਿੰਡਾਂ ਦੀ ਸੰਗਤ ਲਈ –**
ਹਰ ਸ਼ਨਿਚਰਵਾਰ ਸਵੇਰੇ 10 ਵਜੇ ਤੋਂ 11 ਵਜੇ ਤਕ।

**2. ਪੰਜਾਬ ਅਤੇ ਦੂਰੋਂ ਆਉਣ ਵਾਲੀ ਸੰਗਤ ਲਈ –**

ਹਰ ਬੁੱਧਵਾਰ ਟੈਲੀਫੋਨ ਤੇ ਸਮਾਂ ਨੀਯਤ ਕਰਕੇ ਆਵੇ।

**3. ਵਿਦੇਸ਼ਾਂ ਤੋਂ ਆਉਣ ਵਾਲੇ ਪ੍ਰੇਮੀ** – ਸੋਮਵਾਰ ਤੋਂ ਸ਼ੁਕਰਵਾਰ ਟੈਲੀਫੋਨ ਤੇ ਸਮਾਂ ਨਿਸ਼ਚਿਤ ਕਰਕੇ ਆਉਣ।

**4. ਹਰ ਐਤਵਾਰ – ਸੰਗਰਾਂਦ, ਪੂਰਨਮਾਸ਼ੀ ਨੂੰ ਰਤਵਾੜਾ ਸਾਹਿਬ 12 ਵਜੇ ਤੋਂ 5 ਵਜੇ ਸ਼ਾਮ ਤਕ**

ਬਚਨ ਕੇਵਲ ਰੂਹਾਨੀ ਕੀਤੇ ਜਾਣਗੇ, ਹੋਰ ਬਚਨ ਕਰਨ ਦੀ ਸਖਤ ਮਨਾਹੀ ਹੈ

***ਪ੍ਰਬੰਧਕ***
***ਬਾਬਾ ਜੀ ਦੇ ਹੁਕਮ ਨਾਲ***

# ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ।

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।***

ਵਾਹਿਗੁਰੂ ਜੀ ਦੀ ਆਪਣੀ ਮੌਜ ਵਿਚ ਸ਼ਬਦ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ। ਅਨੇਕ ਭਾਂਤ ਦੀ, ਅਨੇਕ ਰੂਪਾਂ, ਰੰਗਾਂ ਦੀ ਸ੍ਰਿਸ਼ਟੀ ਸਾਜ ਕੇ ਮਨੁਖਾਂ ਦੇ ਕਲਿਆਣ ਵਾਸਤੇ ਅਜਿਹੀਆਂ ਰੂਹਾਂ ਵੀ ਮਨੁਖਾਂ ਦੇ ਜਨ ਸਮੂਹ ਵਿਚ ਪ੍ਰਵੇਸ਼ ਕਰਾਉਂਦਾ ਰਿਹਾ ਜੋ ਉਨ੍ਹਾਂ ਨੂੰ ਆਪਣੇ ਅੰਦਰਲੇ ਪ੍ਰਕਾਸ਼ ਰਾਹੀਂ ਅਕਾਲ ਪੁਰਖ ਵਲੋਂ ਆਏ ਗਿਆਨ ਦਾ ਪ੍ਰਕਾਸ਼ ਕਰਾਉਂਦੇ ਰਹੇ ਅਤੇ ਸੰਸਾਰ ਦਾ ਵਾਤਾਵਰਣ ਸੁਖਾਵਾਂ ਰਿਹਾ ਅਤੇ ਜੀਵਾਂ ਦੀ ਕਲਿਆਣ ਹੁੰਦੀ ਰਹੀ। ਅਨੇਕ ਰੂਪਾਂ ਵਿਚ ਸਮਾਜਿਕ, ਆਰਥਿਕ ਤੇ ਰਾਜਸੀ ਬੰਦੇ, ਮਰਿਆਦਾ ਦੇ ਕਾਨੂੰਨ ਵਿਚ ਬੰਨ੍ਹੇ ਜਾਂਦੇ ਰਹੇ ਜਿਸ ਨਾਲ ਜੀਵਨ ਨਿਯਮਬੱਧ ਹੋ ਕੇ ਸੁਖ-ਸ਼ਾਂਤੀ ਦਾ ਅਨੁਭਵ ਕਰਾਉਂਦਾ ਰਿਹਾ। ਭਾਈ ਗੁਰਦਾਸ ਜੀ ਦੇ ਪਉੜੀ 5, ਵਾਰ 1 ਦੇ ਕਥਨ ਅਨੁਸਾਰ ਅੰਕਿਤ ਹੈ-

***ਚਾਰਿ ਜੁਗਿ ਕਰਿ ਥਾਪਨਾ***
***ਸਤਿਜੁਗ ਤ੍ਰੇਤਾ ਦੁਾਪੁਰ ਸਾਜੇ।***
***ਚੌਥਾ ਕਲਿਜੁਗ ਥਾਪਿਆ ਚਾਰਿ***
***ਵਰਨਿ ਚਾਰੋਂ ਕੇ ਰਾਜੇ।***

***ਭਾਈ ਗੁਰਦਾਸ ਜੀ, ਵਾਰ 1/5***

ਸਤਿਜੁਗ ਦਾ ਮਨੁੱਖ ਦੈਵੀ ਗੁਣਾਂ ਵਿਚ ਭਰਪੂਰ ਹੋਣ ਕਰਕੇ ਸਤੋ ਗੁਣ ਵਿਚ ਵਰਤਦਾ ਸੀ ਅਤੇ ਪ੍ਰਮੇਸ਼ਰ ਨੂੰ ਘਟ-ਘਟ ਵਿਚ ਵਿਆਪਕ ਜਾਣ ਕੇ ਹਉਮੈਂ ਦੇ ਲੇਸ ਤੋਂ ਬਚਿਆ ਰਹਿੰਦਾ ਸੀ ਜਿਸ ਦੇ ਬਾਰੇ ਫੁਰਮਾਨ ਹੈ -

***ਸਤਿਜੁਗ ਹੰਸੁ ਅਵਤਾਰ ਧਰ ਸੋਹੰ ਬ੍ਰਹਮ ਨ ਦੂਜਾ ਪਾਜੇ।***
***ਭਾਈ ਗੁਰਦਾਸ ਜੀ, ਵਾਰ 1/5***

ਇਸ ਜੁਗ ਦੇ ਵਿਚ ਹੰਸ ਅਵਤਾਰ ਧਾਰ ਕੇ ਸੋਹੰ ਬ੍ਰਹਮ ਦਾ ਪਤਾ ਦਸਿਆ, ਹੋਰ ਕੋਈ ਪਖੰਡ ਨਹੀਂ ਕੀਤਾ। ਲੋਕ ਇਕੋ ਬ੍ਰਹਮ ਹੀ ਬ੍ਰਹਮ ਆਖਦੇ ਸਨ। ਮੋਹ ਤੇ ਮਾਇਆ ਤੋਂ ਬੇ-ਖੁਹਾਇਸ਼ ਰਹਿੰਦੇ ਸਨ। ਵਣਾਂ ਵਿਖੇ ਪ੍ਰਭੂ ਪਿਆਰ ਵਿਚ ਜੁੜੇ ਰਹਿੰਦੇ ਅਤੇ ਕੰਦ ਮੂਲ ਖਾ ਕੇ ਲੰਬੀਆਂ ਅਰੋਗ ਉਮਰਾਂ ਭੋਗਦੇ। ਸਮਾਂ ਬਦਲਿਆ, ਤ੍ਰੇਤੇ ਜੁਗ ਵਿਚ ਮਾਇਆ, ਮੋਹ ਅਤੇ ਅਹੰਕਾਰ ਤਿੰਨਾਂ ਦਾ ਪਸਾਰਾ ਵਧ ਗਿਆ। ਦੁਆਪਰ ਵਿਚ ਹੋਰ ਜ਼ਿਆਦੇ ਤਬਦੀਲੀ ਆ ਗਈ ਤੇ ਵੱਡੇ-ਵੱਡੇ ਘਰੋਗੀ ਜੁੱਧ ਹੋਣ ਲਗੇ। ਇਸ ਤੋਂ ਪਿਛੋਂ ਕਲਜੁਗ ਦੀ ਵਾਰੀ ਆਈ। ਲੋਕਾਂ ਦੀਆਂ ਬਿਰਤੀਆਂ ਪੂਰੀ ਤਰ੍ਹਾਂ ਨਾਲ ਬਦਲ ਗਈਆਂ।

***ਕਲਿਜੁਗ ਚੌਥਾ ਥਾਪਿਆ ਸੂਦ੍ਰ ਬਿਰਤਿ ਜਗ ਮਹਿ ਵਰਤਾਈ।***
***ਭਾਈ ਗੁਰਦਾਸ ਜੀ, ਵਾਰ - 1/7***

ਇਸ ਸਮੇਂ ਵਿਚ ਧਰਮ ਤੋਂ ਬੇਮੁਖਤਾ ਵਧ ਗਈ ਅਤੇ ਜਗਤ ਵਿਚ ਗਿਲਾਨੀ ਫੈਲ ਗਈ। ਸ੍ਰਿਸ਼ਟੀ ਮਾਇਆ ਨੇ ਠੱਗ ਲਈ, ਕਲਜੁਗੀ ਕਲ੍ਹਾ ਵਾਲੀ ਕ੍ਰਿਆ ਨੇ ਸਾਰੀ ਦੁਨੀਆਂ ਭਰਮਾ ਦਿਤੀ। ਜਗਤ ਵਿਚ ਗਿਲਾਨੀ ਉਠ ਖੜ੍ਹੀ ਹੋਈ। ਹਉਮੈ ਵਿਚ ਲੋਕ ਸੜਨ ਲੱਗੇ। ਕੋਈ ਕਿਸੇ ਨੂੰ ਮੰਨਦਾ ਨਹੀਂ। ਉਚੇ-ਨੀਵੇਂ ਦਾ ਸਤਿਕਾਰ ਸਭ ਨੂੰ ਭੁੱਲ ਗਿਆ। ਬਾਦਸ਼ਾਹ ਪਰਜਾ ਦੇ ਸੇਵਾਦਾਰ ਬਣਨ ਦੀ ਥਾਂ ਪਰਜਾ ਨੂੰ ਕੋਹਣ ਵਾਲੇ, ਲੁੱਟਣ ਵਾਲੇ, ਬੇਅਦਲੀ ਹੋ ਗਏ ਅਤੇ ਉਨ੍ਹਾਂ ਦੇ ਮੁਸਾਹਿਬ ਕਸਾਈਆਂ ਦਾ ਰੂਪ ਧਾਰ ਬੈਠੇ। ਪਰਜਾ ਰੂਪ ਬੱਕਰੀ ਨੂੰ ਕੋਹਣ ਲਗ ਪਏ। ਪਰਉਪਕਾਰ ਪੂਰੀ ਤਰ੍ਹਾਂ ਨਾਲ ਖਤਮ ਹੋ ਗਿਆ। ਪ੍ਰਮੇਸ਼ਰ ਭੁੱਲ ਗਿਆ, ਆਚਾਰੀਆਂ ਦਾ ਗਿਆਨ ਲੁਪਤ ਹੋ ਗਿਆ। ਸਾਰੀ ਦੁਨੀਆਂ ਭ੍ਰਿਸ਼ਟ ਹੋ ਗਈ। ਸ਼ੁਭ ਕਰਮਾਂ ਤੋਂ ਪਤਿਤ ਹੋ ਗਈ। ਅਜਿਹੇ ਵਾਤਾਵਰਨ ਵਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ -

***ਮਾਯਾ ਮੋਹੀ ਮੇਦਨੀ ਕਲਿ ਕਲਿ ਵਾਲੀ ਸਭ ਭਰਮਾਈ।***
***ਉਠੀ ਗਿਲਾਨਿ ਜਗਤ ਵਿਚ ਹਉਮੈਂ ਅੰਦਰ ਜਲੈ ਲੁਕਾਈ।***
***ਕੋਈ ਨ ਕਿਸੈ ਪੂਜਦਾ ਊਚ ਨੀਚ ਸਭਿ ਗਤਿ ਬਿਸਰਾਈ।***
***ਭਏ ਬਿਅਦਲੀ ਪਾਤਸ਼ਾਹ ਕਲਿ ਕਾਤੀ ਉਮਰਾਵ ਕਸਾਈ।***
***ਰਹਿਆ ਤਪਾਵਸ ਤ੍ਰਿਹੁ ਜੁਗੀ ਚੌਥੇ ਜੁਗ ਜੋ ਦੇਇ ਸੁ ਪਾਈ।***
***ਕਰਮ ਭ੍ਰਿਸ਼ਟਿ ਸਭਿ ਭਈ ਲੁਕਾਈ।।***
***ਭਾਈ ਗੁਰਦਾਸ ਜੀ, ਵਾਰ - 1/7***

ਉਸ ਸਮੇਂ ਛੇ ਸ਼ਾਸ਼ਤਰ - ਨਿਆਏ ਸ਼ਾਸ਼ਤਰ, ਗੌਤਮ ਤਪੇ ਨੇ ਉਚਾਰਿਆ, ਮੀਮਾਂਸਾ - ਜੈਮਨੀ ਨੇ, ਵੇਦਾਂਤ - ਬਿਆਸ ਨੇ, ਸਾਂਖਯ - ਕਪਲ ਨੇ, ਵੈਸ਼ੇਖਕ- ਵੈਸ਼ੇਖਕ ਨੇ ਅਤੇ ਪਾਤੰਜਲ ਸ਼ਾਸ਼ਤਰ - ਪਾਤੰਜਲ ਰਿਖੀ ਨੇ। ਵੇਦਾਂ ਦਾ ਅਧਿਐਨ ਕਰਕੇ,

ਤੱਤ ਕੱਢ ਕੇ ਬਣਾਏ ਪਰ ਇਨ੍ਹਾਂ ਵਿਚੋਂ ਅਸਲੀ ਗਿਆਨ ਅਲੋਪ ਹੋ ਗਿਆ, ਕਰਮ ਕਾਂਡ ਪ੍ਰਵਿਰਤ ਹੋ ਗਿਆ। ਪੂਰੇ ਸਤਿਗੁਰੂ ਦੀ ਅਣਹੋਂਦ ਕਾਰਨ ਸੋਹੰ ਬ੍ਰਹਮ ਨੂੰ ਲੁਕਾ ਕੇ ਭਰਮ ਦੇ ਪਰਦੇ ਦੀ ਗੱਲ ਹੀ ਦੱਸੀ ਗਈ। ਸ਼ਾਸਤਰ ਪੜ੍ਹ ਕੇ ਗਿਆਨ ਦਾ ਪ੍ਰਕਾਸ਼ ਹੋਣੋ ਰਹਿ ਗਿਆ ਕਿਉਂਕਿ –

***ਸਤਿਗੁਰ ਬਿਨਾ ਨ ਸਹਸਾ ਜਾਵੈ।।***

***ਭਾਈ ਗੁਰਦਾਸ ਜੀ – ਵਾਰ, 1/10***

ਇਸ ਤਰ੍ਹਾਂ ਦੇ ਨਾਲ ਹਉਮੈ ਦੇ ਘੁੱਪ ਹਨੇਰ ਵਿਚ ਸੰਸਾਰ ਗੁਆਚ ਗਿਆ ਅਤੇ ਪਤਾ ਨਹੀਂ ਲਗਦਾ ਸੀ ਕਿ ਕਿਹੜਾ ਸਾਧਨ ਕੀਤਾ ਜਾਵੇ ਜਿਸ ਕਰਕੇ ਆਤਮ ਸ਼ਾਖਸ਼ਾਤਕਾਰ ਹੋਵੇ ਅਤੇ ਪ੍ਰਭੂ ਨਾਲ ਮਿਲਾਪ ਹੋਵੇ। ਕਲਜੁਗ ਦੇ ਬੰਦਿਆਂ ਦੀ ਮੰਦ ਮਤਿ ਤੇ ਮੰਦ ਸੋਚਣੀ ਵਿਚ ਕਰਮ, ਕਿਰਤ ਦੀ ਪੇਸ਼ ਚਲਣੀ ਹਟ ਗਈ। ਭਜਨ ਬੰਦਗੀ, ਧਾਰਮਿਕ ਕਾਰ-ਵਿਹਾਰ ਸਾਰੇ ਦੇ ਸਾਰੇ ਭਰਮ ਭੁਲਾਵਾ ਬਣ ਗਏ। ਆਰਥਿਕ, ਸਮਾਜਿਕ ਤੇ ਰਾਜਸੀ ਹਾਲਾਤ ਪੂਰੀ ਤਰ੍ਹਾਂ ਨਾਲ ਉਲਝ ਗਏ। ਮਨੁੱਖ ਡਾਵਾਂ-ਡੋਲ ਹੋ ਗਿਆ। ਜਿਹੜੇ ਆਚਾਰੀਆ, ਪੀਰ, ਫਕੀਰ, ਔਲੀਆ ਇਸ ਜੁਗ ਵਿਚ ਉਪਦੇਸ਼ ਕਰਦੇ ਰਹੇ, ਉਨ੍ਹਾਂ ਨੇ ਵੀ ਜਨਤਾ ਨੂੰ ਕਰਮ-ਕਾਂਡ ਦੇ ਸੰਘਣੇ ਬਣ ਵਿਚ ਭੁਲਾ ਦਿਤਾ। ਇਸ ਕਲਜੁਗ ਵਿਚ ਭਗਤ ਯੋਗ ***'ਗੁਰਮੁਖਿ ਨਾਮੁ ਦਾਨੁ ਇਸਨਾਨੁ।।'*** ਹੀ ਇਕੋ-ਇਕ ਰਾਹ ਜੀਵ ਦੇ ਉਧਾਰ ਦਾ ਸੀ ਅਤੇ ਕਲਜੁਗ ਵਿਚ ਨਾਮ ਦੀ ਵਡਿਆਈ ਪ੍ਰੇਮਾ ਭਗਤੀ ਰਾਹੀਂ, ਕੀਤੀ ਹੋਈ ਕਮਾਈ ਹੀ ਪ੍ਰਵਾਨ ਹੈ। ਐਸੇ ਬਦਲੇ ਹੋਏ ਹਾਲਾਤ ਵਿਚ ਜਦੋਂ ਸੰਸਾਰ ਪਾਪ ਭ੍ਰਿਸ਼ਟ ਹੋ ਗਿਆ, ਵਰਨ, ਜਾਤਾਂ, ਮਜ਼ਹਬ ਆਪਸ ਵਿਚ ਖਹਿ-ਖਹਿ ਕੇ ਜਲਨ ਲੱਗੇ ਜਿਵੇਂ ਬਾਂਸ ਜਲਿਆ ਕਰਦੇ ਹਨ, ਧਰਮ ਗ੍ਰੰਥਾਂ ਦੀ ਨਿੰਦਿਆ ਚਲ ਪਈ ਅਤੇ ਅਗਿਆਨ ਦੇ ਹਨੇਰ੍ਹੇ ਵਿਚ ਸੰਸਾਰ ਡਾਵਾਂ-ਡੋਲ ਹੋ ਗਿਆ, ਹੁਣ ਲੋੜ ਸੀ – ਪੂਰੇ ਸਤਿਗੁਰੂ ਦੀ। ਫੁਰਮਾਨ ਕਰਦੇ ਹਨ –

***ਸਤਿਗੁਰ ਬਾਝ ਨ ਬੁਝੀਐ ਜਿੱਚਰ ਧਰੇ ਨ ਗੁਰ ਅਵਤਾਰਾ।***

***ਭਾਈ ਗੁਰਦਾਸ ਜੀ, ਵਾਰ – 1/17***

ਪੂਰੇ ਸਤਿਗੁਰੂ ਦੇ ਮਿਲਾਪ ਤੋਂ ਬਿਨਾਂ ਜੀਵ ਨੂੰ ਕੋਈ ਥਾਂ ਨਹੀਂ ਲੱਭ ਰਿਹਾ ਸੀ। ਅਜਿਹੀ ਹਾਲਤ ਵਿਚ ਜਦੋਂ ਹਉਮੈ ਦੇ ਝੱਖਣਾ-ਝਾਖ ਵਿਚ ਸਾਰੇ ਹੀ ਧਰਮ, ਆਚਾਰੀਆ, ਮਜ਼ਹਬ, ਜੀਵਾਂ ਨੂੰ ਸਹੀ ਸੇਧ ਦੇਣ ਦੀ ਥਾਂ ਵੈਰ, ਵਿਰੋਧ ਵਿਚ ਫਸਾ ਰਹੇ ਸਨ, ਖੰਡਨ-ਮੰਡਨ, ਕਰਮ-ਕਾਂਡ ਪ੍ਰਧਾਨ ਹੋ ਗਿਆ, ਉਸ ਵੇਲੇ ਪ੍ਰਭੂ ਦੇ ਦਰ ਤੇ ਪੁਕਾਰ ਪਹੁੰਚਦੀ ਹੈ ਜਿਸਨੂੰ ਸੁਣ ਕੇ ਭਾਈ ਗੁਰਦਾਸ ਜੀ ਅਨੁਸਾਰ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਕਾਸ਼ ਸੰਸਾਰ ਵਿਚ ਕੀਤਾ ਅਤੇ ਇਹ ਕਹਿ ਕੇ ਭੇਜਿਆ, "ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ, ਤੂੰ ਗੁਰੂ ਪ੍ਰਮੇਸ਼ਰ। ਮੇਰੇ ਕਲਿਆਣਕਾਰੀ ਨਾਮ ਦਾ ਅੰਮ੍ਰਿਤ ਸੰਸਾਰ ਵਿਚ ਵੰਡ।" ***(ਜਨਮਸਾਖੀ)***

***ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰ ਨਾਨਕ ਜਗ ਮਾਹਿੰ ਪਠਾਯਾ।***

***ਭਾਈ ਗੁਰਦਾਸ ਜੀ, ਵਾਰ – 1/23***

ਸੰਮਤ 1526 ਬ੍ਰਿਕਮੀ ਮੁਤਾਬਿਕ ਸੰਨ 1469 ਈ:, ਕੱਤਕ ਸੁਦੀ 15 ਨੂੰ ਰਾਇ ਭੋਇ ਦੀ ਤਲਵੰਡੀ ਵਿਚ, ਪਿਤਾ ਮਹਿਤਾ ਕਾਲੂ ਜੀ ਦੇ ਅਤੇ ਮਾਤਾ ਤ੍ਰਿਪਤਾ ਜੀ ਦੇ ਘਰ ਪਹਿਰ ਦੇ ਤੜਕੇ ਐਤਵਾਰ ਨੂੰ ਪ੍ਰਕਾਸ਼ ਹੋਇਆ। ਆਪ ਜੀ ਦੇ ਸਾਰੇ ਜੀਵਨ ਦਾ ਅਧਿਐਨ ਕਰਨ ਤੋਂ ਬਹੁਤ ਹੀ ਸੁੰਦਰ ਸਿਖਿਆਵਾਂ ਸੱਚ ਦੇ ਪ੍ਰਕਾਸ਼ ਵਿਚ ਸਹਾਈ ਹੁੰਦੀਆਂ ਹਨ। ਆਪ ਜੀ ਨੂੰ ਪਿੰਡ ਦੇ ਪਾਂਧੇ ਗੋਪਾਲ ਪਾਸ ਪੜ੍ਹਨ ਲਈ ਮਹਿਤਾ ਕਾਲੂ ਜੀ ਲੈ ਜਾਂਦੇ ਹਨ ਅਤੇ ਦੁਨੀਆਂ ਦੇ ਵਿਵਹਾਰ ਦੇ ਮੁਤਾਬਿਕ ਸ਼ੱਕਰ ਦੀ ਪਰਾਤ ਤੇ ਇਕ ਥਾਨ ਕੱਪੜਾ ਪਾਂਧਾ ਜੀ ਨੂੰ ਭੇਟ ਕਰਕੇ ਬੇਨਤੀ ਕਰਦੇ ਹਨ ਕਿ (ਗੁਰੂ) ਨਾਨਕ ਨੂੰ ਪੜ੍ਹਾਈ ਵਿਚ ਪੂਰੀ ਤਰ੍ਹਾਂ ਨਾਲ ਨਿਪੁੰਨ ਕਰਨ ਦੀ ਕੋਸ਼ਿਸ਼ ਕਰਨੀ। ਵਿਦਿਆਰਥੀ ਦੇ ਰੂਪ ਵਿਚ ਕਲਾਸ ਵਿਚ ਬੈਠ ਗਏ। ਥੋੜ੍ਹੇ ਦਿਨਾਂ ਪਿਛੋਂ ਜਦੋਂ ਫੱਟੀ ਉਪਰ ਅੱਖਰ ਪਾਉਣ ਲੱਗੇ ਤਾਂ ਉਨ੍ਹਾਂ ਨੇ ਫੱਟੀ ਉਪਰ ਮੰਗਲਾਚਰਣ 'ਓਅੰ ਭਗਵਤੇ ਸਿਧੰ' ਅੱਖਰ ਪਾ ਦਿਤਾ ਤਾਂ ਗੁਰੂ ਨਾਨਕ ਨੇ ਪਾਂਧੇ ਨੂੰ ਪੁਛਿਆ ਕਿ ਆਪ ਨੇ ਇਹ ਅੱਖਰ ਕੀ ਲਿਖਿਆ ਹੈ? ਪਾਂਧਾ ਹੈਰਾਨ ਹੋ ਗਿਆ ਕਿ ਕਿਸੇ ਵਿਦਿਆਰਥੀ ਨੇ ਮੇਰੇ ਉਤੇ ਇਹ ਪ੍ਰਸ਼ਨ ਨਹੀਂ ਕੀਤਾ। ਉਸਨੇ ਕਿਹਾ, "ਨਾਨਕ ਤੈਂ ਇਸ ਦੇ ਅਰਥਾਂ ਨੂੰ ਕੀ ਕਰਨਾ ਹੈ, ਤੂੰ ਅੱਖਰ ਸਿੱਖ।" ਜਦੋਂ ਫੇਰ ਦੁਬਾਰਾ ਕਿਹਾ ਤਾਂ ਗੁਰੂ ਨਾਨਕ ਨੂੰ ਉਸਨੇ ਟਾਲਣ ਲਈ ਕਿਹਾ ਕਿ ਅਸੀਂ ਇਹ ਪ੍ਰਮਾਤਮਾ ਅੱਗੇ ਕਾਰਜ ਸਿੱਧੀ ਲਈ ਮੰਗਲ ਰੂਪ ਵਿਚ ਲਿਖਿਆ ਹੈ। ਗੁਰੂ ਨਾਨਕ ਜੀ ਨੇ ਕਿਹਾ, "ਪਾਂਧਾ ਜੀ! ਕੀ ਤੁਸੀਂ ਉਸ ਓਅੰਕਾਰ ਨੂੰ ਜਾਣਿਆ ਹੈ, ਪਛਾਣਿਆ ਹੈ? ਉਹ ਕਿਹੋ ਜਿਹਾ ਹੈ? ਕਿਥੇ ਰਹਿੰਦਾ ਹੈ?" ਉਤਰ ਵਿਚ ਪਾਂਧਾ ਜੀ ਨੂੰ ਕੁਝ ਵੀ ਨਾ ਅਹੁੜਿਆ ਤਾਂ ਗੁਰੂ ਨਾਨਕ ਨੇ ਕਿਹਾ ਕਿ ਤੁਸੀਂ ਮੈਨੂੰ ਕੀ ਪੜ੍ਹਾਉਣਾ ਚਾਹੁੰਦੇ ਹੋ? ਤਾਂ ਉਸਨੇ ਉਤਰ ਦਿਤਾ ਕਿ ਨਾਨਕ! ਮੈਂ ਤੈਨੂੰ ਹਿਸਾਬ-ਕਿਤਾਬ ਵਿਚ ਸਾਰੇ ਪਹਾੜੇ, ਸਾਰੇ 'ਗੁਰ' ਸਿਖਾ ਕੇ ਐਨਾ ਤਾਕ ਕਰ ਦੇਵਾਂਗਾ ਕਿ ਤੂੰ ਹਰ ਚੀਜ਼ ਦਾ ਜੁਬਾਨੀ ਹੀ ਹਿਸਾਬ-ਕਿਤਾਬ ਜੋੜ ਸਕੇਂ ਅਤੇ ਲੇਖੇ ਕਰ ਸਕੇਂ।

ਗੁਰੂ ਨਾਨਕ ਨੇ ਲੇਖਿਆਂ ਦੀ ਗੱਲ ਸੁਣ ਕੇ ਕਿਹਾ, "ਪਾਂਧਾ ਜੀ! ਇਹ ਲੇਖੇ ਦਰਗਾਹ ਵਿਚ ਜਦੋਂ ਜਿੰਦੜੀ ਜਮਾਂ ਦੇ ਵਸ ਪਈ ਸਾਹੋ-ਸਾਹ ਹੋਈ, ਆਪਣੀਆਂ ਕੀਤੀਆਂ ਹੋਈਆਂ ਗਲਤੀਆਂ ਦਾ ਲੇਖਾ ਦੇ ਰਹੀ ਹੋਵੇਗੀ, ਕੀ ਉਸ ਸਮੇਂ ਇਹ ਲੇਖਾ ਜੋ ਤੁਸੀਂ ਮੈਨੂੰ ਦਸ ਰਹੇ ਹੋਂ, ਉਸ ਥਾਂ ਸਹਾਇਤਾ ਵੀ ਕਰੇਗਾ?" ਇਕ ਛੋਟੇ ਸੁੰਦਰ ਬਾਲ ਦੀ ਨਿਰੇ ਹੀ ਪਿਆਰ ਰੂਪੀ ਵਜੂਦ ਵਿਚੋਂ ਇਹ ਗੱਲ ਸੁਣ ਕੇ ਪਾਂਧਾ ਇਕ ਦਮ ਚੌਂਕ ਉਠਿਆ ਅਤੇ ਮਨ ਹੀ ਮਨ ਵਿਚ ਸੋਚਣ ਲਗਿਆ ਕਿ ਇਹ ਤਾਂ ਕੋਈ ਮਹਾਨ ਆਤਮਾ ਪ੍ਰਗਟ ਹੋਈ ਹੈ। ਇਹਨਾਂ ਨੂੰ ਤਾਂ ਪੜ੍ਹਨ ਦੀ ਕੋਈ ਲੋੜ ਨਹੀਂ ਕਿਉਂਕਿ ਇਹ ਯੋਗ ਮਤ ਅਨੁਸਾਰ ਸਰਬ ਵਿਦਿਆਵਾਂ ਦੇ, ਸਰਬ ਬੋਲੀਆਂ ਦੇ ਪੂਰਨ ਰੂਪ ਵਿਚ ਗਿਆਤਾ ਹਨ; ਕਿਉਂ ਨਾ ਇਨ੍ਹਾਂ ਤੋਂ ਮੈਂ ਉਨ੍ਹਾਂ ਲੇਖਿਆਂ ਬਾਰੇ ਸ਼ਰਧਾ ਨਾਲ ਪੁੱਛ ਲਵਾਂ ਜਿਨ੍ਹਾਂ ਦੀ ਤਲਵਾਰ ਹਰ ਜੀਵ ਦੇ ਸਿਰ ਉਪਰ ਸਦਾ ਹੀ ਲਟਕਦੀ ਰਹਿੰਦੀ ਹੈ। ਉਸ ਵੇਲੇ ਪਾਂਧਾ ਜੀ ਸ਼ਰਧਾ ਦੇ ਘਰ ਆ ਕੇ ਗੁਰੂ ਨਾਨਕ ਨੂੰ ਕਹਿਣ ਲੱਗੇ ਕਿ ਹੇ ਨਾਨਕ! ਇਹ ਲੇਖੇ ਤਾਂ ਦੁਨੀਆਂ ਦੇ ਕਾਰਜ ਸਿਧੀ ਵਾਸਤੇ ਅਤੇ ਇਹ ਪੜ੍ਹਾਈ ਦੁਨੀਆਂ ਵਿਚ ਸਿਆਣੇ ਬਣਨ ਵਾਸਤੇ ਸਿਖਾਈ ਜਾਂਦੀ ਹੈ। ਇਹ ਦਰਗਾਹ ਵਿਚ ਨਾਲ ਨਹੀਂ

ਜਾਂਦੀ। ਜਿਨ੍ਹਾਂ ਲੇਖਿਆਂ ਦੀ ਤੂੰ ਗੱਲ ਕਰਦਾ ਹੈਂ, ਉਹ ਮੇਰੀ ਸਮਝ ਤੋਂ ਪਰ੍ਹੇ ਹਨ। ਮੈਂ ਨਹੀਂ ਜਾਣਦਾ ਕਿ ਉਹ ਕਿਹੜੀ ਪੜ੍ਹਾਈ ਹੈ? ਉਸਦਾ ਕੀ ਕੋਰਸ ਹੈ? ਉਸਦਾ ਗੁਰੂ ਕੌਣ ਹੈ ਜੋ ਉਹ ਪੜ੍ਹਾਈ ਕਰਾ ਸਕਦਾ ਹੋਵੇ ਜਿਹਦੇ ਪੜ੍ਹਨ ਨਾਲ ਜਨਮਾਂ-ਜਨਮਾਂਤਰਾਂ ਦੇ ਪਏ ਹੋਏ ਲੇਖਿਆਂ ਦਾ ਬੋਝ ਸਿਰ ਤੋਂ ਉਤਰ ਜਾਵੇ। ਹੇ ਨਾਨਕ! ਮੈਂ ਤੈਨੂੰ ਪੂਰਨ ਪੁਰਖ ਜਾਣ ਕੇ ਬੇਨਤੀ ਕਰ ਰਿਹਾ ਹਾਂ ਕਿ ਮੈਨੂੰ ਉਨ੍ਹਾਂ ਬਾਰੇ ਕੁਝ ਦੱਸ।

ਉਸ ਵਕਤ ਇਹ ਸੁਣ ਕੇ ਗੁਰੂ ਨਾਨਕ ਗੰਭੀਰਤਾ ਦੇ ਰੂਪ ਵਿਚ ਆ ਗਏ ਅਤੇ ਫੁਰਮਾਨ ਲੱਗੇ ਕਿ ਪਾਂਧਾ ਜੀ! ਇਸ ਸੰਸਾਰ ਵਿਚ ਹੰਗਤਾ ਤੇ ਮਮਤਾ ਦਾ ਬੰਨ੍ਹਿਆ ਹੋਇਆ ਜੀਵ ਕਰਮ ਕਰਦਾ ਹੈ। ਇਹ ਹਉਮੈ ਦੀ ਸੂਝ ਅਧੀਨ ਕੀਤੇ ਹੋਏ ਕਰਮ, ਚੰਗੇ-ਮੰਦੇ, ਜੀਵ ਨੂੰ ਚਿੰਬੜ ਜਾਂਦੇ ਹਨ ਜਿਨ੍ਹਾਂ ਦਾ ਲੇਖਾ ਦਰਗਾਹ ਵਿਚ ਹੁੰਦਾ ਹੈ, ਉਸਦੇ ਫਲਸਰੂਪ ਸਵਰਗ, ਨਰਕ ਤੇ ਸੁਖ, ਦੁਖ ਭੋਗਣੇ ਪੈਂਦੇ ਹਨ। ਸੋ ਇਸ ਹਉਮੈ ਰੂਪੀ ਬਿਆਧੀ ਨੂੰ ਦੂਰ ਕਰਨ ਲਈ ਇਸ ਹੰਗਤਾ ਤੇ ਮਮਤਾ ਨੂੰ ਨਾਮ ਅਗਨ ਨਾਲ ਜਾਲ ਕੇ ਸਿਆਹੀ ਬਣਾ ਲਵੇ ਜਿਵੇਂ ਦੀਵੇ ਦੀ ਲਾਟ ਦੇ ਉਪਰ ਠੂਠੀ ਬੰਨ੍ਹ ਦਿਤੀ ਜਾਂਦੀ ਹੈ ਅਤੇ ਉਸ ਮਸ (ਕਾਲਖ) ਨੂੰ ਲਾਹ ਕੇ ਉਸ ਵਿਚ ਗੂੰਦ ਆਦਿ ਚੀਜ਼ਾਂ ਪਾ ਕੇ ਸਿਆਹੀ ਬਣਾਈ ਜਾਂਦੀ ਹੈ। ਸੋ ਇਸੇ ਤਰ੍ਹਾਂ ਨਾਲ ਤੁਸੀਂ ਵੀ ਹੰਗਤਾ ਤੇ ਮਮਤਾ ਦੀ ਸਿਆਹੀ ਬਣਾ ਲਵੋ ਅਤੇ ਸਾਰ ਮਤ ਜੋ ਨਿਤ ਅਤੇ ਅਨਿਤ ਦਾ ਨਿਖੇੜਾ ਕਰਦੀ ਹੈ ਯਾਨਿ ਵਿਵੇਕ ਬੁੱਧੀ ਦਾ ਕਾਗਜ਼ ਬਣਾਓ। ਇਸ ਉਪਰ ਲਿਖਣ ਲਈ ਪਿਆਰ ਦੀ ਕਲਮ ਚਾਹੀਦੀ ਹੈ ਅਤੇ ਲਿਖਣ ਲਈ ਲਿਖਾਰੀ ਆਪਣੇ ਚਿਤ ਨੂੰ ਬਣਾਓ। ਸਮਰੱਥ ਗੁਰੂ ਨੂੰ ਪੁੱਛ ਕੇ ਇਸ ਉਪਰ ਪ੍ਰਭੂ ਦਾ ਨਾਮ ਲਿਖੋ, ਪ੍ਰਭੂ ਦੀ ਬੇਅੰਤਤਾਈ ਦੀਆਂ ਵਡਿਆਈਆਂ ਲਿਖੋ। ਜਦੋਂ ਇਹ ਲੇਖਾ ਸਮਰੱਥ ਗੁਰੂ ਤੋਂ ਪੁੱਛ ਕੇ ਲਿਖੋਗੇ ਤਾਂ ਇਹ ਦਰਗਾਹ ਵਿਚ ਸੱਚਾ ਨਿਸ਼ਾਨ ਬਣ ਕੇ ਤੁਹਾਡੀ ਸਹਾਇਤਾ ਹੀ ਨਹੀਂ ਕਰੇਗਾ, ਦਰਗਾਹ ਵਿਚ ਪੂਰਾ ਮਾਣ ਭੀ ਦਿਵਾਵੇਗਾ -

***ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥***
***ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ॥***
***ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ॥***
***ਬਾਬਾ ਏਹੁ ਲੇਖਾ ਲਿਖਿ ਜਾਣੁ॥***
***ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ॥***

***ਪੰਨਾ - 16***

ਇਸ ਲੇਖੇ ਦੇ ਨਾਲ ਦਰਗਾਹ ਦੀਆਂ ਵਡਿਆਈਆਂ ਪ੍ਰਾਪਤ ਹੋਣਗੀਆਂ ਅਤੇ ਜੀਉ ਸਦਾ ਹੀ ਖਿੜਿਆ ਰਹੇਗਾ, ਖੁਸ਼ੀਆਂ ਮਾਣੇਗਾ। ਉਨ੍ਹਾਂ ਪੁਰਸ਼ਾਂ ਨੂੰ, ਜਿਨ੍ਹਾਂ ਨੇ ਇਹ ਲੇਖਾ ਲਿਖਿਆ ਹੈ, ਸੱਚੀ ਦਰਗਾਹ ਦੇ ਵਿਚ ਮਾਣ ਪ੍ਰਾਪਤ ਹੋਵੇਗਾ। ਸੋ ਇਸੇ ਤਰ੍ਹਾਂ ਦੇ ਉਪਦੇਸ਼ ਸੁਣ ਕੇ ਪਾਂਧਾ ਜੀ ਨੇ ਗੁਰੂ ਨਾਨਕ ਨੂੰ ਬੇਨਤੀ ਕੀਤੀ ਕਿ ਮੇਰੇ ਉਪਰ ਆਪ ਕ੍ਰਿਪਾ ਕਰੋ। ਗੁਰੂ ਨਾਨਕ ਪਾਤਸ਼ਾਹ ਨੇ ਕ੍ਰਿਪਾ ਦੇ ਘਰ ਆ ਕੇ ਨਾਮ ਦ੍ਰਿੜ੍ਹ ਕਰਾ ਦਿਤਾ ਅਤੇ ਪੱਟੀਆਂ ਦਿਤੀਆਂ। ਪਾਂਧਾ ਪੜ੍ਹ ਰਿਹਾ ਹੈ-

***ਸਸੈ ਸੋਇ ਸ੍ਰਿਸਟਿ ਜਿਨਿ ਸਾਜੀ***
***ਸਭਨਾ ਸਾਹਿਬੁ ਏਕੁ ਭਇਆ॥***
***ਸੇਵਤ ਰਹੇ ਚਿਤੁ ਜਿਨ ਕਾ ਲਾਗਾ***
***ਆਇਆ ਤਿਨ ਕਾ ਸਫਲੁ ਭਇਆ॥***
***ਮਨ ਕਾਹੇ ਭੂਲੇ ਮੂੜ ਮਨਾ॥***
***ਜਬ ਲੇਖਾ ਦੇਵਹਿ ਬੀਰਾ ਤਉ ਪੜਿਆ॥***
***ਈਵੜੀ ਆਦਿ ਪੁਰਖੁ ਹੈ ਦਾਤਾ ਆਪੇ ਸਚਾ ਸੋਈ॥***
***ਏਨਾ ਅਖਰਾ ਮਹਿ ਜੋ ਗੁਰਮੁਖਿ ਬੂਝੈ***
***ਤਿਸੁ ਸਿਰਿ ਲੇਖੁ ਨ ਹੋਈ॥***
***ਊੜੈ ਉਪਮਾ ਤਾ ਕੀ ਕੀਜੈ ਜਾ ਕਾ ਅੰਤੁ ਨ ਪਾਇਆ॥***
***ਸੇਵਾ ਕਰਹਿ ਸੇਈ ਫਲੁ ਪਾਵਹਿ ਜਿਨੀ ਸਚੁ ਕਮਾਇਆ॥***

***ਪੰਨਾ - 432***

ਇਸ ਤਰ੍ਹਾਂ ਨਾਲ ਇਕ-ਇਕ ਅੱਖਰ ਨੂੰ ਪਰਮਾਰਥੀ ਬਣਾ ਕੇ ਪੰਡਿਤ ਨੂੰ ਦਿਤਾ ਤਾਂ ਪੰਡਿਤ ਹੱਕਾ-ਬੱਕਾ ਰਹਿ ਗਿਆ। ਗੁਰੂ ਭਾਵਨਾ ਗੁਰੂ ਨਾਨਕ ਤੇ ਕਰਕੇ ਆਪਣਾ ਜੀਵਨ ਸਫਲ ਕਰਿਆ ਤੇ ਚਰਨਾਂ ਤੇ ਸੀਸ ਨਿਵਾਉਂਦਿਆਂ ਕਿਹਾ -

"ਹੇ ਸਨਾਤਨ ਤੋਂ ਸਨਾਤਨ ਪੁਰਖ! ਤੂੰ ਪੂਰਨ ਪੁਰਖ ਹੈਂ; ਜੋ ਤੇਰੇ ਆਤਮੇ ਆਵੇ ਸੋ ਕਰ। ਮੇਰੀ ਵੀ ਕਲਿਆਣ ਚਿਤ ਰਖੇਂ, ਤੇਰੀ ਮਿਹਰਾਮਤ ਹੋਵੇ।"

ਇਸੇ ਤਰ੍ਹਾਂ ਦੇ ਨਾਲ ਆਪ ਨੂੰ ਬ੍ਰਿਜਨਾਥ ਪੰਡਤ ਪਾਸ ਸੰਸਕ੍ਰਿਤ ਪੜ੍ਹਨ ਲਾ ਦਿਤਾ। ਉਥੇ ਵੀ ਆਪਨੇ ਸਪਤ ਸਲੋਕੀ ਗੀਤਾ ਸੰਸਕ੍ਰਿਤ ਵਿਚ ਲਿਖ ਕੇ ਪੰਡਤ ਨੂੰ ਹੈਰਾਨ ਕਰ ਦਿਤਾ। ਪੰਡਤ ਸੋਝੀ ਵਾਲਾ ਸੀ, ਉਸਨੇ ਗੁਰੂ ਨਾਨਕ ਦੇ ਚਰਨਾਂ ਵਿਚ ਅਰਦਾਸ ਕੀਤੀ ਕਿ -

"ਹੇ ਆਦਿ, ਤੂੰ ਅਨਾਦਿ, ਤੂੰ ਰੱਖ, ਤੂੰ ਦਾਸ ਉਪਰ ਮਿਹਰ ਕਰ ਅਤੇ ਮੇਰੇ ਜਨਮ ਮਰਨ ਦੇ ਬੰਧਨ ਕੱਟ ਦੇ।"

ਇਸ ਤਰ੍ਹਾਂ ਨਾਲ ਆਪਨੂੰ ਮੁਲਾਂ ਪਾਸ ਫਾਰਸੀ ਪੜ੍ਹਨ ਪਾਇਆ ਗਿਆ, ਉਸ ਥਾਂ ਵੀ ਮੌਲਵੀ ਨੂੰ ਜੀਵਨ ਦੀ ਸਾਰਥਾ ਦੱਸਣ ਲਈ ਇਕ ਸਿਹਰਫੀ ਲਿਖ ਕੇ ਪ੍ਰਕਾਸ਼ ਪਾਇਆ।

ਇਹ ਸਾਖੀਆਂ ਸੁਣ ਕੇ ਕਈ ਕਮਜ਼ੋਰ ਮਨਾਂ ਵਿਚ ਕਈ ਤਰਕਸ਼ੀਲ ਬੁੱਧੀਜੀਵੀਆਂ ਵਿਚ ਇਕ ਤੁਲਨਾ ਉਪਜਦੀ ਹੈ ਕਿ ਅਸੀਂ ਬਹੁਤ ਪੁਸਤਕਾਂ ਪੜ੍ਹ ਕੇ, ਲਿਖ ਕੇ, ਪੜ੍ਹਾਈਆਂ ਦੀ ਅੰਤਿਮ ਛੋਹ ਤਕ ਪੁਜੇ ਹਾਂ। ਇਹ ਕਿਵੇਂ ਹੋ ਸਕਦਾ ਹੈ ਕਿ ਗੁਰੂ ਨਾਨਕ ਇਕ ਬੱਚਾ ਸੰਸਾਰਕ ਵਿਦਿਆਵਾਂ ਨੂੰ ਬਿਨਾਂ ਪੜ੍ਹਾਏ ਕਿਵੇਂ ਜਾਣ ਗਿਆ? ਕਿਸ ਬੁੱਧੀ ਅਨੁਸਾਰ ਉਸ ਨੇ ਉਸ ਸਮੇਂ ਮਹਾਨ ਬਾਣੀ ਦੀ ਰਚਨਾ ਕੀਤੀ? ਇਹ ਉਨ੍ਹਾਂ ਦਾ ਪ੍ਰਸ਼ਨ ਉਨ੍ਹਾਂ ਦੇ ਨਜ਼ਰੀਏ ਨਾਲ ਯਥਾਰਥ ਲਗਦਾ ਹੈ ਪਰ ਉਨ੍ਹਾਂ ਨੂੰ ਰੂਹਾਨੀ ਸੂਝ ਨਾ ਹੋਣ ਕਰਕੇ ਅੰਦਰਲਾ ਗਿਆਨ ਨਹੀਂ ਹੈ। ਯੋਗੀ ਸਰਬ ਵਿਦਿਆ ਯੋਗ ਦੀਆਂ ਸਾਧਨਾਵਾਂ ਕਰਕੇ ਸਾਰੇ ਸੰਸਾਰ ਦੀਆਂ ਬੋਲੀਆਂ ਤੇ ਵਿਦਿਆ, ਬਿਨਾਂ ਪੜ੍ਹੇ ਜਾਣ ਸਕਦੇ ਹਨ। ਭਾਰਤ ਵਰਸ਼ ਵਿਚ ਅੱਜ ਦੇ ਸਮੇਂ ਦੋ ਮਹਾਨ ਯੋਗੀ ਜਿਨ੍ਹਾਂ ਨੂੰ ਮੈਂ ਨੇੜੇ ਹੋ ਕੇ ਜਾਣਿਆ, ਪਛਾਣਿਆ ਹੈ, ਉਹ ਹਨ ਡਾ. ਸੁਆਮੀ ਰਾਮ ਜੀ ਤੇ ਡਾ. ਵੇਦ ਭਾਰਤੀ ਜੀ (D.Lit), ਇਹ ਦੋਵੇਂ ਸਰਬ ਵਿਦਿਆ ਯੋਗ ਦੇ ਮਾਹਿਰ ਹਨ। ਸੁਆਮੀ ਵੇਦ ਭਾਰਤੀ ਜੀ ਨੇ ਰਤਵਾੜਾ

ਸਾਹਿਬ ਇਕ ਵਖਿਆਨ ਵਿਚ ਇਹ ਸਪਸ਼ਟ ਕੀਤਾ ਸੀ ਕਿ ਉਹ ਹਾਲੈਂਡ ਵਿਚ ਪੀ.ਐਚ.ਡੀ ਕਰਨ ਗਏ ਤਾਂ ਉਨ੍ਹਾਂ ਨੇ ਕਿਹਾ ਕਿ ਤੁਸੀਂ ਤਾਂ ਡੱਚ ਭਾਸ਼ਾ ਨਹੀਂ ਜਾਣਦੇ। ਸੁਆਮੀ ਜੀ ਨੇ ਕਿਹਾ ਕਿ ਮੈਨੂੰ ਸਿਰਫ ਸੱਤ ਦਿਨ ਚਾਹੀਦੇ ਹਨ। ਜਦੋਂ ਸੱਤਾਂ ਦਿਨਾਂ ਪਿਛੋਂ ਫੇਰ ਗਏ ਤਾਂ ਉਨ੍ਹਾਂ ਨੇ ਇਜ਼ਾਜ਼ਤ ਦੇ ਦਿਤੀ ਅਤੇ ਸੁਆਮੀ ਜੀ ਨੇ ਉਥੇ ਪੀ.ਐਚ.ਡੀ ਕੀਤੀ। ਭਾਰਤਵਰਸ਼ ਵਿਚ ਡਾ. ਸੁਆਮੀ ਵੇਦ ਭਾਰਤੀ ਜੀ ਦੇ ਕਹਿਣ ਮੁਤਾਬਿਕ ਉਨ੍ਹਾਂ ਤੋਂ ਬਿਨਾਂ ਅੱਠ ਹੋਰ ਯੋਗੀ ਹਨ ਜਿਹੜੇ ਸਰਬ ਵਿਦਿਆ ਯੋਗ ਦੇ ਸਾਧਨਾਂ ਨਾਲ ਹਰ ਬੋਲੀ ਬੋਲ ਸਕਦੇ ਹਨ, ਲੈਕਚਰ ਦੇ ਸਕਦੇ ਹਨ। ਇਸ ਕਰਕੇ ਗੁਰੂ ਨਾਨਕ ਪਾਤਸ਼ਾਹ ਜਿਹੜੇ ਆਪ ਹੀ ਅਨਿਕ ਕਲਾ ਸਮਰੱਥ ਸਨ ਉਨ੍ਹਾਂ ਨੂੰ ਕੋਈ ਵਿਦਿਆ ਪੜ੍ਹਨ ਦੀ ਲੋੜ ਹੀ ਨਹੀਂ ਭਾਸਦੀ। ਉਹ ਜਿਥੇ ਵੀ ਗਏ, ਉਸੇ ਬੋਲੀ ਵਿਚ ਰੂਹਾਨੀ ਕਦਰਾਂ ਕੀਮਤਾਂ ਦੱਸ ਕੇ ਗੁਰੂ ਗ੍ਰੰਥ ਸਾਹਿਬ ਦੀ ਬੋਲੀ ਵਿਚ ਸ਼ਬਦਾਂ ਦੀ ਸੰਭਾਲ ਅਸਾਡੇ ਕਲਿਆਣ ਵਾਸਤੇ ਕਰਦੇ ਰਹੇ। ਸੋ ਇਹ ਸ਼ੰਕਾ ਨਿਰਮੂਲ ਹੈ ਕਿ ਗੁਰੂ ਨਾਨਕ ਪੜ੍ਹੇ ਹੋਏ ਨਹੀਂ ਸਨ। ਉਹ ਸਾਰੀਆਂ ਬੋਲੀਆਂ ਦੇ ਗਿਆਤਾ ਸਨ। ਕਬੀਰ ਸਾਹਿਬ ਕਿਹੜੇ ਕਾਲਜ ਵਿਚ ਪੜ੍ਹਨ ਗਏ ਜਿਨ੍ਹਾਂ ਦੀ ਬਾਣੀ ਨੂੰ ਬਹੁਤ ਵੱਡੇ-ਵੱਡੇ ਵਿਦਵਾਨਾਂ ਨੂੰ ਸਮਝਣਾ ਅਤਿ ਕਠਿਨ ਹੈ? ਗੁਰੂ ਨਾਨਕ ਜੀ ਨੇ ਤਾਂ ਆਚਰਣ ਹੀਣ ਪੜ੍ਹਿਆਂ ਨੂੰ ਮੂਰਖ ਆਖਿਆ ਹੈ ਕਿਉਂਕਿ ਉਹ ਆਸ਼ਰੀ ਸੰਪ੍ਰਦਾ ਤੇ ਕਾਬੂ ਨਹੀਂ ਪਾ ਸਕੇ। ਮਨਮੁਖ ਪੜ੍ਹਾਕੂਆਂ ਦੀ ਵਿਦਿਆ ਨੂੰ ਵਿਹੁ ਖਟਦੀ, ਵਿਹੁ ਵੰਡਦੀ ਵਿਦਿਆ ਕਰਕੇ reject ਕੀਤਾ ਹੈ।

ਗੁਰੂ ਨਾਨਕ ਨੇ ਮੱਝੀਆਂ ਚਾਰੀਆਂ, ਉਨ੍ਹਾਂ ਉਪਰ ਸੱਪ ਨੇ ਛਾਂ ਕੀਤੀ, ਦਰੱਖਤਾਂ ਦਾ ਪਰਛਾਵਾਂ ਨਾ ਢਲਿਆ। ਇਹ ਕਰਾਮਾਤਾਂ ਨਹੀਂ ਸਨ, ਇਹ ਅੰਦਰਲੇ ਨਾਮ ਦੇ ਪ੍ਰਗਟਾਵੇ ਦੇ ਸੁਤਅ ਕਰਿਸ਼ਮੇ ਸਨ।

ਮਿਸਾਲ ਦੇ ਤੌਰ ਤੇ ਮੈਂ ਦਸਦਾ ਹਾਂ ਕਿ ਬੀਬੀ ਰਣਜੀਤ ਕੌਰ (ਲੇਖਕ ਦੀ ਪਤਨੀ) ਦੇ ਪਿਤਾ ਜੀ ਵਿਚ ਨਾਮ ਐਨਰਜੀ ਐਨੇ ਵੇਗ ਨਾਲ ਪ੍ਰਗਟ ਹੋ ਗਈ ਕਿ ਉਹ ਭਜਨ ਕਰਦੇ ਛੱਤ ਨਾਲ ਜਾ ਲੱਗੇ ਅਤੇ ਜਦੋਂ ਉਹ ਹੇਠਾਂ ਆਏ ਤਾਂ ਉਨ੍ਹਾਂ ਦੇ ਸਰੀਰ ਵਿਚੋਂ ਛੇ ਘੰਟੇ ਲਗਾਤਾਰ ਲਾਈਟ ਦੇ ਵਰੋਲੇ ਨਿਕਲ ਕੇ ਸਾਰੀ ਸੰਗਤ ਨੂੰ ਰੂਹਾਨੀ ਕੰਬਣੀ ਦਾ ਅਨੁਭਵ ਕਰਾਉਂਦੇ ਰਹੇ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਇਸ ਬਾਰੇ ਆਪਣੀ ਪੁਸਤਕ 'ਰੰਗਲੇ ਸੱਜਣ' ਵਿਚ ਲਿਖਦੇ ਹੋਏ ਦਸਦੇ ਹਨ ਕਿ ਸੰਤ ਭਾਈ ਹੀਰਾ ਸਿੰਘ ਜੀ ਜਦੋਂ ਕੋਈ ਵਜ਼ਨ ਸੀਸ ਉਪਰ ਚੁਕਦੇ ਸਨ ਤਾਂ ਉਨ੍ਹਾਂ ਦੇ ਸੀਸ ਦੇ ਨਾਲ ਉਹ ਵਜ਼ਨ ਛੂੰਹਦਾ ਨਹੀਂ ਸੀ ਸਗਮਾਂ ਇਕ ਗਿੱਠ ਉਚਾ ਰਿਹਾ ਕਰਦਾ ਸੀ। ਇਹ ਕੋਈ ਕਰਾਮਾਤ ਨਹੀਂ ਸੀ। ਇਹ ਨਾਮੀ ਜੀਵਨ ਵਿਚ ਨਾਮ ਐਨਰਜੀ ਦਾ ਪ੍ਰਗਟਾਵਾ ਹੀ ਸੀ। ਉਹ ਜਦੋਂ ਕਿਸੇ ਨੂੰ ਹੱਥ ਲਾ ਦਿੰਦੇ ਸਨ ਤਾਂ ਨਾਮ ਐਨਰਜੀ ਦਾ ਐਨਾ ਜਬਰਦਸਤ flow ਉਨ੍ਹਾਂ ਦੇ ਹੱਥ ਰਾਹੀਂ ਬਾਹਰ ਆਉਂਦਾ ਸੀ ਕਿ ਉਹ ਪ੍ਰੇਮੀ ਬੇ-ਸੁਧ ਹੋ ਕੇ ਧਰਤੀ ਤੇ ਲਿਟਣ ਲਗ ਜਾਂਦਾ ਸੀ। ਜੋ ਗੁਰੂ ਨਾਨਕ ਪਾਤਸ਼ਾਹ ਦੇ ਜੀਵਨ ਵਿਚ ਦਰੱਖਤਾਂ ਨੇ ਛਾਂ ਕਰਨੀ, ਸੱਪ ਨੇ ਛਾਂ ਕਰਨੀ ਅਤੇ ਮੱਝੀਆਂ ਦਾ ਖਾਧਾ ਹੋਇਆ ਖੇਤ ਮੁੜ ਕੇ ਪੂਰੀ ਤਰ੍ਹਾਂ ਹਰਿਆ-ਭਰਿਆ ਹੋ ਜਾਣਾ; ਇਹ ਕਰਾਮਾਤਾਂ ਨਹੀਂ ਸਨ। ਇਹ ਪੂਰਨ ਸਤਿ ਦੇ ਹਿਰਦੇ ਵਿਚੋਂ ਉਠੇ ਹੋਏ ਫੁਰਨੇ ਦੀ ਸਾਕਾਰਤਾ ਸੀ। ਜਦੋਂ ਵਾਹਿਗੁਰੂ ਜੀ ਦਾ ਇਕੋ ਫੁਰਨਾ ਅਨੰਤ ਸੰਸਾਰ ਦਾ ਪਸਾਰਾ ਕਰ ਸਕਦਾ ਹੈ ਤਾਂ ਨਾਮ ਵਿਚ ਰਤੇ ਨਾਮ ਰੂਪ ਹੋਏ ਸਰੀਰ ਵਿਚੋਂ ਉਠਿਆ ਫੁਰਨਾ, ਉਨ੍ਹਾਂ ਦਾ ਸਹਿਜ ਸੁਭਾਅ ਇਹ ਕਹਿ ਦੇਣਾ ਕਿ ਇਹ ਕਿਸਾਨ ਦਾ ਖੇਤ ਤਾਂ ਹਰਿਆ-ਭਰਿਆ ਹੈ, ਦੇਖਣ ਤੇ ਹਰਿਆ-ਭਰਿਆ ਹੀ ਨਿਕਲਣਾ; ਇਹ ਸਤਿ ਦੇ ਪ੍ਰਕਾਸ਼ ਦੀ ਅਚਰਜ ਕਲਾ ਹੈ।

ਗੁਰੂ ਨਾਨਕ ਚੁਪ ਕਰਕੇ ਲੇਟੇ ਰਹਿੰਦੇ ਹਨ ਤਾਂ ਵੈਦ ਬੁਲਾਇਆ ਗਿਆ। ਉਸਨੇ ਗੁਰੂ ਨਾਨਕ ਦੇ ਰੋਗ ਦੀ ਪਰਖ ਕਰਨੀ ਚਾਹੀ। ਗੁਰੂ ਨਾਨਕ ਜੀ ਮੁਸਕਾਏ ਅਤੇ ਪੁਛਿਆ, "ਵੈਦ ਜੀ! ਤੁਸੀਂ ਕੀ ਦੇਖ ਰਹੇ ਹੋ?" ਉਸਨੇ ਕਿਹਾ, "ਹੇ ਨਾਨਕ! ਮੈਂ ਰੋਗ ਦੀ ਪਹਿਚਾਨ ਕਰਨਾ ਚਾਹੁੰਦਾ ਹਾਂ।" ਪਾਤਸ਼ਾਹ ਕਹਿਣ ਲੱਗੇ, "ਵੈਦ ਜੀ ਤੁਸੀਂ ਤਾਂ ਆਪ ਹੀ ਰੋਗੀ ਹੋ। ਤੁਹਾਡਾ ਸਾਰਾ ਸੰਸਾਰ ਜੋ ਵੀ ਨਾਮ ਤੋਂ ਟੁੱਟਿਆ ਹੋਇਆ ਹੈ, ਉਹ ਸਾਰਾ ਹੀ ਰੋਗੀ ਹੈ। ਤੁਹਾਨੂੰ ਇਨ੍ਹਾਂ ਰੋਗਾਂ ਬਾਰੇ ਕੋਈ ਗਿਆਨ ਨਾ ਹੋਣ ਕਰਕੇ ਦੁਖ ਪਾ ਰਹੇ ਹੋ। ਵੈਦ ਓਹੀ ਹੋਇਆ ਕਰਦਾ ਹੈ ਜੋ ਰੋਗ ਨੂੰ ਬੁੱਝ ਸਕੇ ਅਤੇ ਸਹੀ ਦਾਰੂ ਜਾਨਣ ਵਾਲਾ ਸੁ-ਵੈਦ ਹੋਇਆ ਕਰਦਾ ਹੈ।" ਵੈਦ ਜੀ ਨੇ ਪੂਰੀ ਸ਼ਰਧਾ ਵਿਚ ਆ ਕੇ ਗੁਰੂ ਨਾਨਕ ਪਾਤਸ਼ਾਹ ਨੂੰ ਬੇਨਤੀ ਕੀਤੀ ਕਿ ਕ੍ਰਿਪਾ ਕਰਕੇ ਮੈਨੂੰ ਸਮਝਾਓ ਕਿ ਮੇਰੇ ਸਮੇਤ ਸੰਸਾਰ ਕਿਸ ਤਰ੍ਹਾਂ ਰੋਗੀ ਹੈ। ਮੈਂ ਤਾਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਸਵੱਸਥ ਮਹਿਸੂਸ ਕਰ ਰਿਹਾ ਹਾਂ। ਤਾਂ ਗੁਰੂ ਮਹਾਰਾਜ ਜੀ ਨੇ

ਫੁਰਮਾਨ ਕੀਤਾ ਕਿ ਥੋੜ੍ਹਿਆਂ ਰੋਗਾਂ ਨੂੰ ਛੱਡ ਕੇ ਰੋਗਾਂ ਦਾ ਘਾਣ ਮਨ ਵਿਚੋਂ ਪੈਦਾ ਹੁੰਦਾ ਹੈ। ਜਦੋਂ ਮਨ ਰੋਗੀ ਹੋ ਗਿਆ ਤਾਂ ਸਰੀਰ ਵੀ ਰੋਗੀ ਹੋ ਜਾਇਆ ਕਰਦਾ ਹੈ। ਸਭ ਤੋਂ ਪਹਿਲਾਂ ਜਿਸ ਨੂੰ ਮਨ ਦਾ ਕੁਸ਼ਟ ਆਖਿਆ ਜਾਂਦਾ ਹੈ, ਉਸ ਰੋਗ ਦਾ ਨਾਮ ਹੈ – 'ਹਉਮੈ ਰੋਗ' ਜੋ ਮਨੁੱਖ ਦੇ ਹਿੱਸੇ ਆਇਆ ਹੈ। ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜੀ ਨੇ ਇਨ੍ਹਾਂ ਰੋਗਾਂ ਦਾ ਵੇਰਵਾ ਦਿੰਦਿਆਂ ਹੋਇਆਂ ਫੁਰਮਾਨ ਕੀਤਾ ਹੈ –

***ਹਉਮੈ ਰੋਗੁ ਮਾਨੁਖ ਕਉ ਦੀਨਾ॥***
***ਕਾਮ ਰੋਗਿ ਮੈਗਲੁ ਬਸਿ ਲੀਨਾ॥***
***ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ॥***
***ਨਾਦ ਰੋਗਿ ਖਪਿ ਗਏ ਕੁਰੰਗਾ॥***
***ਜੋ ਜੋ ਦੀਸੈ ਸੋ ਸੋ ਰੋਗੀ॥***
***ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥***
***ਜਿਹਵਾ ਰੋਗਿ ਮੀਨੁ ਗ੍ਰਸਿਆਨੋ॥***
***ਬਾਸਨ ਰੋਗਿ ਭਵਰੁ ਬਿਨਸਾਨੋ॥***
***ਹੇਤ ਰੋਗ ਕਾ ਸਗਲ ਸੰਸਾਰਾ॥***
***ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ॥***
***ਰੋਗੇ ਮਰਤਾ ਰੋਗੇ ਜਨਮੈ॥***
***ਰੋਗੇ ਫਿਰਿ ਫਿਰਿ ਜੋਨੀ ਭਰਮੈ॥***
***ਰੋਗੁ ਬੰਧ ਰਹਨੁ ਰਤੀ ਨ ਪਾਵੈ॥***
***ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ॥***
***ਪਾਰਬ੍ਰਹਮਿ ਜਿਸੁ ਕੀਨੀ ਦਇਆ॥***
***ਬਾਹ ਪਕੜਿ ਰੋਗਹੁ ਕਢਿ ਲਇਆ॥***
***ਤੂਟੇ ਬੰਧਨ ਸਾਧਸੰਗੁ ਪਾਇਆ॥***
***ਕਹੁ ਨਾਨਕ ਗੁਰਿ ਰੋਗੁ ਮਿਟਾਇਆ॥***

***ਪੰਨਾ – 1140-41***

ਮਨੁਖ ਹਉਮੈ ਦੇ ਰੋਗ ਵਿਚ ਗ੍ਰਸਿਆ ਜੰਮਦਾ ਮਰਦਾ ਰਹਿੰਦਾ ਹੈ, ਕਰਮਾਂ ਦੇ ਚੰਗੇ-ਮੰਦੇ ਫਲ ਖਾਂਦਾ ਹੈ। ਦੁਖ-ਸੁਖ ਦੇ ਦ੍ਵੰਦ ਵਿਚ ਫਸਿਆ ਜੰਮਣ ਮਰਣ ਦੀਆਂ ਘਮੇਟਣੀਆਂ ਤੋਂ ਛੁਟਕਾਰਾ ਨਹੀਂ ਪਾ ਸਕਦਾ। ਅਨੰਤ ਕਾਲ ਤੋਂ ਇਸ ਜੀਵ ਨੂੰ ਹਉਮੈ ਰੋਗ ਨੇ ਗ੍ਰਸਿਆ ਹੋਇਆ ਹੈ। ਇਸ ਰੋਗ ਕਰਕੇ ਇਸਦਾ ਅਨੁਭਵ ਦੂਸ਼ਿਤ ਹੋ ਜਾਣ ਕਰਕੇ ਇਕ ਪਰੀਪੂਰਨ ਬ੍ਰਹਮ ਤਿੰਨ ਰੂਪਾਂ ਵਿਚ ਦਿਸਦਾ ਹੈ – ਇਕ ਪ੍ਰਮਾਤਮਾ ਦਾ ਰੂਪ, ਦੂਜਾ ਜੀਵ-ਆਤਮਾ, ਤੀਜਾ ਸੰਸਾਰ। ਪਰੀਪੂਰਨ ਨਾਮ ਸਤਾ ਨਾਲੋਂ ਟੁਟ ਕੇ ਦੁਖ ਭੋਗ ਰਿਹਾ ਹੈ। ਅਨੰਤ ਕਾਲ ਤੋਂ ਇਹ ਰੋਗ ਮਨੁੱਖ ਨੂੰ ਚਿੰਬੜਿਆ ਹੋਇਆ ਹੈ। ਇਹ ਆਪਣੇ ਆਪ ਨੂੰ ਭੁੱਲ ਕੇ ਸਰੀਰ ਬਣਿਆ ਹੈ ਜੋ ਤਿੰਨ ਕਾਲ ਹੀ ਅਸੱਤ ਹੈ। ਜੀਵ ਅੰਧ ਘੋਰ ਖੂਹ ਵਿਚ ਗੋਤੇ ਖਾਂਦਾ ਪਰਮ ਦੁਖੀ ਹੋ ਰਿਹਾ ਹੈ। ਇਕ ਸਾਧੂ ਤੋਂ ਬਿਨਾਂ, ਸਾਰੇ ਹੀ ਮਨੁੱਖ ਇਸ ਰੋਗ ਨਾਲ ਪੀੜ੍ਹਤ ਹਨ। ਇਹ ਰੋਗ ਨਾ ਦਾਨ ਕਰਨ ਤੋਂ, ਨਾ ਹੀ ਤੀਰਥ ਯਾਤਰਾ ਤੋਂ, ਨਾ ਹੀ ਦੇਹੀ ਨੂੰ ਕਸ਼ਟ ਦੇਣ ਵਾਲੇ ਤਪਾਂ ਤੋਂ, ਨਾ ਹੀ ਪੁਸਤਕਾਂ, ਬੇਦ-ਕਤੇਬ ਪੜ੍ਹਨ ਤੋਂ ਜਾਂਦਾ ਹੈ ਸਗਵਾਂ ਹੋਰ ਮੈਲ ਲਗ ਕੇ ਅਗਿਆਨ ਵਧਦਾ ਜਾਂਦਾ ਹੈ।

ਦੂਸਰਾ ਭਿਆਨਕ ਰੋਗ ਜੋ ਹਉਮੈ ਤੋਂ ਹੀ ਉਪਜਦਾ ਹੈ, ਉਹ ਹੈ ਆਪਣੇ ਬਾਰੇ, ਪ੍ਰਭੂ ਬਾਰੇ, ਸੰਸਾਰ ਬਾਰੇ ਭਰਮ ਉਤਪੰਨ ਹੋ ਜਾਵੇ ਇਸਨੂੰ 'ਅਵਿਦਿਆ' ਵੀ ਕਹਿ ਦਿੰਦੇ ਹਨ ਜਿਵੇਂ ਫੁਰਮਾਨ ਹੈ –

***ਛਛੈ ਛਾਇਆ ਵਰਤੀ ਸਭ ਅੰਤਰਿ***
***ਤੇਰਾ ਕੀਆ ਭਰਮੁ ਹੋਆ॥***
***ਭਰਮੁ ਉਪਾਇ ਭੁਲਾਈਅਨੁ ਆਪੇ***
***ਤੇਰਾ ਕਰਮੁ ਹੋਆ ਤਿਨ ਗੁਰੂ ਮਿਲਿਆ॥***

***ਪੰਨਾ – 433***

ਇਸ ਭਰਮ ਕਰਕੇ ਜੀਵ ਨੂੰ ਸੋਹੰ ਸਰੂਪ ਉੱਤੇ ਕੋਈ ਵਿਸ਼ਵਾਸ਼ ਨਹੀਂ ਆਉਂਦਾ ਅਤੇ ਆਪਣੇ ਆਪ ਨੂੰ ਕਲਪਿਤ ਜੀਵ ਜਾਣ ਕੇ ਅਨੰਤ ਕਾਲ ਤੋਂ ਦੁਖ ਸੁਖ ਭੋਗਦਾ ਫਿਰਦਾ ਹੈ।

ਤੀਸਰਾ ਰੋਗ ਜਿਸਨੂੰ ਮਨ ਦੀ ਟੀ.ਬੀ. ਆਖਦੇ ਹਨ, ਉਹ ਤ੍ਰਿਸ਼ਨਾ ਦਾ ਰੋਗ ਹੈ ਜਿਸ ਦੇ ਵਿਚ ਇਕ ਵਿਰਲੇ ਨੂੰ ਛੱਡ ਕੇ ਸਾਰੇ ਪੜ੍ਹੇ ਲਿਖੇ, ਕਰਮ-ਕਾਂਡੀ, ਧਰਮਾਂ ਦੇ ਠੇਕੇਦਾਰ ਅਤੇ ਅਖੌਤੀ ਬੁਧੀਜੀਵੀ ਸਭ ਜਲ ਰਹੇ ਹਨ ਅਤੇ ਅਗਿਆਨ ਵਸ ਹੋਏ ਹੋਏ ਤਿਸ਼ਨਾ ਦੀ ਅਗਨ ਨਾਲ ਸੜਦੇ ਹੋਏ ਭੀ ਹੋਰ-ਹੋਰ ਧੰਨ ਦੀ, ਪਦਾਰਥਾਂ ਦੀ ਲੋਚਾ ਲਾਈ ਰਖਦੇ ਹਨ ਅਤੇ ਤ੍ਰਿਸ਼ਨਾ ਦੀ ਅਗਨ ਵਿਚ ਹਰ ਵਾਰੀ ਜਨਮ ਧਾਰ ਕੇ ਜਲਦੇ ਰਹਿੰਦੇ ਹਨ। ਗੁਰਬਾਣੀ ਦਾ ਫੁਰਮਾਨ ਹੈ –

***ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥***
***ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥***
***ਪਰੈ ਪਰੈ ਹੀ ਕਉ ਲੁਝੀ ਹੇ॥*** ***ਪੰਨਾ – 213***

ਇਸ ਰੋਗ ਨੂੰ ਟੀ.ਬੀ. ਦੀ ਤੁਲਨਾ ਦਿਤੀ ਜਾਂਦੀ ਹੈ। ਇਸ ਤੋਂ ਵੀ ਭਿਆਨਕ ਇਕ ਹੋਰ ਰੋਗ ਨਿੰਦਿਆ ਹੈ ਜਿਸਨੂੰ ਬਮਨ (ਉਲਟੀਆਂ) ਦਾ ਰੋਗ ਕਿਹਾ ਜਾਂਦਾ ਹੈ। ਨਿੰਦਕ ਦਾ ਸੁਭਾਅ ਹਰ ਵਕਤ ਨਿੰਦਿਆ ਕਰਨ ਦਾ ਹੋਇਆ ਕਰਦਾ ਹੈ। ਇਹ ਜਾਣਦਾ ਹੋਇਆ ਕਿ ਇਸਦੇ ਬਹੁਤ ਮਾੜੇ ਨਤੀਜੇ ਹਨ, ਫਿਰ ਵੀ ਇਹ ਜੀਵ, ਨਿੰਦਿਆ ਵਿਚ ਗੁਲਤਾਨ ਰਹਿੰਦਾ ਹੈ ਅਤੇ ਸੰਤ ਜਨਾਂ, ਮਹਾਂਪੁਰਸ਼ਾਂ ਦੀ ਨਿੰਦਿਆ ਇਹ ਅਕਾਰਨ ਹੀ ਕਰਦਾ ਰਹਿੰਦਾ ਹੈ। ਨਿੰਦਾ ਕਰਨ ਵਾਲਾ ਦੂਸਰੇ ਦੇ ਮਲਮੂਤਰ ਰੂਪ ਔਗੁਣਾਂ ਨੂੰ ਮੂੰਹ ਨਾਲ ਸਾਫ ਕਰਿਆ ਕਰਦਾ ਹੈ। ਇਹ ਨਿੰਦਕ ਪੁਰਖ ਕਿੰਨਾ ਵੀ ਦਾਨ-ਪੁੰਨ ਕਰ ਲਵੇ, ਸੇਵਾ ਕਰ ਲਵੇ, ਖੂਹ ਲਵਾ ਦੇਵੇ, ਤਲਾਬ ਲਵਾ ਦੇਵੇ, ਜ਼ਮੀਨ ਸਤਿਸੰਗ ਵਾਸਤੇ, ਹਸਪਤਾਲਾਂ ਵਾਸਤੇ, ਸਕੂਲਾਂ ਵਾਸਤੇ ਦਾਨ ਕਰ ਦੇਵੇ, ਬੇਅੰਤ ਪੁੰਨ ਦਾਨ ਕਰ ਦੇਵੇ; ਜੇ ਸਾਰੇ ਕੰਮ ਨੇਕ ਕਰਕੇ ਇਕ ਵਾਰੀ ਨਿੰਦਿਆ ਕਰ ਦੇਵੇ ਤਾਂ ਸਾਰਾ ਕੁਝ ਬਿਰਥਾ ਚਲਿਆ ਜਾਇਆ ਕਰਦਾ ਹੈ। ਜਿਸ ਤਰ੍ਹਾਂ ਦੇ ਨਾਲ ਅਸੀਂ ਕ੍ਰੋੜਾਂ ਅਰਬਾਂ ਦੀਆਂ ਰਕਮਾਂ ਨੂੰ ਸੈਂਕੜੇ ਰਕਮਾਂ ਨਾਲ ਗੁਣਾਂ ਕਰਦੇ ਰਹੀਏ ਅਤੇ ਅੰਤ ਵਿਚ ਜ਼ੀਰੋ ਨਾਲ ਗੁਣਾਂ ਕਰ ਦੇਈਏ ਤਾਂ ਜ਼ੀਰੋ (Zero) ਬਣ ਜਾਇਆ ਕਰਦਾ ਹੈ। ਫੁਰਮਾਨ ਹੈ–

***ਜੇ ਓਹੁ ਅਠਸਠਿ ਤੀਰਥ ਨਾਵੈ॥***

*ਜੇ ਓਹੁ ਦੁਆਦਸ ਸਿਲਾ ਪੂਜਾਵੈ॥*
*ਜੇ ਓਹੁ ਕੂਪ ਤਟਾ ਦੇਵਾਵੈ॥*
*ਕਰੈ ਨਿੰਦ ਸਭ ਬਿਰਥਾ ਜਾਵੈ॥*
*ਸਾਧ ਕਾ ਨਿੰਦਕੁ ਕੈਸੇ ਤਰੈ॥*
*ਸਰਪਰ ਜਾਨਹੁ ਨਰਕ ਹੀ ਪਰੈ॥*
*ਜੇ ਓਹੁ ਗ੍ਰਹਨ ਕਰੈ ਕੁਲਖੇਤਿ॥*
*ਅਰਪੈ ਨਾਰਿ ਸੀਗਾਰ ਸਮੇਤਿ॥*
*ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ॥*
*ਕਰੈ ਨਿੰਦ ਕਵਨੈ ਨਹੀ ਗੁਨੈ॥*
*ਜੇ ਓਹੁ ਅਨਿਕ ਪ੍ਰਸਾਦ ਕਰਾਵੈ॥*
*ਭੂਮਿ ਦਾਨ ਸੋਭਾ ਮੰਡਪਿ ਪਾਵੈ॥*
*ਅਪਨਾ ਬਿਗਾਰਿ ਬਿਰਾਂਨਾ ਸਾਂਢੈ॥*
*ਕਰੈ ਨਿੰਦ ਬਹੁ ਜੋਨੀ ਹਾਂਢੈ॥*
*ਨਿੰਦਾ ਕਹਾ ਕਰਹੁ ਸੰਸਾਰਾ॥*
*ਨਿੰਦਕ ਕਾ ਪਰਗਟਿ ਪਾਹਾਰਾ॥*
*ਨਿੰਦਕੁ ਸੋਧਿ ਸਾਧਿ ਬੀਚਾਰਿਆ॥*
*ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ॥*

*ਪੰਨਾ - 875*

ਨਿੰਦਕ ਬਾਰੇ ਐਸਾ ਭੀ ਫੁਰਮਾਨ ਹੈ ਕਿ ਇਹ ਮੂਰਖ ਪੁਰਸ਼ ਬਿਨਾਂ ਕੋਈ ਮਜੂਰੀ ਲਏ ਦੂਸਰਿਆਂ ਦੀ ਮੈਲ ਧੋਂਦਾ ਰਹਿੰਦਾ ਹੈ। ਇਸਦੇ ਨਤੀਜੇ ਬੜੇ ਭਿਆਨਕ ਹਨ। ਸਾਰਾ ਜਪ, ਤਪ ਨਸ਼ਟ ਹੋ ਜਾਂਦਾ ਹੈ ਅਤੇ ਨਰਕ ਘੋਰ ਵਿਚ ਵਾਸਾ ਪਾਉਂਦਾ ਹੈ -

*ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥*

*ਪੰਨਾ - 755*

ਇਸੇ ਤਰ੍ਹਾਂ ਚੁਗਲੀ, ਈਰਖਾ ਵਰਗੇ ਮਾਨਸਿਕ ਰੋਗ ਹਨ। ਇਸ ਮਨ ਵਿਚ ਬਹੁਤ ਹੀ ਭਿਆਨਕ ਕੀਟਾਣੂ ਪੰਜ ਚੋਰਾਂ - ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ; ਰਾਜ, ਮਾਲ, ਰੂਪ, ਜਾਤ, ਜੋਬਨ ਪੰਜੇ ਠੱਗ; ਪੰਜ ਵਿਸ਼ੇ - ਸ਼ਬਦ, ਸਪਰਸ਼, ਰੂਪ, ਰਸ, ਗੰਧ; ਆਸ਼ਾ, ਤ੍ਰਿਸ਼ਨਾਂ ਦੀਆਂ ਡੈਣਾਂ ਘਰ ਪਾਈਂ ਬੈਠੀਆਂ ਹਨ। ਸੋ ਵੈਦ ਜੀ ਇਹ ਸਾਰਾ ਸੰਸਾਰ ਇਨ੍ਹਾਂ ਰੋਗਾਂ ਕਰਕੇ ਪੀੜ੍ਹਤ ਹੈ। ਸੰਸਾਰ ਵਿਚ ਕੇਵਲ ਸਤਿਗੁਰੂ, ਪੂਰਨ ਮਹਾਂਪੁਰਸ਼, ਆਰਫ, ਬ੍ਰਹਮਗਿਆਨੀ ਇਸ ਰੋਗ ਤੋਂ ਰਹਿਤ ਹਨ।

ਐਨੇ ਬਚਨ ਸੁਣ ਕੇ ਵੈਦ ਜੀ ਨੇ ਪੂਰੀ ਸ਼ਰਧਾ ਨਾਲ ਚਰਨੀਂ ਨਮਸਕਾਰ ਕਰਕੇ ਪੁਛਿਆ, "ਹੇ ਗੁਰਦੇਵ! ਆਪ ਇਸ ਸਰੀਰ ਵਿਚ ਸ਼ਾਖਸ਼ਾਤ ਪ੍ਰਮਾਤਮਾ ਦਾ ਰੂਪ ਪ੍ਰਗਟ ਹੋਏ ਹੋਂ, ਆਪ ਨੇ ਕਲਿਆਣ ਕਰਨੀ ਹੈ ਕ੍ਰਿਪਾ ਕਰਕੇ ਮੈਨੂੰ ਇਨ੍ਹਾਂ ਰੋਗਾਂ ਦੀ ਦਵਾਈ ਦੱਸੋ।" ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਜਿਸ ਵਾਹਿਗੁਰੂ ਨੇ ਸ੍ਰਿਸ਼ਟੀ ਸਾਜੀ ਹੈ, ਉਸਨੇ ਇਨ੍ਹਾਂ ਰੋਗਾਂ ਦੀ ਦਵਾਈ ਇਸ ਸਰੀਰ ਵਿਚ ਸਥਾਪਿਤ ਕੀਤੀ ਹੈ। ਉਹ ਹੈ ਪ੍ਰਭੂ ਦਾ 'ਨਾਮ' ਜਿਸ ਦੇ ਬਾਰੇ ਗੁਰਬਾਣੀ ਵਿਚ ਇਸ ਤਰ੍ਹਾਂ ਫੁਰਮਾਨ ਹੋਇਆ ਹੈ-

*ਲਲਾ ਲਾਵਉ ਅਉਖਧ ਜਾਹੂ॥*
*ਦੂਖ ਦਰਦ ਤਿਹ ਮਿਟਹਿ ਖਿਨਾਹੂ॥*
*ਨਾਮ ਅਉਖਧੁ ਜਿਹ ਰਿਦੈ ਹਿਤਾਵੈ॥*
*ਤਾਹਿ ਰੋਗੁ ਸੁਪਨੈ ਨਹੀ ਆਵੈ॥*
*ਹਰਿ ਅਉਖਧੁ ਸਭ ਘਟ ਹੈ ਭਾਈ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ॥*
*ਗੁਰਿ ਪੂਰੈ ਸੰਜਮੁ ਕਰਿ ਦੀਆ॥*
*ਨਾਨਕ ਤਉ ਫਿਰਿ ਦੂਖ ਨ ਥੀਆ॥ ਪੰਨਾ - 259*

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥ ਪੰਨਾ - 293*

ਵੈਦ ਨੇ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਕ੍ਰਿਪਾ ਕਰਕੇ ਮੈਨੂੰ ਇਹ ਦਾਰੂ ਬਖਸ਼ੋ ਤਾਂ ਕਿ ਮੈਂ ਅਰੋਗ ਹੋ ਕੇ ਆਪਣੇ ਪ੍ਰੇਮ ਮਨੋਰਥ ਨੂੰ ਪ੍ਰਾਪਤ ਹੋ ਸਕਾਂ। ਗੁਰੂ ਮਹਾਰਾਜ ਜੀ ਨੇ ਵੈਦ ਤੇ ਕ੍ਰਿਪਾ ਕਰਕੇ ਪੂਰਨ ਬ੍ਰਹਮ ਸ਼ਾਖਸ਼ਾਤ ਕਰਾ ਕੇ ਨਾਮ ਮੰਡਲ ਦਾ ਵਾਸੀ ਬਣਾ ਦਿਤਾ। ਇਸੇ ਤਰ੍ਹਾਂ ਨਾਲ ਗੁਰੂ ਨਾਨਕ ਪਾਤਸ਼ਾਹ ਦੇ ਜੀਵਨ ਵਿਚ ਛੋਟੀਆਂ-ਛੋਟੀਆਂ ਘਟਨਾਵਾਂ ਤੋਂ ਬਹੁਤ ਵੱਡੇ ਸਬਕ ਮਿਲਦੇ ਹਨ। ਗੁਰਬਾਣੀ ਵਿਚ ਆਉਂਦਾ ਹੈ-

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥*
*ਸਾਵਧਾਨ ਏਕਾਗਰ ਚੀਤ॥ ਪੰਨਾ - 295*

ਵਾਹਿਗੁਰੂ ਦਾ ਨਾਮ ਜਦੋਂ ਤਕ ਸਾਵਧਾਨ ਅਤੇ ਇਕਾਗਰ ਚਿਤ ਹੋ ਕੇ ਨਹੀਂ ਜਪਿਆ ਜਾਂਦਾ, ਉਨੀਂ ਦੇਰ ਤਕ ਮਨ ਦੀ ਗੈਰ-ਹਾਜ਼ਰੀ, ਸਾਡੀ ਇਬਾਦਤ, ਸਾਡੀ ਭਜਨ ਬੰਦਗੀ ਨੂੰ ਪ੍ਰਵਾਨ ਨਹੀਂ ਹੋਣ ਦਿੰਦੀ। ਗੁਰੂ ਨਾਨਕ ਪਾਤਸ਼ਾਹ ਵੇਈ ਨਦੀ ਵਿਚ ਟੁੱਭੀ ਲਾ ਕੇ ਸੰਸਾਰ ਨੂੰ ਦਸਦੇ ਹਨ -

*ਮੁਖ ਤੇ ਭਾਖਹਿਂ ਸਤਿਗੁਰ ਬੈਨਾ।*
*'ਨਹਿਂ ਹਿੰਦੁ ਕੋ ਤੁਰਕ ਨ ਹੈਨਾ।*
*ਜਗ ਮਹਿਂ ਹਿੰਦੂ ਤੁਰਕ ਨ ਕੋਊ।*
*ਝੂਠੇ ਨਾਮ ਧਰਵਹਿਂ ਦੋਊ॥*

*ਸ੍ਰੀ ਗੁ. ਪ੍ਰ. ਸੂਰਜ ਗ੍ਰੰਥ (ਪੰਨਾ - 384)*

ਇਹ ਗੱਲ ਸੁਣ ਕੇ ਨਵਾਬ ਨੇ ਗੁਰੂ ਨਾਨਕ ਨੂੰ ਬੁਲਾ ਕੇ ਪੁਛਿਆ ਤਾਂ ਗੁਰੂ ਮਹਾਰਾਜ ਨੇ ਦਸਿਆ ਕਿ ਦੋਹਾਂ ਵਿਚੋਂ ਆਪਣੇ ਅਸੂਲਾਂ ਮੁਤਾਬਿਕ ਕੋਈ ਵੀ ਨਹੀਂ ਚਲ ਰਿਹਾ। ਨਵਾਬ ਦੌਲਤ ਖਾਨ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਮਸੀਤ ਵਿਚ ਆਪਣੇ ਨਾਲ ਨਮਾਜ਼ ਪੜ੍ਹਨ ਲਈ ਬੇਨਤੀ ਕੀਤੀ। ਗੁਰੂ ਮਹਾਰਾਜ ਜੀ ਚਲੇ ਗਏ ਪਰ ਨਮਾਜ਼ ਨਾ ਪੜ੍ਹੀ। ਨਮਾਜ਼ ਪੜ੍ਹਨ ਪਿਛੋਂ ਨਵਾਬ ਤੇ ਕਾਜ਼ੀ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਪੁਛਿਆ ਕਿ ਤੁਸੀਂ ਅਸਾਡੇ ਨਾਲ ਆ ਕੇ ਨਮਾਜ਼ ਕਿਉਂ ਨਹੀਂ ਪੜ੍ਹੀ? ਗੁਰੂ ਮਹਾਰਾਜ ਜੀ ਨੇ ਕਿਹਾ ਕਿ ਨਵਾਬ ਦੌਲਤ ਖਾਨ! ਤੇਰਾ ਮਨ ਨਮਾਜ਼ ਪੜ੍ਹਨ ਸਮੇਂ ਇਸ ਸਰੀਰ ਵਿਚੋਂ

ਨਿਕਲ ਗਿਆ ਸੀ ਅਤੇ ਕੰਧਾਰ ਵਿਚ ਘੋੜੇ ਖਰੀਦ ਰਿਹਾ ਸੀ। ਕਾਜ਼ੀ ਵਲ ਦੇਖ ਕੇ ਕਿਹਾ ਕਿ ਤੂੰ ਘਰ ਵਿਚ ਖੱਡੇ ਵਿਚ ਵਛੇਰੀ ਨੂੰ ਗਿਰਨ ਤੋਂ ਬਚਾਉਣ ਵਾਸਤੇ ਉਥੇ ਖੜ੍ਹਾ ਵਛੇਰੀ ਮੋੜਦਾ ਰਿਹਾ। ਮੈਂ ਨਮਾਜ਼ ਕਿਸ ਨਾਲ ਪੜ੍ਹਦਾ ਤਾਂ ਨਵਾਬ ਨੇ ਮਹਾਰਾਜ ਜੀ ਨੂੰ ਪੁਛਿਆ ਕਿ ਮਨ ਕਿਉਂ ਨਹੀਂ ਟਿਕਦਾ? ਗੁਰੂ ਮਹਾਰਾਜ ਜੀ ਨੇ ਦਸਿਆ ਕਿ ਮਨ ਪਾਰੇ ਦੀ ਨਿਆਈਂ ਹੋਣ ਕਰਕੇ ਵਾਸ਼ਨਾ ਦੇ ਵੇਗ ਨਾਲ ਸਦਾ ਹੀ ਹਿਲਦਾ ਰਹਿੰਦਾ ਹੈ, ਜਦੋਂ ਤਕ ਇਹ ਗੁਰੂ ਦੇ ਸ਼ਬਦ ਨਾਲ ਨਾ ਲੱਗੇ, ਉਨਾਂ ਚਿਰ ਇਹ ਟਿਕਿਆ ਨਹੀਂ ਕਰਦਾ। ਸਮਰੱਥ ਗੁਰੂ ਦਾ ਦਿਤਾ ਹੋਇਆ ਸ਼ਬਦ ਰੋਮ-ਰੋਮ ਵਿਚ ਪ੍ਰਵੇਸ਼ ਕਰ ਜਾਂਦਾ ਹੈ ਅਤੇ ਇਹ ਮਨ ਉਸ ਮਹਾਨ ਅੰਮ੍ਰਿਤ ਰਸ ਵਿਚ ਲੀਨ ਹੋ ਕੇ ਕਿਤੇ ਵੀ ਨਹੀਂ ਜਾਇਆ ਕਰਦਾ। ਮਨ ਦੀ ਗੈਰਹਾਜ਼ਰੀ ਦਾ ਕੀਤਾ ਹੋਇਆ ਭਜਨ ਪ੍ਰਵਾਨ ਨਹੀਂ ਹੋਇਆ ਕਰਦਾ। ਨਵਾਬ ਦੇ ਬੇਨਤੀ ਕਰਨ ਤੇ ਗੁਰੂ ਮਹਾਰਾਜ ਜੀ ਨੇ ਸ਼ਬਦ ਦੀ ਦਾਤ ਬਖਸ਼ੀ ਅਤੇ ਉਸਨੂੰ ਨਾਮ ਦੇ ਮੰਡਲ ਵਿਚ ਪ੍ਰਵੇਸ਼ ਕਰਾਇਆ।

ਗੁਰੂ ਨਾਨਕ ਪਾਤਸ਼ਾਹ ਨੇ ਜਿਥੇ ਤਕ ਪ੍ਰਿਥਵੀ ਉਪਰ ਅਬਾਦੀ ਸੀ, ਭ੍ਰਮਣ ਕੀਤਾ ਅਤੇ ਗੁਰਮਤਿ ਬਾਰੇ ਜਾਣਕਾਰੀ ਦੇ ਕੇ ਬੇਅੰਤ ਰੁਕੇ ਹੋਏ ਜਗਿਆਸੂਆਂ, ਪੀਰਾਂ, ਫਕੀਰਾਂ, ਸਾਧੂਆਂ, ਮਹਾਤਮਾ ਨੂੰ ਸੱਚੇ ਰਸਤੇ ਤੇ ਪਾਇਆ। ਜਦੋਂ ਆਪ ਜੀ ਸੁਮੇਰ ਪ੍ਰਬਤ ਤੇ ਗਏ ਉਥੇ ਗੋਰਖ ਆਦਿ ਚੌਰਾਸੀ ਸਿੱਧ ਜਿਹੜੇ ਪ੍ਰਾਣਾਯਾਮ ਦੇ ਬਲ ਕਰਕੇ ਲੰਮੀਆਂ ਸਮਾਧੀਆਂ ਵਿਚ ਸਵਾਸ ਰੱਖ ਕੇ ਉਮਰਾਂ ਵਧਾ ਰਹੇ ਸਨ ਅਤੇ ਸ਼ਕਤੀਆਂ ਦਾ ਪ੍ਰਯੋਗ ਕਰਕੇ ਲੋਕਾਂ ਨੂੰ ਦਿਖਾ ਰਹੇ ਸਨ। ਜਦੋਂ ਗੁਰੂ ਮਹਾਰਾਜ ਜੀ ਉਨ੍ਹਾਂ ਨੂੰ ਮਿਲੇ ਤਾਂ ਉਨ੍ਹਾਂ ਨੇ ਗੁਰੂ ਮਹਾਰਾਜ ਜੀ ਨਾਲ ਹੱਠ ਯੋਗ ਦੀਆਂ ਪ੍ਰਾਪਤੀਆਂ ਬਾਰੇ ਗੱਲਬਾਤ ਕਰਕੇ ਗੁਰੂ ਮਹਾਰਾਜ ਜੀ ਨੂੰ ਆਪਣੇ ਪੰਥ ਵਿਚ ਲਿਆਉਣ ਦਾ ਜਤਨ ਕਰਨ ਲੱਗੇ। ਗੁਰੂ ਨਾਨਕ ਪਾਤਸ਼ਾਹ ਨੂੰ ਇਕ ਚਿੱਪੀ ਦੇ ਕੇ ਕਿਹਾ ਕਿ ਔਹ ਸਾਹਮਣਿਓਂ ਹੇਠਾਂ ਤਾਲ ਵਿਚੋਂ ਇਕ ਚਿੱਪੀ ਪਾਣੀ ਦੀ ਭਰ ਲੈ ਆਓ। ਗੁਰੂ ਨਾਨਕ ਜੀ ਨੇ ਜਾ ਕੇ ਦੇਖਿਆ ਤਾਂ ਤਾਲ ਵਿਚ ਪਾਣੀ ਦੀ ਥਾਂ ਹੀਰੇ, ਜਵਾਹਰਾਤ, ਲਾਲ, ਨਗੀਨੇ ਅਨੇਕ ਪੱਥਰ ਝਿਲਮਿਲ-ਝਿਲਮਿਲ ਕਰ ਰਹੇ ਸਨ ਅਤੇ ਮਨ ਨੂੰ ਮੋਹ ਰਹੇ ਸਨ। ਗੁਰੂ ਨਾਨਕ ਵਾਪਸ ਆ ਗਏ ਤੇ ਕਿਹਾ, "ਨਾਥ ਜੀ! ਉਥੇ ਪਾਣੀ ਤਾਂ ਹੈ ਨਹੀਂ।" ਸਿਧਾਂ ਨੇ ਦੇਖਿਆ ਕਿ ਗੁਰੂ ਨਾਨਕ ਜੀ ਦੇ ਮਨ ਵਿਚ ਪਾਣੀ ਨੂੰ ਕੀਮਤੀ ਪੱਥਰਾਂ ਦੇ ਰੂਪ ਵਿਚ ਦੇਖ ਕੇ ਕੋਈ ਅਸਰ ਨਹੀਂ ਹੋਇਆ ਸਗਮਾਂ ਉਨ੍ਹਾਂ ਦੇ ਦਿਲ ਵਿਚ ਸਿਧਾਂ ਦੀ ਕਰਾਮਾਤੀ ਬਿਰਤੀ ਨੂੰ ਦੇਖ ਕੇ ਕੁਝ ਤਰਸ ਉਪਜ ਰਿਹਾ ਹੈ। ਗੋਰਖਨਾਥ ਨੇ ਕਿਹਾ ਕਿ ਹੇ ਨਾਨਕ! ਦੇਖ ਸਾਡੇ ਮੱਤ ਵਿਚ ਹੱਠ ਯੋਗ ਰਾਹੀਂ ਕਿੰਨੀਆਂ ਸ਼ਕਤੀਆਂ ਪ੍ਰਾਪਤ ਹੋ ਜਾਇਆ ਕਰਦੀਆਂ ਹਨ। ਅਸੀਂ ਧੋਤੀ, ਨੇਤੀ, ਬਸਤੀ, ਤ੍ਰਾਟਕ ਅਤੇ ਕਪਾਲਭਾਤੀ ਦੀਆਂ ਕ੍ਰਿਆ ਕਰਕੇ ਕਿੱਡੀਆਂ ਵੱਡੀਆਂ ਪ੍ਰਾਪਤੀਆਂ ਤੇ ਕਿੰਨੀਆਂ ਸ਼ਕਤੀਆਂ ਪ੍ਰਾਪਤ ਕਰ ਲੈਂਦੇ ਹਾਂ। ਅਸੀਂ ਯੋਗ ਬਲ ਨਾਲ ਸਵਾਸਾਂ ਰਾਹੀਂ ਭੁਜੰਗਾ ਨਾੜੀ ਨੂੰ ਮੂਲਾਧਾਰ ਚੱਕਰ ਤੋਂ ਪਿਛੇ ਹਟਾ ਕੇ ਕੁੰਡਲਨੀ ਜਾਗ੍ਰਤ ਕਰ ਲੈਂਦੇ ਹਾਂ। ਕੁੰਡਲਨੀ ਦੇ ਜਾਗ੍ਰਤ ਹੋਇਆਂ ਸਾਡੇ ਵਿਚ ਤਿੰਨਾਂ ਲੋਕਾਂ ਨੂੰ ਦੇਖਣ ਦੀ ਸ਼ਕਤੀ ਉਤਪੰਨ ਹੋ ਜਾਂਦੀ ਹੈ। ਅਸੀਂ ਦੇਵੀ ਦੇਵਤਿਆਂ ਦੀਆਂ ਗੁਪਤ ਕ੍ਰੀੜਾਂ ਨੂੰ ਵੇਖ ਸਕਦੇ ਹਾਂ। ਅਸਮਾਨ ਅਤੇ ਧਰਤੀ ਵਿਚੋਂ ਕੋਈ ਚੀਜ਼ ਐਸੀ ਨਹੀਂ ਜੋ ਸਾਡੀ ਦਿਬ ਦ੍ਰਿਸ਼ਟੀ ਤੋਂ ਲ੍ਹਾਂਬੇ ਰਹਿ ਸਕੇ। ਅਸੀਂ ਛੇਆਂ ਚੱਕਰਾਂ ਨੂੰ ਬੇਧ ਕੇ ਸਹੰਸਰਾਰ ਦਲ ਕਮਲ ਵਿਚ ਪ੍ਰਵੇਸ਼ ਕਰਕੇ ਅਨੇਕ ਰਿਧੀਆਂ-ਸਿਧੀਆਂ ਨੂੰ ਪ੍ਰਾਪਤ ਕਰਕੇ ਜੀਵਨ ਬਤੀਤ ਕਰ ਰਹੇ ਹਾਂ ਅਤੇ ਅੰਦਰਲੇ ਅੰਮ੍ਰਿਤ ਨੂੰ ਪੀ ਕੇ ਅਨੰਦ ਰਹਿੰਦੇ ਹਾਂ। ਤੈਂ ਦੇਖਿਆ ਹੀ ਹੈ ਇਕ ਫੁਰਨੇ ਨਾਲ ਹੀ ਅਸੀਂ ਪਾਣੀ ਨੂੰ ਹੀਰੇ, ਜਵਾਹਰਾਤ, ਲਾਲਾਂ ਵਿਚ ਬਦਲ ਦਿਤਾ। ਇਨ੍ਹਾਂ ਲਾਲਾਂ ਦਾ ਕੋਈ ਮੁਲ ਨਹੀਂ ਪਾ ਸਕਦਾ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਸਿਧੀਆਂ ਦੀ ਪ੍ਰਾਪਤੀ ਨੂੰ ਇਕ ਬੱਚਿਆਂ ਦਾ ਖੇਲ੍ਹ ਦਸਿਆ ਕਿਉਂਕਿ ਪਰਮਾਰਥੀ ਪੁਰਸ਼ਾਂ ਨੂੰ ਇਨ੍ਹਾਂ ਸ਼ਕਤੀਆਂ ਦੀ ਕੋਈ ਲੋੜ ਨਹੀਂ। ਇਹ ਮਾਇਆ ਦਾ ਇਕ ਰੂਪ ਹਨ ਜਿਸ ਨਾਲ ਹਉਮੈ ਦੀ ਆਖਰੀ ਕੰਧ ਨਹੀਂ ਟੁਟਦੀ ਅਤੇ ਜੀਵ ਵਾਹਿਗੁਰੂ ਤੋਂ ਵਿਛੜਿਆ ਰਹਿੰਦਾ ਹੈ। ਗੁਰੂ ਨਾਨਕ ਪਾਤਸ਼ਾਹ ਨੇ ਉਸ ਪਾਣੀ ਦੇ ਤਾਲ ਵਲ ਤੱਕਿਆ ਤਾਂ ਗੋਰਖਨਾਥ ਦੀ ਪਾਈ ਹੋਈ ਸਾਰੀ ਮਾਇਆ ਉਥੋਂ ਗੁੰਮ ਹੋ ਗਈ। ਗੋਰਖ ਨੇ ਦੇਖਿਆ ਕਿ ਨਾਨਕ ਕੋਈ ਪਰਮ ਪੁਰਖ ਹੈ, ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨਾਲ ਬਹੁਤ ਵਿਸਥਾਰ ਦੇ ਨਾਲ ਚਰਚਾ ਹੋਈ ਅਤੇ ਗੁਰੂ ਨਾਨਕ ਪਾਤਸ਼ਾਹ ਜੀ ਨੇ ਦਸਿਆ ਕਿ ਕਲਜੁਗ ਦੇ ਅੰਦਰ ਕੇਵਲ ਪ੍ਰਮੇਸ਼ਰ ਦਾ ਨਾਮ ਜਪਣਾ ਹੀ ਕਲਿਆਣਕਾਰੀ ਹੈ, ਨਾਮ ਦੇ ਮੁਕਾਬਲੇ ਉਪਰ ਕੋਈ ਸਾਧਨ ਨਹੀਂ ਪਹੁੰਚ ਸਕਦਾ। ਸਮਰੱਥ ਗੁਰੂ ਤੋਂ ਪ੍ਰਾਪਤ ਕੀਤਾ ਹੋਇਆ ਨਾਮ ਫਲੀਭੂਤ ਹੋ ਜਾਇਆ ਕਰਦਾ ਹੈ ਅਤੇ ਜਦੋਂ ਨਾਮ ਹਿਰਦੇ ਵਿਚ ਵਸ ਗਿਆ ਤਾਂ ਸਾਰੀਆਂ ਰਿਧੀਆਂ-ਸਿਧੀਆਂ ਉਸ ਗੁਰਮੁਖ ਪਿਆਰੇ ਦੇ ਪਿਛੇ ਲਗੀਆਂ ਫਿਰਦੀਆਂ ਹਨ। ਇਸ ਸਾਰੀ ਵਾਰਤਾ ਨੂੰ ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਦੇ 31ਵੇਂ ਅੰਗ ਵਿਚ ਲਿਖਿਆ ਹੈ -

***ਸਿਧੀਂ ਮਨੇ ਬਿਚਾਰਿਆ ਕਿਵੇਂ ਦਰਸਨ ਏਹ ਲੇਵੇ ਬਾਲਾ।***
***ਐਸਾ ਜੋਗੀ ਕਲੀ ਮਹਿੰ ਹਮਰੇ ਪੰਥ ਕਰੇ ਉਜਿਆਲਾ।***
***ਖੱਪਰ ਦਿਤਾ ਨਾਥ ਜੀ ਪਾਣੀ ਭਰ ਲੈਵਣ ਉਠ ਚਾਲਾ।***
***ਬਾਬਾ ਆਯਾ ਪਾਣੀਐ ਡਿਠੇ ਰਤਨ ਜਵਾਹਰ ਲਾਲਾ।***
***ਸਤਿਗੁਰ ਅਗਮ ਅਗਾਧ ਪੁਰਖ ਕੇਹੜਾ ਝੱਲੇ ਗੁਰੂ ਦੀ ਝਾਲਾ।***
***ਫਿਰ ਆਯਾ ਗੁਰ ਨਾਥ ਜੀ ਪਾਣੀ ਠਉੜ ਨਹੀ ਉਸ ਤਾਲਾ।***
***ਸ਼ਬਦ ਜਿਤੀ ਸਿਧ ਮੰਡਲੀ ਕੀਤੋਸੁ ਆਪਣਾ ਪੰਥ ਨਿਰਾਲਾ।***
***ਕਲਿਜੁਗ ਨਾਨਕ ਨਾਮ ਸੁਖਾਲਾ।***

***ਭਾਈ ਗੁਰਦਾਸ ਜੀ - ਵਾਰ, 1/31***

ਇਸੇ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਜੀ ਨੇ ਮੱਕੇ ਜਾ ਕੇ ਦੱਸਿਆ ਕਿ ਜਿਸ ਵਾਹਿਗੁਰੂ ਨੂੰ ਤੁਸੀਂ ਇਹ ਸਮਝਦੇ ਹੋ ਕਿ ਸਿਰਫ ਮੱਕੇ ਵਿਚ ਹੀ, ਰੱਬ ਦਾ ਵਾਸਾ ਹੈ, ਆਪ ਨੇ ਇਕ ਕੌਤਕ ਕੀਤਾ। ਮਹਿਰਾਬੇ ਵਲ ਪੈਰ ਕਰਕੇ ਲੇਟ ਗਏ। ਸਵੇਰੇ 'ਜੀਵਨ' ਨਾਮ ਦਾ ਪ੍ਰਬੰਧਕ ਆਇਆ ਉਸਨੇ ਗੁਰੂ ਨਾਨਕ

ਦੇ ਲੱਤ ਮਾਰ ਕਰ ਕਿਹਾ ਕਿ ਤੂੰ ਖੁਦਾਇ ਦੇ ਘਰ ਵਲ ਪੈਰ ਕਰਕੇ ਕਿਉਂ ਸੁੱਤਾ ਪਿਆ ਹੈਂ? ਗੁਰੂ ਨਾਨਕ ਜੀ ਨੇ ਕਿਹਾ ਕਿ ਮੈਨੂੰ ਇਸ ਗੱਲ ਦਾ ਨਹੀਂ ਸੀ ਪਤਾ ਕਿ ਖੁਦਾ ਕੇਵਲ ਮਹਿਰਾਬੇ ਵਲ ਹੈ; ਤੂੰ ਮੇਰੀਆਂ ਲੱਤਾਂ ਚੁਕ ਕੇ ਓਧਰ ਕਰ ਦੇ ਜਿਧਰ ਅੱਲਾਹ ਤਾਲਾ ਨਹੀਂ ਹੈ। ਉਸਨੇ ਗੁਰੂ ਨਾਨਕ ਦੀਆਂ ਲੱਤਾਂ ਫੜ ਕੇ ਘੁੰਮਾਈਆਂ, ਉਸਦੇ ਅੰਦਰ ਚਰਨ ਛੁੰਹਦੇ ਹੀ ਗਿਆਨ ਦਾ ਪ੍ਰਕਾਸ਼ ਹੋ ਗਿਆ। ਕੀ ਦੇਖਦਾ ਹੈ ਕਿ ਜਿਧਰ ਵੀ ਲੱਤਾਂ ਕਰਦਾ ਹੈ, ਉਧਰ ਹੀ ਮਹਿਰਾਬ ਨਜ਼ਰ ਆਉਂਦਾ ਹੈ। ਮੱਕੇ ਦੀ ਗੋਸ਼ਟ ਕਰਕੇ ਆਪ ਜੀ ਨੇ ਦਸਿਆ ਕਿ –

***ਬਾਬਾ ਆਖੇ ਹਾਜੀਆਂ ਸ਼ੁਭ ਅਮਲਾਂ ਬਾਝੋਂ ਦੋਵੇਂ ਰੋਈ।***
***ਹਿੰਦੂ ਮੁਸਲਮਾਨ ਦੋਇ ਦਰਗਹ ਅੰਦਰ ਲੈਨ ਨ ਢੋਈ।***
***ਭਾਈ ਗੁਰਦਾਸ ਜੀ, ਵਾਰ – 1/33***

ਉਨ੍ਹਾਂ ਦਾ ਇਹ ਭਰਮ ਸੀ ਕਿ ਖੁਦਾ ਇਸ ਮੰਦਰ ਵਿਚ ਨਿਵਾਸ ਕਰਦਾ ਹੈ ਅਤੇ ਦੂਜਾ ਇਹ ਕਿ ਇਸਲਾਮ ਹੀ ਸਭ ਮੱਤਾਂ ਨਾਲੋਂ ਸ਼੍ਰੇਸ਼ਟ ਹੈ, ਉਸ ਬਾਰੇ ਲੰਮੀ ਗੋਸ਼ਟ ਵਿਚ ਜਿਸਨੂੰ ਮੱਕੇ ਮਦੀਨੇ ਦੀ ਗੋਸ਼ਟ ਦਾ ਨਾਮ ਦਿਤਾ ਜਾਂਦਾ ਹੈ, ਵਿਚ ਦਸਿਆ ਕਿ ਅੱਲਾ ਤਾਲਾ ਹਰ ਘਟ ਵਿਚ ਵਿਆਪਕ ਹੈ। ਮੰਦਰ ਤੇ ਮਸਜਿਦਾਂ ਭਜਨ ਕਰਨ ਦੇ ਥਾਂ ਹਨ, ਸਤਿਕਾਰ ਯੋਗ ਤੇ ਪੂਜਣ ਜੋਗ ਹਨ ਪਰ ਵਾਹਿਗੁਰੂ ਜੀ ਕ੍ਰੋੜਾਂ ਬ੍ਰਹਿਮੰਡਾਂ ਦਾ ਮਾਲਕ ਸਦਾ ਹੀ ਆਪਣੇ ਸੰਸਾਰ ਵਿਚ ਅਖੰਡ ਜੋਤੀ ਦੇ ਰੂਪ ਵਿਚ ਰਮਿਆ ਰਹਿੰਦਾ ਹੈ, ਉਹ ਹਰ ਘਟ ਵਿਚ ਵਿਆਪਕ ਹੈ, ਉਹ ਕਿਸੇ ਖਾਸ ਮਜ਼ਹਬ, ਖਾਸ ਮੰਦਰ ਨਾਲ ਕੋਈ ਵਿਸ਼ੇਸ਼ ਸਬੰਧ ਨਹੀਂ ਰਖਦਾ। ਪ੍ਰਮੇਸ਼ਰ ਦੀ ਭਗਤੀ ਵਿਚ ਲਾ ਕੇ ਆਪ ਬਗਦਾਦ ਪਹੁੰਚਦੇ ਹਨ। ਉਥੇ ਦਸਤਗੀਰ ਪੀਰ ਨਾਲ ਲੰਮੀ ਚਰਚਾ ਹੋਈ ਅਤੇ ਦਸਿਆ ਕਿ ਵਾਹਿਗੁਰੂ ਜੀ ਦੀ ਕੁਦਰਤ ਦਾ ਕੋਈ ਪਾਰਾਵਾਰ ਨਹੀਂ ਪਾ ਸਕਦਾ। ਇਹ ਕਹਿਣਾ ਨਿਰਮੂਲ ਹੈ ਕਿ ਸੱਤ ਅਕਾਸ਼, ਸੱਤ ਪਤਾਲ ਤੋਂ ਵੱਧ ਕੁਝ ਵੀ ਨਹੀਂ ਹੈ। ਪੀਰ ਦੇ ਬੇਟੇ ਨੂੰ ਲੈ ਕੇ ਲੱਖਾਂ ਪਾਤਾਲ, ਲੱਖਾਂ ਅਕਾਸ਼ ਵਿਖਾਲ ਦਿਤੇ। ਭਾਈ ਗੁਰਦਾਸ ਜੀ ਨੇ ਇਸ ਵਾਰੇ ਇਉਂ ਲਿਖਿਆ ਹੈ –

***ਪੁੱਛੇ ਪੀਰ ਤਕਰਾਰ ਕਰ ਏਹ ਫਕੀਰ ਵਡਾ ਆਤਾਈ।***
***ਏਥੇ ਵਿਚ ਬਗਦਾਦ ਦੇ ਵਡੀ ਕਰਾਮਾਤ ਦਿਖਲਾਈ।***
***ਪਾਤਾਲਾਂ ਆਕਾਸ਼ ਲਖ ਓੜਕ ਭਾਲੀ ਖਬਰ ਸੁਣਾਈ।***
***ਫੇਰ ਦੁਰਾਇਣ ਦਸਤਗੀਰ ਅਸੀ ਭੀ ਵੇਖਾਂ ਜੋ ਤੁਹਿ ਪਾਈ।***
***ਨਾਲ ਲੀਤਾ ਬੇਟਾ ਪੀਰ ਦਾ ਅੱਖੀ ਮੀਟ ਗਿਆ ਹਵਾਈ।***
***ਲੱਖ ਅਕਾਸ਼ ਪਾਤਾਲ ਲੱਖ ਅੱਖ ਫਰਕ ਵਿਚ ਸਭ ਦਿਖਲਾਈ।***
***ਭਰ ਕਚਕੌਲ ਪ੍ਰਸ਼ਾਦ ਦਾ ਧੁਰੋਂ ਪਤਾਲੋਂ ਲਈ ਕੜਾਹੀ।***
***ਜਾਹਰ ਕਲਾ ਨ ਛਪੈ ਛਪਾਈ।।***
***ਭਾਈ ਗੁਰਦਾਸ ਜੀ, ਵਾਰ – 1/36***

ਗੁਰੂ ਨਾਨਕ ਪਾਤਸ਼ਾਹ ਨੇ ਭਾਈ ਗੁਰਦਾਸ ਜੀ ਦੇ ਮੁਤਾਬਿਕ–

***ਜੀਤੀ ਨਵ ਖੰਡ ਮੇਦਨੀ ਸਤਿਨਾਮ ਕਾ ਚੱਕ੍ਰ ਫਿਰਾਯਾ।***
***ਦੇਵ ਦਾਨੋ ਰਾਕਸ਼ ਦੈਤ ਸਭ ਚਿੱਤ ਗੁਪਤ ਸਭ ਚਰਨੀ ਲਾਯਾ।***
***ਇੰਦ੍ਰਾਸਨ ਅਪੱਛਰਾਂ ਰਾਗ ਰਾਗਨੀ ਮੰਗਲ ਗਾਯਾ।***
***ਭਯਾ ਅਨੰਦ ਜਗਤ ਵਿਚ ਕਲਿ ਤਾਰਨ ਗੁਰ ਨਾਨਕ ਆਯਾ।***
***ਹਿੰਦੂ ਮੁਸਲਮਾਨ ਨਿਵਾਯਾ।***
***ਭਾਈ ਗੁਰਦਾਸ ਜੀ, ਵਾਰ – 1/37***

ਅੰਤਲੇ ਸਮੇਂ ਵਿਚ ਗੁਰੂ ਨਾਨਕ ਪਾਤਸ਼ਾਹ ਨੇ ਕਰਤਾਰਪੁਰ ਸਤਿਸੰਗ ਦਾ ਮੰਡਲ ਕਾਇਮ ਕੀਤਾ ਅਤੇ ਆਪਣੀ ਜੋਤਿ, ਧਰਮ ਦਾ ਪੰਥ ਚਲਾਉਣ ਲਈ ਗੁਰੂ ਅੰਗਦ ਪਾਤਸ਼ਾਹ ਦੀ ਕਾਇਆਂ ਵਿਚ ਪ੍ਰਵੇਸ਼ ਕੀਤੀ।

***ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ।।***
***ਪੰਨਾ – 966***

ਮਾਨੋ ਗੁਰੂ ਨਾਨਕ ਪਾਤਸ਼ਾਹ ਨੇ ਆਪਣਾ ਰੂਪ ਬਦਲ ਗੁਰੂ ਅੰਗਦ ਪਾਤਸ਼ਾਹ ਜੀ ਦੇ ਰੂਪ ਵਿਚ ਪ੍ਰਗਟ ਕੀਤਾ। ਗੁਰੂ ਨਾਨਕ ਪਾਤਸ਼ਾਹ ਦੀ ਬਾਨੀ ਨੂੰ ਵਿਚਾਰਿਆਂ ਸੂਝਵਾਨ ਜਗਿਆਸੂਆਂ ਨੂੰ ਸੋਝੀ ਹੁੰਦੀ ਹੈ ਕਿ ਸਾਰਾ ਸੰਸਾਰ ੴ ਦਾ ਆਪਣਾ ਹੀ ਪਸਾਰਾ ਹੈ ਜਿਸ ਵਿਚ ਮਾਇਆ ਵੀ ਆਪ ਰਚੀ ਹੈ ਅਤੇ ਜੀਵ ਵੀ ਆਪ ਹੀ ਰਚਿਆ ਹੈ ਅਤੇ ਇਕੋ ਪ੍ਰਮੇਸ਼ਰ ਅਨੇਕਾਂ ਰੂਪਾਂ, ਰੰਗਾਂ ਵਿਚ ਵਰਤ ਕੇ ਪ੍ਰਗਟ ਪਹਾਰਾ ਜਾਪ ਰਿਹਾ ਹੈ। ਇਥੇ 'ਏਕੋ ਬ੍ਰਹਮ ਦੁਤੀਯ ਨਾਸਤਿ।।' ਦੇ ਸਿਧਾਂਤ ਨੂੰ ਪ੍ਰਗਟ ਕੀਤਾ ਅਤੇ ਫੁਰਮਾਨ ਆਇਆ ਹੈ –

***ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ।।***
***ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ।। ਪੰਨਾ – 1291***

ਸ੍ਰੀ ਆਸਾ ਜੀ ਦੀ ਵਾਰ ਵਿਚ ਆਪ ਫੁਰਮਾਨ ਕਰਦੇ ਹਨ–

***ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ।।***
***ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।।***
***ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ।।***
***ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ।।***
***ਕਰਿ ਆਸਣੁ ਡਿਠੋ ਚਾਉ।। ਪੰਨਾ – 463***

ਗੁਰੂ ਪੰਜਵੇਂ ਪਾਤਸ਼ਾਹ ਜੀ ਨੇ ਇਸ ਸਿਧਾਂਤ ਨੂੰ ਹੋਰ ਸਪਸ਼ਟ ਕੀਤਾ ਹੈ –

***ਸੋਧਤ ਸੋਧਤ ਸੋਧਤ ਸੀਝਿਆ।।***
***ਗੁਰ ਪ੍ਰਸਾਦਿ ਤਤੁ ਸਭੁ ਬੂਝਿਆ।।***
***ਜਬ ਦੇਖਉ ਤਬ ਸਭੁ ਕਿਛੁ ਮੂਲੁ।।***
***ਨਾਨਕ ਸੋ ਸੂਖਮੁ ਸੋਈ ਅਸਥੂਲੁ।। ਪੰਨਾ – 281***

ਇਸੇ ਤਰ੍ਹਾਂ ਨਾਲ ਦਸ਼ਮੇਸ਼ ਪਿਤਾ ਜੀ ਨੇ ਅਕਾਲ ਉਸਤਤਿ ਵਿਚ ਵਾਹਿਗੁਰੂ ਨੂੰ ਸਰਬ ਰੂਪ ਪ੍ਰੀਪੂਰਨ ਜਾਣ ਕੇ ਮਹਿਮਾ ਗਾਇਨ ਕੀਤੀ।

ਇਸ ਸੰਸਾਰ ਵਿਚ ਵਾਹਿਗੁਰੂ ਜੀ ਆਪ ਹੀ ਆਪਣੇ ਆਪ ਤੋਂ ਪਸਾਰਾ ਕਰਕੇ ਅਨੇਕ ਹੁੰਦੇ ਹੋਏ ਭੀ ਇਕੋ ਹੀ ਹਨ। ਗੁਰੂ ਦਸ਼ਮੇਸ਼ ਪਿਤਾ ਦੇ ਮੁਤਾਬਿਕ –

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ।।***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ।।***
***ਜਾਪੁ ਸਾਹਿਬ***

(ਬਾਕੀ ਪੰਨਾ 55 ਤੇ)

# ਭਗਵਤ ਗੀਤਾ ਦੀ ਚਿਰ ਸਥਾਈ ਆਤਮ ਵਿਦਿਆ

## PERENNIAL PSYCHOLOGY OF THE BHAGVAD GITA

***ਮੂਲ ਲੇਖਕ - ਡਾ. ਸਵਾਮੀ ਰਾਮ ਜੀ***

***ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ***

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ - 38 )*

32. ਹੇ ਅਰਜਨ! ਮੈਂ ਇਨ੍ਹਾਂ ਲੋਕਾਂ ਦਾ ਨਾਸ਼ ਕਰਨ ਵਾਲਾ ਮਹਾਂਕਾਲ ਹਾਂ। ਇਸ ਵੇਲੇ ਇਨ੍ਹਾਂ ਲੋਕਾਂ ਨੂੰ ਨਸ਼ਟ ਕਰਨ ਲਈ ਪ੍ਰਵਿਤ ਹੋਇਆ ਹਾਂ। ਇਸ ਲਈ ਪ੍ਰਤੀ ਪਕਸ਼ੀਆਂ ਅਤੇ ਸੈਨਾ ਵਿਚ ਸਥਿਤ ਹੋਏ ਜੋ ਯੋਧੇ ਹਨ ਇਹ ਸਭ ਤੇਰੇ ਬਿਨਾਂ, ਭੀ ਨਹੀਂ ਰਹਿਣਗੇ ਅਰਥਾਤ ਤੇਰੇ ਯੁੱਧ ਨਾ ਕਰਨ ਤੇ ਭੀ ਇਨ੍ਹਾਂ ਸਾਰਿਆਂ ਦਾ ਨਾਸ਼ ਹੋ ਜਾਵੇਗਾ।

33. ਇਸ ਕਰਕੇ ਤੂੰ ਖੜ੍ਹਾ ਹੋ, ਹਿੰਮਤ ਰੱਖ, ਜਸ ਲੈ ਆਪਣੇ ਵੈਰੀਆਂ ਨੂੰ ਜਿੱਤ ਕੇ ਇਸ ਵੱਡੇ ਰਾਜ ਨੂੰ ਭੋਗ। ਮੈਂ ਇਨ੍ਹਾਂ ਸਾਰਿਆਂ ਨੂੰ ਜਿੱਤ ਚੁਕਿਆ ਹਾਂ, ਤੂੰ ਕੇਵਲ ਇਕ ਨਾਮ ਮਾਤ੍ਰ ਹੀ ਇਨ੍ਹਾਂ ਨੂੰ ਮਾਰਨ ਦਾ ਕਾਰਨ ਬਣਨਾ ਹੈ।

34. ਦ੍ਰੋਣ, ਭੀਸ਼ਮ, ਜੈਦਰਥ, ਕਰਣ ਅਤੇ ਹੋਰ ਸਾਰੇ ਸੂਰਬੀਰ ਮੇਰੇ ਹੀ ਮਾਰੇ ਹੋਏ ਹਨ, ਤੂੰ ਨਿਰਭੈ ਹੋ ਕੇ ਯੁੱਧ ਕਰ, ਇਨ੍ਹਾਂ ਨੂੰ ਮਾਰ ਤੇ ਆਪਣੇ ਵੈਰੀਆਂ ਨੂੰ ਜਿੱਤ।

ਅਰਜਨ ਨੂੰ ਭਰੋਸਾ ਤਾਂ ਹੋ ਗਿਆ ਹੈ ਪਰ ਹਾਲੇ ਉਹ ਬੌਂਦਲਿਆ ਹੋਇਆ ਹੈ, ਜੋ ਕੁਝ ਉਸ ਨੇ ਦੇਖਿਆ ਹੈ, ਉਸ ਤੋਂ ਉਹ ਘਬਰਾ ਗਿਆ ਹੈ। ਉਹ ਚਾਹੁੰਦਾ ਹੈ ਕਿ ਕ੍ਰਿਸ਼ਨ ਜੀ ਉਸ ਦੀ ਘਬਰਾਹਟ ਦੂਰ ਕਰਨ, ਯੁੱਧ ਦੇ ਮੈਦਾਨ ਵਿਚ ਬਾਕੀਆਂ ਦੇ ਮਾਰੇ ਜਾਣ ਤੇ ਉਸ ਦੀ ਘਬਰਾਹਟ ਨੂੰ ਕ੍ਰਿਸ਼ਨ ਜੀ ਦੂਰ ਕਰਨ। ਕ੍ਰਿਸ਼ਨ ਜੀ ਉਸ ਨੂੰ ਦਸਦੇ ਹਨ ਕਿ ਪ੍ਰਮਾਤਮਾ ਦੀ ਸ਼ਕਤੀ ਨਾਲ ਸਾਰੇ ਹੀ ਇਕ ਵਾਰੀ ਖਤਮ ਵੀ ਹੋ ਸਕਦੇ ਹਨ ਤੇ ਸਾਰਿਆਂ ਨੂੰ ਉਹ ਆਪਣੇ ਅੰਦਰ ਸਮਾਅ ਵੀ ਸਕਦਾ ਹੈ, ਬਿਲਕੁਲ ਉਸ ਤਰ੍ਹਾਂ ਹੀ ਜਿਸ ਤਰ੍ਹਾਂ ਉਹ ਸਭ ਕੁਝ ਬਣਾ ਵੀ ਸਕਦਾ ਹੈ। ਉਸ ਦੀ ਖਤਮ ਕਰਨ ਦੀ ਸ਼ਕਤੀ ਨੂੰ ਗਲਤ ਨਹੀਂ ਸਮਝਣਾ ਚਾਹੀਦਾ, ਇਸ ਨੂੰ ਨਿਰਦੈਤਾ ਨਹੀਂ ਸਮਝਣਾ ਚਾਹੀਦਾ, ਪ੍ਰਮਾਤਮਾ ਤਾਂ ਦਿਆਲੂ ਹਨ, ਪਿਆਰ ਕਰਨ ਵਾਲੇ ਹਨ, ਉਹ ਤਾਂ ਆਪਣੇ ਬੱਚਿਆਂ ਨੂੰ ਇਕ ਪਿਆਰ ਕਰਨ ਵਾਲੀ ਮਾਂ ਦੀ ਤਰ੍ਹਾਂ ਹੀ ਹਨ ਜੇ ਕਿਤੇ ਸਰੀਰ ਤੇ ਫੋੜਾ ਹੋ ਜਾਵੇ ਤਾਂ ਉਹ ਹੀ ਮਾਂ ਡਾਕਟਰ ਕੋਲ ਲੈ ਕੇ ਜਾਂਦੀ ਹੈ ਤੇ ਉਸ ਨੂੰ ਕਟਾ ਕੇ ਕਢਾਉਂਦੀ ਹੈ, ਬੱਚੇ ਲਈ ਉਹ ਬਹੁਤ ਦੁਖਦਾਈ ਹੁੰਦਾ ਹੈ, ਬੱਚਾ ਦਰਦ ਨਾਲ ਰੋਂਦਾ ਵੀ ਹੈ ਪਰ ਪਿਆਰ ਕਰਨ ਵਾਲੀ ਮਾਂ ਜਾਣਦੀ ਹੈ ਜੇ ਇਸ ਨੂੰ ਕਢਾਇਆ ਨਾ ਗਿਆ ਤਾਂ ਇਸ ਦਾ ਜ਼ਹਿਰ ਸਾਰੇ ਸਰੀਰ ਵਿਚ ਫੈਲ ਜਾਵੇਗਾ। ਬਿਲਕੁਲ ਇਸ ਤਰ੍ਹਾਂ ਹੀ ਅਰਜਨ ਇਹ ਜਾਣਦਾ ਹੈ, ਜਿਹੜੀ ਸੈਨਾ ਉਸ ਦੇ ਅੱਗੇ ਖੜ੍ਹੀ ਹੈ ਉਹ ਬਿਲਕੁਲ ਨਿਆਂ ਦੇ ਵਿਰੁੱਧ ਹੈ, ਅਨਿਆਈ ਹੈ, ਜੇ ਇਸ ਸੈਨਾ ਨੂੰ ਖਤਮ ਨਾ ਕੀਤਾ ਗਿਆ ਤਾਂ ਅਨਿਆਇ ਤੇ ਗਲਤ ਤਰ੍ਹਾਂ ਦਾ ਹੀ ਰਾਜ ਹੋ ਜਾਵੇਗਾ ਜਿਸ ਨਾਲ ਸਾਰਾ ਦੇਸ਼ ਬਰਬਾਦ ਹੋ ਜਾਵੇਗਾ। ਕ੍ਰਿਸ਼ਨ ਜੀ ਅਰਜਨ ਨੂੰ ਕਹਿੰਦੇ ਹਨ, ਤੂੰ ਇਨ੍ਹਾਂ ਨੂੰ ਪਹਿਲਾਂ ਹੀ ਮ੍ਰਿਤਕ ਸਮਝ, ਤੂੰ ਦੇਖਿਆ ਨਹੀਂ, ਮੈਂ ਉਹ ਖਤਮ ਕਰ ਦਿਤੇ ਹਨ, ਮੈਂ ਆਪਣੀ ਸ਼ਕਤੀ ਨਾਲ ਉਹ ਬਰਬਾਦ ਕਰ ਦਿਤੇ ਹਨ, ਕੀ ਤੂੰ ਦੇਖਿਆ ਨਹੀਂ ਕਿਵੇਂ ਕਾਲ ਨੇ ਉਨ੍ਹਾਂ ਨੂੰ ਹੜੱਪ ਲਿਆ ਹੈ? ਸੰਸਾਰ ਦੀਆਂ ਸਾਰੀਆਂ ਵਸਤੂਆਂ ਨਾਸ਼ਵਾਨ ਹਨ, ਸਮੇਂ ਨਾਲ ਸਭ ਕੁਝ ਖਤਮ ਹੋ ਜਾਂਦਾ ਹੈ। ਇਸ ਕਰਕੇ ਅਰਜਨ! ਤੂੰ ਤਾਂ ਕੇਵਲ ਇਕ ਕਾਰਣ ਹੀ ਬਣ ਰਿਹਾ ਹੈਂ। ਡੱਟ ਕੇ ਲੜਾਈ ਕਰ, ਇਹ ਯੁੱਧ ਮੁਕਤੀ ਵਲ ਇਕ ਪਲਾਂਘ ਹੈ। ਤੂੰ ਆਪਣੇ ਜੀਵਨ ਦਾ ਮਨੋਰਥ ਪੂਰਾ ਕਰ ਤੇ ਧਰਮ ਦਾ ਰਾਜ ਸਥਾਪਤ ਕਰ। ਤੂੰ ਕੇਵਲ ਇਕ ਕਾਰਣ ਹੈਂ।

35. ਸੰਜੈ ਕਹਿਣ ਲੱਗਿਆ, ਕੇਸ਼ਵ ਦੇ ਇਹ ਬਚਨ ਸੁਣ ਕੇ ਮੁਕਟਧਾਰੀ ਅਰਜਨ ਹੱਥ ਜੋੜ ਕੇ ਕੰਬਦਾ ਹੋਇਆ, ਨਮਸ਼ਕਾਰ ਕਰਕੇ ਫਿਰ ਭੈ ਭੀਤ ਹੋਇਆ ਹੋਇਆ ਪ੍ਰਣਾਮ ਕਰਕੇ ਕ੍ਰਿਸ਼ਨ ਜੀ ਨੂੰ ਗਲਾ ਭਰੀ ਹੋਈ ਆਵਾਜ਼ ਨਾਲ ਬੋਲਿਆ।

36. ਹੇ ਰਿਸ਼ੀਕੇਸ਼! ਇਹ ਸਭ ਜਗਤ ਠੀਕ ਆਪ ਦਾ ਜਸ ਗਾਉਂਦਾ ਹੈ, ਖੁਸ਼ੀ ਤੇ ਅਨੰਦ ਪ੍ਰਾਪਤ ਕਰਦਾ ਹੈ, ਰਾਖਸ਼ਸ਼ ਭੈ ਭੀਤ ਹੋ ਕੇ ਪਾਸਿਆਂ ਨੂੰ ਦੌੜ ਰਹੇ ਹਨ ਤੇ ਸਭ ਸਿਸ਼ ਆਪ ਨੂੰ ਨਮਸ਼ਕਾਰ ਰਹੇ ਹਨ।

37. ਹੇ ਮਹਾਤਮਨ! ਹੇ ਅਨੰਤ! ਹੇ ਦੇਵੇਸ਼! ਹੇ ਜਗਤ ਦੇ ਆਸਰਾ, ਇਹ ਸਾਰੇ ਕਿਉਂ ਨਾ ਨਮਸ਼ਕਾਰ ਕਰਨ, ਆਪ ਤਾਂ ਬ੍ਰਹਮਾ ਤੋਂ ਵੀ ਪਰ੍ਹੇ ਹੋ, ਉਸ ਦੇ ਵੀ ਆਦਿ ਕਰਤਾ ਹੋ, ਜੋ ਸੱਤ ਅਸਤਿ ਅਰਥਾਤ ਸਚਿਦਾਨੰਦ ਬ੍ਰਹਮ ਹੈ ਉਹ ਆਪ ਹੀ ਹੋ।

38. ਹੇ ਪ੍ਰਭੂ! ਆਪ ਆਦਿ ਦੇਵ ਹੋ। ਪੁਰਖ ਸਨਾਤਮ ਹੋ, ਆਪ ਇਸ ਜਗਤ ਦੇ ਪਰਮ ਆਸਰਾ ਹੋ, ਗਿਆਤਾ ਅਤੇ ਜਾਨਣ ਯੋਗ ਹੋ, ਆਪ ਹੀ ਸਭ ਕੁਝ ਹੋ। ਆਪ ਹੀ ਪਰਮ ਧਾਮ ਹੋ ਅਤੇ ਇਹ ਸਾਰਾ ਵਿਸ਼ਵ ਆਪ ਦੇ ਅਨੰਤ ਰੂਪ ਵਿਚ ਪਰੀਪੂਰਨ ਹੈ।

39. ਵਾਯੂ, ਯਮਰਾਜ, ਅਗਨੀ, ਵਰੁਣ, ਚੰਦਰਮਾ, ਤਥਾ ਪਰਜਾ ਕੇ ਸੁਆਮੀ ਬ੍ਰਹਮਾ ਅਤੇ ਬ੍ਰਹਮਾ ਕੇ ਭੀ ਪਿਤਾ ਆਪ ਹੀ ਹੋ, ਆਪ ਨੂੰ ਹਜ਼ਾਰ ਬਾਰ ਨਮਸ਼ਕਾਰ ਹੈ, ਆਪ ਨੂੰ ਬਾਰ ਬਾਰ ਨਮਸ਼ਕਾਰ ਹੈ।

40. ਹੇ ਅਨੰਤ ਸਮਰਥਾ ਵਾਲੇ ਤੇ ਅਮਿਤ ਬਲ ਵਾਲੇ! ਹੇ ਸਰਵ! ਆਪ ਨੂੰ ਸਾਹਮਣਿਓਂ, ਪਿਛਿਓਂ ਤੇ ਚਾਰੋਂ ਪਾਸੇ ਤੋਂ ਨਮਸ਼ਕਾਰ ਹੈ। ਆਪ ਸਭ ਵਿਚ ਵਿਆਪਕ ਹੋ ਤੇ ਆਪ ਹੀ ਸਰਵ ਹੋ।

41. ਮੈਂ ਆਪ ਦੀ ਵਡਿਆਈ ਨਾ ਜਾਣਦਾ ਹੋਇਆ ਆਪਣਾ ਸਖਾ ਜਾਣ ਕੇ ਤੇ ਸਨੇਹ ਵਸ ਹੋ ਕੇ ਬੜੀ ਬੇਅਦਬੀ ਨਾਲ ਹੇ ਕ੍ਰਿਸ਼ਨ! ਹੇ ਯਾਦਵ! ਹੇ ਸਖਾ! ਕਹਿ ਕੇ ਆਪ ਜੀ ਨੂੰ ਸੰਬੋਧਨ ਕਰਦਾ ਰਿਹਾ ਹਾਂ।

42. ਹੇ ਅਚੁਤ, ਮੈਂ ਖੇਡਦਿਆਂ, ਸੌਂਦਿਆਂ, ਉਠਦਿਆਂ, ਬੈਠਦਿਆਂ, ਖਾਂਦਿਆ, ਪੀਂਦਿਆਂ ਜੋ ਆਪ ਦਾ ਅਨਾਦਰ ਕੀਤਾ ਹੈ, ਚਾਹੇ ਇਕੱਲਿਆ, ਚਾਹੇ ਦੂਸਰਿਆਂ ਦੇ ਸਾਮ੍ਹਣੇ, ਹੇ ਅਪਰਮੇਖ ਰੂਪ ਅਰਥਾਤ ਅਚਿੰਤ ਪ੍ਰਭਾਵ ਵਾਲੇ, ਮੈਂ ਆਪ ਤੋਂ ਉਸ ਦੀ ਖਿਮਾ ਮੰਗਦਾ ਹਾਂ।

43. ਆਪ ਇਸ ਚਰਾਚਰ ਜਗਤ ਦੇ ਪਿਤਾ ਹੋ, ਆਪ ਹੀ ਪੂਜਨੀਅ ਗੁਰੂ ਤੋਂ ਭੀ ਵੱਡੇ ਗੁਰੂ ਹੋ, ਤ੍ਰੈ ਲੋਕੀ ਵਿਚ ਆਪ ਜਿਹਾ ਕੋਈ ਨਹੀਂ, ਆਪ ਤੋਂ ਵੱਡਾ ਕੌਣ ਹੋ ਸਕਦਾ ਹੈ?

44. ਇਸ ਲਈ ਮੈਂ ਆਪ ਦੇ ਸਾਮ੍ਹਣੇ ਅਸ਼ਟਾਂਗ ਡੰਡਉਤ ਕਰਦਾ ਹਾਂ, ਮੇਰੇ ਤੇ ਕ੍ਰਿਪਾ ਕਰੋ, ਜਿਵੇਂ ਪਿਤਾ ਪੁੱਤਰ ਨਾਲ, ਮਿਤ੍ਰ ਮਿਤ੍ਰ ਨਾਲ, ਜਿਵੇਂ ਪਤੀ ਇਸਤਰੀ ਨਾਲ ਵਰਤਦਾ ਹੈ ਹੇ ਦੇਵ! ਤੁਸੀਂ ਮੇਰੇ ਨਾਲ ਉਸ ਤਰ੍ਹਾਂ ਹੀ ਵਰਤੋਂ।

45. ਮੈਂ ਉਹ ਦਰਸ਼ਨ ਕੀਤੇ ਹਨ ਜੋ ਸ਼ਾਇਦ ਹੀ ਕਿਸੇ ਦੇ ਨਸੀਬ ਹੋਣ। ਮੇਰਾ ਚਿੱਤ ਪ੍ਰਸੰਨ ਹੈ ਪਰ ਨਾਲ ਹੀ ਭੈ ਭੀਤ ਵੀ ਹੈ। ਹੇ ਦੇਵ! ਮੈਨੂੰ ਆਪਣਾ ਚਤੁਰਭੁਜ ਰੂਪ ਫੇਰ ਦਿਖਾਓ ਹੇ ਦੇਵੇਸ਼! ਹੇ ਜਗਨ ਨਿਵਾਸ! ਦਇਆ ਕਰੋ।

46. ਹੇ ਸਹਸਰ ਬਾਹੋ! ਹੇ ਵਿਸ਼ਵ ਮੂਰਤੇ! ਮੈਂ ਆਪ ਨੂੰ ਫਿਰ ਉਸੇ ਤਰ੍ਹਾਂ ਸਿਰ ਉਤੇ ਮੁਕਟ, ਹੱਥਾਂ ਵਿਚ ਗੱਦਾ ਤੇ ਚਕ੍ਰ ਧਾਰਨ ਕੀਤੇ ਹੋਏ ਦੇਖਣਾ ਚਾਹੁੰਦਾ ਹਾਂ, ਉਹੋ ਹੀ ਆਪਣਾ ਚਤੁਰਭੁਜ ਰੂਪ ਧਾਰਨ ਕਰੋ।

ਕ੍ਰਿਸ਼ਨ ਜੀ ਦੇ ਇਹ ਪ੍ਰਵਚਨ ਸੁਣ ਕੇ ਕਿ ਸ਼ਤਰੂ ਤਾਂ ਉਨ੍ਹਾਂ ਨੇ ਮਾਰ ਹੀ ਦਿਤੇ ਹਨ ਅਰਜਨ ਤਾਂ ਕੇਵਲ ਨਾਮ ਮਾਤ੍ਰ ਹੀ ਵਿਜੈ ਕਾਰਨ ਬਣੇਗਾ। ਅਰਜਨ ਸੋਚਦਾ ਹੈ ਕ੍ਰਿਸ਼ਨ ਜੀ ਨੇ ਉਸ ਲਈ ਐਨਾ ਕੁਝ ਕੀਤਾ ਹੈ, ਵਿਜੈ ਤਾਂ ਉਸ ਦੀ ਹੀ ਹੈ, ਉਹ ਉਸ ਨੂੰ ਵੀ ਮੰਨਣ ਨੂੰ ਤਿਆਰ ਨਹੀਂ। ਭੈ ਨਾਲ ਕੰਬਦੇ ਹੋਏ ਤੇ ਪੂਰੀ ਨਿਮਰਤਾ ਨਾਲ ਉਹ ਕ੍ਰਿਸ਼ਨ ਜੀ ਨੂੰ ਪ੍ਰਣਾਮ ਕਰਦਾ ਹੈ ਤੇ ਉਨ੍ਹਾਂ ਦੀ ਉਸਤਤੀ ਕਰਦਾ ਹੈ। ਭੈ ਨਾਲ ਕੰਬਣ ਤੋਂ ਭਾਵ ਹੈ ਜਦੋਂ ਤੁਹਾਨੂੰ ਆਪਣੀਆਂ ਕਮਜ਼ੋਰੀਆਂ ਦਾ ਪਤਾ ਲਗਦਾ ਹੈ, ਆਪਣੀਆਂ ਊਣਤਾਈਆਂ ਦਾ ਪਤਾ ਲਗਦਾ ਹੈ, ਪਹਿਲਾਂ ਮਨੁੱਖ ਉਨ੍ਹਾਂ ਤੋਂ ਮੁਕਰਦਾ ਹੈ, ਉਨ੍ਹਾਂ ਨੂੰ ਕਬੂਲਦਾ ਨਹੀਂ। ਜਦੋਂ ਉਨ੍ਹਾਂ ਨੂੰ ਮੰਨ ਲੈਂਦਾ ਹੈ, ਕਬੂਲ ਲੈਂਦਾ ਹੈ ਤਾਂ ਉਹ ਭਾਵੁਕ ਹੋ ਜਾਂਦਾ ਹੈ। ਉਹ ਆਪਣੀਆਂ ਊਣਤਾਈਆਂ ਬਾਰੇ ਜਾਣ ਜਾਂਦਾ ਹੈ, ਨਮਰ ਹੋ ਜਾਂਦਾ ਹੈ ਤੇ ਊਣਤਾਈਆਂ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਹੈ, ਇਹ ਸਭ ਕੁਝ ਸੰਜੈ ਧ੍ਰਿਤਰਾਸ਼ਟਰ ਨੂੰ ਦਸ ਰਿਹਾ ਹੈ।

ਇਕ ਸੱਚਾ ਯੋਗੀ ਤੇ ਸ਼ਰਧਾਲੂ ਸਦਾ ਹੀ ਪ੍ਰਭੂ ਦੇ ਗੁਣ ਗਾ ਕੇ ਖੁਸ਼ ਹੁੰਦਾ ਹੈ, ਉਹ ਸ਼ਰਧਾਲੂ ਹੁੰਦਾ ਹੈ ਤੇ ਪ੍ਰਮਾਤਮਾ ਦਾ ਹੀ ਸੋਚਦਾ ਹੈ। ਉਹ ਸਦਾ ਅਨੰਦ ਵਿਚ ਰਹਿੰਦਾ ਹੈ ਆਪਣੇ ਅਨੁਭਵਾਂ ਤੇ ਅਲੌਕਿਕ ਸੋਚ ਵਿਚ ਰਹਿੰਦਾ ਹੈ। ਪਾਪੀ ਪ੍ਰਮਾਤਮਾ ਨੂੰ ਜਾਨਣ ਦਾ ਯਤਨ ਹੀ ਨਹੀਂ ਕਰਦੇ, ਉਹ ਪ੍ਰਮਾਤਮਾ ਦੇ ਬਾਰੇ ਸੁਣਨਾ ਹੀ ਨਹੀਂ ਚਾਹੁੰਦੇ, ਉਹ ਤਾਂ ਆਪਣੇ ਆਪ ਨੂੰ ਹੀ ਪ੍ਰਮਾਤਮਾ ਸਮਝਦੇ ਹਨ ਉਹ ਸਤਿਸੰਗ ਵਿਚ ਨਹੀਂ ਆਉਂਦੇ। ਅੰਤ ਵਿਚ ਇਕ ਇਹੋ ਜਿਹਾ ਦਿਨ ਆਉਂਦਾ ਹੈ ਜਦੋਂ ਪਾਪੀ ਵੀ ਸੰਸਾਰਕ ਭੋਗ ਭੋਗ ਕੇ ਥੱਕ ਜਾਂਦੇ ਹਨ ਫੇਰ ਉਨ੍ਹਾਂ ਨੂੰ ਪ੍ਰਮਾਤਮਾ ਦੀ ਹੋਂਦ ਦੀ ਸੋਝੀ ਆਉਂਦੀ ਹੈ ਤੇ ਫੇਰ ਉਹ ਪ੍ਰਮਾਤਮਾ ਅੱਗੇ ਅਰਦਾਸ ਕਰਕੇ ਖਿਮਾ ਮੰਗਦੇ ਹਨ।

ਨਮਰ ਤੇ ਸੋਝੀ ਵਾਲੇ ਹੀ ਸੰਤਾਂ ਮਹਾਤਮਾ ਦੇ ਬਚਨਾਂ ਦਾ ਅਨੰਦ ਮਾਣਦੇ ਹਨ। ਜਿਹੜੇ ਸੂਝਵਾਨ ਹਨ, ਉਹ ਜਾਣਦੇ ਹਨ ਕਿ ਪ੍ਰਮਾਤਮਾ ਹੀ ਇਸ ਪੂਰੀ ਰਚਨਾ ਦਾ ਕਰਤਾ ਹੈ, ਗਿਆਨ ਦਾ ਸ੍ਰੋਤ ਹੈ, ਸਭ ਨੇ ਅੰਤ ਉਥੇ ਹੀ ਜਾਣਾ ਹੈ। ਉਸ ਦਾ ਹੀ ਸਾਰਾ ਪਸਾਰਾ ਹੈ, ਉਸ ਦੀਆਂ ਸ਼ਕਤੀਆਂ ਹੀ ਵੱਖ ਵੱਖ ਰੂਪ ਵਿਚ ਹਨ ਜਿਵੇਂ ਅਗਨੀ, ਵਾਯੂ, ਜੀਵਨ ਸ਼ਕਤੀ ਤੇ ਜੀਵਨ ਦੇ ਅਧਾਰ ਪ੍ਰਾਣ, ਉਸ ਪ੍ਰਮਾਤਮਾ ਦੇ ਵਸ ਵਿਚ ਹਨ, ਉਹ ਅਨੰਤ ਹੈ, ਉਸ ਦੇ ਅਨੰਤ ਆਕਾਰ ਹਨ, ਕੇਵਲ ਪ੍ਰਮਾਤਮਾ ਹੀ ਰੱਖਿਅਕ ਹੈ, ਉਹ ਗੁਰੂਆਂ ਦਾ ਗੁਰੂ ਹੈ ਉਸ ਦੀ ਸ਼ਾਨ ਉਸ ਦੀ ਹੈ, ਉਸ ਦੇ ਤੇਜ਼ ਦੇ ਬਰਾਬਰ ਕਿਸੇ ਦਾ ਤੇਜ਼ ਨਹੀਂ।

ਜਿਹੜੇ ਪ੍ਰਮਾਤਮਾ ਦੀ ਵਡਿਆਈ ਜਾਣਦੇ ਹਨ ਉਹ ਸਦਾ ਅਨੰਦ ਵਿਚ ਰਹਿੰਦੇ ਹਨ ਤੇ ਪ੍ਰਮਾਤਮਾ ਦੇ ਗੁਣ ਗਾਣ ਕਰਦੇ ਹਨ, ਥੋੜ੍ਹੇ ਜਿਹੇ ਵਡਭਾਗੇ ਹਨ ਜਿਹੜੇ ਪ੍ਰਮਾਤਮਾ ਨੂੰ ਪਿਆਰ ਕਰਦੇ ਹਨ, ਪਾਪੀ ਤਾਂ ਪਿਛੇ ਹੀ ਰਹਿੰਦੇ ਹਨ, ਜੀਵਨ ਦਾਨ ਦੇਣ ਵਾਲਾ ਅਤੇ ਸਾਰਾ ਵਿਸ਼ਵ ਦੇ ਰਚਨ ਵਾਲਾ ਆਪਣੇ ਆਪ ਵਿਚ ਸੰਪੂਰਨ ਹੈ, ਉਹ ਧੰਨਤਾ ਦੇ ਯੋਗ ਹੈ, ਰਿਸ਼ੀ ਧਾਰਮਕਤਾ ਦਾ ਮਾਰਗ ਅਪਣਾਉਂਦੇ ਹਨ, ਉਹ ਜਾਣਦੇ ਹਨ ਕਿ ਸਤਿ ਕੇਵਲ ਇਕ ਹੀ ਹੈ, ਦੂਸਰਾ ਕੋਈ ਹੈ ਹੀ ਨਹੀਂ।

ਜਦੋਂ ਮਨੁੱਖ ਇਹ ਜਾਣ ਜਾਂਦਾ ਹੈ ਕਿ ਭਿੰਨਤਾ ਵਿਚ ਏਕਤਾ ਹੈ ਤੇ ਇਹ ਵੀ ਕਿ ਸਤਿ ਕੇਵਲ ਇਕ ਹੀ ਹੈ, ਸਾਰੇ ਆਕਾਰ ਉਸ ਇਕ ਦਾ ਹੀ ਪ੍ਰਗਟਾਵਾ ਹਨ, ਫੇਰ ਸਾਰਿਆਂ ਦੀ ਸੇਵਾ ਕੇਵਲ ਉਸ ਇਕ ਦੀ ਸੇਵਾ ਹੀ ਬਣ ਜਾਂਦੀ ਹੈ, ਆਪਣੀ ਸੇਵਾ ਬਣ ਜਾਂਦੀ ਹੈ, ਦੂਸਰਿਆਂ ਨਾਲ ਪਿਆਰ, ਆਪਣੇ ਨਾਲ ਪਿਆਰ ਬਣ ਜਾਂਦਾ ਹੈ, ਇਸੇ ਅਸੂਲ ਤੇ ਮਨੁੱਖਤਾ ਦੇ ਧਰਮ ਦਾ ਆਧਾਰ ਹੈ, ਮਾਨਵਤਾ ਦੀ ਡਿਊਟੀ ਹੈ ਕਿ ਪਿਆਰ ਕਰੇ।

ਬਹੁਤ ਸਾਰੇ ਪ੍ਰਮਾਤਮਾ ਦੇ ਗੁਣ ਗਾਉਂਦੇ ਹਨ, ਜਦੋਂ ਉਹ ਉਸ ਦਾ ਪਸਾਰਾ ਦੇਖਦੇ ਹਨ, ਉਸ ਦੀ ਸੋਹਣੀ ਰਚਨਾ ਨੂੰ ਦੇਖਦੇ ਹਨ। ਭਾਵੇਂ ਉਹ ਪ੍ਰਮਾਤਮਾ ਨੂੰ ਜਾਣਦੇ ਹਨ ਜਾਂ ਨਹੀਂ, ਭਾਵੇਂ ਉਹ ਉਸ ਬਾਰੇ ਸੁਚੇਤ ਹਨ ਜਾਂ ਨਹੀਂ, ਉਸ ਦੀ ਰਚਨਾ ਦੇ ਸੋਹਣੇਪਨ ਦੀ ਵਾਹ ਵਾਹ ਉਸ ਦੀ ਹੀ ਵਾਹ ਵਾਹ ਹੈ, ਮੂਰਖ ਪਾਪੀ ਤੇ ਰਿਸ਼ੀ, ਸੰਤ, ਸਾਰੇ ਉਸ ਦੇ ਆਪਣੇ ਹੀ ਹਨ। ਇਸ ਸੰਸਾਰ ਵਿਚ, ਇਸ ਵਿਸ਼ਵ ਵਿਚ, ਜੋ ਵੀ ਹੈ

ਉਹ ਉਸਦਾ ਹੀ ਹੈ ਉਸ ਦਾ ਹੀ ਪ੍ਰਗਟਾਵਾ ਹੈ। ਜਦੋਂ ਵੀ ਮਨੁੱਖ ਕਿਸੇ ਚੀਜ਼ ਵਿਚ ਅਕਰਸ਼ਤ ਹੁੰਦਾ ਹੈ, ਉਹ ਪ੍ਰਮਾਤਮਾ ਦੀ ਸ਼ਾਨ ਅਤੇ ਉਸ ਦੇ ਤੇਜ਼ ਵਲ ਹੀ ਆਕਰਸ਼ਤ ਹੁੰਦਾ ਹੈ। ਰਿਸ਼ੀ ਤੇ ਯੋਗੀ ਇਸ ਨੂੰ ਅਨੁਭਵ ਕਰਦੇ ਹਨ ਤੇ ਮਹਿਸੂਸ ਕਰਦੇ ਹਨ, ਜਦੋਂ ਕਿ ਦੂਸਰੇ ਅਣਜਾਣ ਹਨ। ਪ੍ਰਮਾਤਮਾ ਦੀ ਸਤੁਤੀ ਕਰਦੇ ਹਨ ਉਸ ਦੀ ਰਚਨਾ ਦੀ ਸਤੁਤੀ ਕਰਦੇ ਹਨ, ਪਰ ਉਹ ਪ੍ਰਮਾਤਮਾ ਦੀ ਸਰਬ ਵਿਆਪਕਤਾ ਨੂੰ ਨਹੀਂ ਜਾਣਦੇ। ਅਗਿਆਨੀ ਆਪਣੀ ਅਗਿਆਨਤਾ ਦੇ ਪ੍ਰਭਾਵ ਹੇਠਾਂ ਹੀ ਵਿਚਰਦਾ ਹੈ। ਜੇ ਉਹ ਪਹਿਲਾਂ ਠੀਕ ਗਿਆਨ ਪ੍ਰਾਪਤ ਕਰ ਲਵੇ ਤੇ ਫੇਰ ਪ੍ਰਮਾਤਮਾ ਦੀ ਰਚਨਾ ਦੀ ਸਤੁਤੀ ਕਰਨੀ ਸਿੱਖੇ, ਉਹ ਮੁਕਤ ਹੋ ਜਾਵੇਗਾ। ਇਕ ਅਗਿਆਨੀ ਦਾ ਮਨ ਬਹੁਤ ਛੇਤੀ ਮੋਹਿਆ ਜਾਂਦਾ ਹੈ ਤੇ ਮੋਹ ਵਿਚ ਫਸ ਜਾਂਦਾ ਹੈ। ਵਾਸਤਵ ਵਿਚ ਅਨੰਦ ਵੀ ਪ੍ਰਮਾਤਮਾ ਦਾ ਹੀ ਇਕ ਸੁਭਾਅ ਹੈ। ਮਨੁੱਖ ਜੋ ਦਸਦਾ ਹੈ, ਕਰਦਾ ਹੈ, ਮਹਿਸੂਸ ਕਰਦਾ ਹੈ, ਉਹ ਪ੍ਰਮਾਤਮਾ ਦਾ ਹੀ ਪ੍ਰਗਟਾਵਾ ਹੁੰਦਾ ਹੈ। ਪ੍ਰਮਾਤਮਾ ਹੀ ਸਭ ਤੋਂ ਵੱਡਾ ਕਾਰਕ ਹੈ, ਉਹ ਸੰਪੂਰਨ ਹੈ, ਮੂਰਖ ਪਾਪੀ ਉਸ ਤੋਂ ਡਰਦੇ ਹਨ ਪਰ ਸਮਰੱਥ ਯੋਗੀ ਉਸ ਨੂੰ ਪ੍ਰਣਾਮ ਕਰਦੇ ਹਨ, ਉਸ ਦਾ ਅਭੀਨੰਦਨ ਕਰਦੇ ਹਨ।

ਜੋ ਕੁਝ ਵੀ ਹੈ ਅਤੇ ਜੋ ਨਹੀਂ ਵੀ ਹੈ, ਜੜ੍ਹ ਚੇਤਨ ਤੇ ਇਨ੍ਹਾਂ ਤੋਂ ਵੀ ਪਰ੍ਹੇ ਜੋ ਹੈ, ਇਹ ਸਭ ਪ੍ਰਮਾਤਮਾ ਦਾ ਹੀ ਪ੍ਰਗਟਾਵਾ ਹੈ, ਜੋ ਕੁਝ ਵੀ ਸਤਿ ਤੋਂ ਪਰ੍ਹੇ ਹੈ, ਜੋ ਹੈ ਤੇ ਜੋ ਅਸਿਤ ਹੈ ਜੋ ਨਹੀਂ ਹੈ, ਇਹ ਸਭ ਪ੍ਰਮਾਤਮਾ ਦੇ ਰੂਪ ਹਨ। ਪ੍ਰਮਾਤਮਾ ਦਾ ਬਾਹਰ ਦਾ ਸਮੁੱਚਾਪਨ ਜੋ ਹੈ, ਉਹ ਅਸਤਿ ਹੈ ਕਿਉਂਕਿ ਇਹ ਨਾਸ਼ਵਾਨ ਹੈ ਪਰ ਉਸ ਦਾ ਸੂਖਮ ਆਕਾਰ ਬਦਲਿਆ ਨਹੀਂ ਜਾ ਸਕਦਾ, ਪ੍ਰਮਾਤਮਾ ਬਹੁਤ ਹੀ ਪੁਰਾਤਨ ਹੈ, ਸੱਚਾ ਰਹਿਣ ਵਾਲਾ ਤੇ ਸਾਰੇ ਵਿਸ਼ਵ ਦਾ ਸਹਾਰਾ ਹੈ, ਪਾਲਣਹਾਰਾ ਹੈ। ਉਹ ਇਕ ਮੰਤਵ ਹੈ, ਇਕ ਗਿਆਨ ਹੈ, ਗਿਆਨਵਾਨ ਹੈ, ਕਿਸੇ ਦਿਸ਼ਾ ਵਿਚ ਵੀ ਤੁਸੀਂ ਜਾਓ, ਤੁਸੀਂ ਪ੍ਰਮਾਤਮਾ ਵੱਲ ਹੀ ਜਾਓਗੇ, ਉਸ ਦੇ ਅਨੇਕਾਂ ਹੀ ਆਕਾਰ ਹਨ, ਵਾਯੂ (ਪ੍ਰਾਣ) ਯਮ (ਕਾਲ ਦਾ ਦੇਵਤਾ) ਅਗਨੀ, ਵਰੁਣ, (ਪਾਣੀ ਦਾ ਦੇਵਤਾ) ਚੰਦ੍ਰਾ (ਚੰਦਰਮਾ) ਪ੍ਰਜਾਪਤੀ, ਵਿਸ਼ਨੂੰ, ਸ਼ੰਕਰ ਤੇ ਹੋਰ ਕਈ ਇਹ ਸਭ ਪ੍ਰਮਾਤਮਾ ਵਿਚ ਹੀ ਹਨ। ਇਨ੍ਹਾਂ ਦੇ ਵੱਖ ਵੱਖ ਕਾਰਜ ਹਨ ਪਰ ਇਹ ਪ੍ਰਮਾਤਮਾ ਦੇ ਹੁਕਮ ਨਾਲ ਹੀ ਕਾਰਜ ਕਰਦੇ ਹਨ। ਜਿਵੇਂ ਇਕ ਮਨੁੱਖ ਕਿੰਨੀਆਂ ਹੀ ਵੱਖ ਵੱਖ ਭੂਮਿਕਾ ਨਿਭਾਉਂਦਾ ਹੈ ਤੇ ਵੱਖ ਵੱਖ ਨਾਵਾਂ ਨਾਲ ਜਾਣਿਆ ਜਾਂਦਾ ਹੈ ਜੋ ਵੀ ਕਾਰਜ ਉਹ ਕਰਦਾ ਹੈ। ਉਸ ਤਰ੍ਹਾਂ ਹੀ ਪ੍ਰਮਾਤਮਾ ਨਾਲ ਹੈ, ਪ੍ਰਮਾਤਮਾ ਦੇ ਪ੍ਰਗਟਾਵੇ ਵੱਖ ਵੱਖ ਹਨ, ਉਸ ਦੇ ਗੁਣ ਕਰਮ ਤੇ ਆਕਾਰ ਭਾਵੇਂ ਇਕ ਤੋਂ ਹੀ ਉਪਜੇ ਹਨ ਪਰ ਹਨ ਵੱਖ ਵੱਖ, ਬ੍ਰਹਮ ਤੋਂ ਹੀ ਪੈਦਾ ਹੋਏ ਇਕ ਸਤਿ ਤੋਂ ਹੀ ਆਏ ਹਨ ਫੇਰ ਵੀ ਵੱਖ ਵੱਖ ਹਨ।

ਅਰਜਨ ਕ੍ਰਿਸ਼ਨ ਜੀ ਦਾ ਰਿਸ਼ਤੇਦਾਰ ਹੈ ਤੇ ਹੁਣ ਤਕ ਉਨ੍ਹਾਂ ਨੂੰ ਕੇਵਲ ਇਕ ਮਿਤਰ ਦੀ ਤਰ੍ਹਾਂ ਹੀ ਸੰਬੋਧਨ ਕਰਦਾ ਰਿਹਾ, ਉਸ ਨੂੰ ਉਨ੍ਹਾਂ ਦੀ ਵਡਿਆਈ ਪਤਾ ਹੀ ਨਹੀਂ ਸੀ। ਹੁਣ ਜਦੋਂ ਉਸ ਨੇ ਉਨ੍ਹਾਂ ਦਾ ਵਿਰਾਟ ਰੂਪ ਦੇਖ ਲਿਆ ਹੈ, ਹੁਣ ਉਹ ਉਨ੍ਹਾਂ ਪਾਸੋਂ ਖਿਮਾ ਮੰਗਦਾ ਹੈ ਕਿ ਮੈਂ ਤੁਹਾਨੂੰ ਸਖਾ ਕਰਕੇ ਹੀ ਮੰਨਦਾ ਰਿਹਾ ਹਾਂ, ਉਹ ਖਿਮਾ ਮੰਗਦਾ ਹੈ ਕਿ ਮੈਂ ਤੁਹਾਡਾ ਪੂਰਾ ਆਦਰ ਨਹੀਂ ਕੀਤਾ, ਪੂਰਾ ਸਤਿਕਾਰ ਨਹੀਂ ਕੀਤਾ। ਬਹੁਤ ਸਾਰੇ ਇਹੋ ਜਿਹੀਆਂ ਗੱਲਾਂ ਕਹਿੰਦੇ ਹਨ ਜੋ ਸੱਚ ਨਹੀਂ ਹੁੰਦੀਆਂ ਕਿਉਂਕਿ ਉਹ ਸਤਿ ਜਾਣਦੇ ਹੀ ਨਹੀਂ, ਉਹ ਨਹੀਂ ਜਾਣਦੇ ਕਿ ਪ੍ਰਮਾਤਮਾ ਅੰਦਰ ਵੀ ਹੈ ਤੇ ਬਾਹਰ ਵੀ ਹੈ ਤੇ ਸਭ ਕੁਝ ਕਰਨ ਦੀ ਸ਼ਕਤੀ ਉਸ ਪ੍ਰਮਾਤਮਾ ਤੋਂ ਹੀ ਆਉਂਦੀ ਹੈ। ਕ੍ਰਿਸ਼ਨ ਜੀ ਨੇ ਅਰਜਨ ਦਾ ਮਨ ਸ਼ੁਧ ਕਰ ਦਿਤਾ ਹੈ, ਉਹ ਸਭ ਸਤਿ ਜਾਣ ਗਿਆ ਹੈ ਪਰ ਜਿਨ੍ਹਾਂ ਦੇ ਮਨ ਸ਼ੁੱਧ ਨਹੀਂ ਹੁੰਦੇ ਉਹ ਸਤਿ ਨੂੰ ਜਾਣਦੇ ਹੀ ਨਹੀਂ। ਪ੍ਰਮਾਤਮਾ ਜੜ੍ਹ ਤੇ ਚੇਤਨ ਦੋਨਾਂ ਦੇ ਹੀ ਪਿਤਾ ਹਨ, ਉਹ ਸਭ ਤੋਂ ਉਤਮ ਉਪਦੇਸ਼ਕ ਹਨ, ਉਨ੍ਹਾਂ ਦੇ ਬਰਾਬਰ ਕੋਈ ਨਹੀਂ, ਉਹ ਸਾਰੇ ਪਧਰਾ ਤੇ ਸਰਵੋਤਮ ਹਨ। ਚੇਤਨ ਪੱਧਰ ਤੇ, ਸਮੁੱਚੇ ਪੱਧਰ ਤੇ ਸੂਖਮ ਪੱਧਰ ਤੇ, ਅਤਿ ਸੂਖਮ ਪੱਧਰ ਤੇ ਕੇਵਲ ਇਕ ਦਾ ਪਸਾਰਾ ਹੈ ਇਕ ਹੀ ਵਿਚਰ ਰਿਹਾ ਹੈ, ਉਹ ਹੈ ਪ੍ਰਮਾਤਮਾ।

ਜਿਹੜਾ ਆਪਣਾ ਜੀਵਨ ਪ੍ਰਮਾਤਮਾ ਨੂੰ ਅਰਪਣ ਕਰ ਦਿੰਦਾ ਹੈ, ਉਸ ਨੂੰ ਪ੍ਰਮਾਤਮਾ ਬਖਸ਼ ਦਿੰਦਾ ਹੈ ਜਿਵੇਂ ਮਾਤਾ ਪਿਤਾ ਬੱਚੇ ਨੂੰ ਖਿਮਾ ਕਰ ਦਿੰਦੇ ਹਨ। ਅਭਿਲਾਸ਼ੀ ਨੂੰ ਚਾਹੀਦਾ ਹੈ ਕਿ ਉਹ ਅਰਦਾਸ ਕਰੇ ਅਤੇ ਆਪਣੇ ਕੀਤੇ ਦੀ ਖਿਮਾ ਮੰਗੇ, ਅਰਦਾਸ ਕਰਨ ਨਾਲ ਚੇਤਨਤਾ ਵਧਦੀ ਹੈ। ਪਰਸਪਰ ਚੇਤਨਤਾ ਤੋਂ ਬਿਨਾਂ ਮਨੁੱਖ ਮੁੜ ਮੁੜ ਕੇ ਮਾਰਗ ਤੋਂ ਉਖੜ ਜਾਂਦਾ ਹੈ ਤੇ ਆਪਸੀ ਸ਼ਕਤੀ ਤੇ ਸਮਾਂ ਏਧਰ ਓਧਰ ਬਰਬਾਦ ਕਰ ਦਿੰਦਾ ਹੈ ਤੇ ਬਹੁਤ ਵਾਰੀ ਆਪਣੇ ਆਪ ਨੂੰ ਤੇ ਦੂਸਰਿਆਂ ਨੂੰ ਹਾਨੀ ਵੀ ਪਹੁੰਚਾ ਦਿੰਦਾ ਹੈ।

ਜੋ ਕੁਝ ਵੀ ਅਰਜਨ ਨੇ ਦੇਖਿਆ, ਉਸ ਤੋਂ ਹੈਰਾਨ ਹੋ ਕੇ ਉਹ ਕਹਿੰਦਾ ਹੈ, "ਹੇ ਪ੍ਰਭੂ! ਮੇਰੇ ਤੇ ਪ੍ਰਸੰਨ ਹੋ ਕੇ ਮੈਨੂੰ ਆਪਣਾ ਸਖਾ ਭਾਵ ਦਿਖਾਓ। ਅਰਜਨ ਕ੍ਰਿਸ਼ਨ ਜੀ ਨੂੰ ਬੇਨਤੀ ਕਰਦਾ ਹੈ ਜਿਹੜੇ ਉਸ ਨੂੰ ਚਤੁਰਭੁਜ ਦਿਖਾਉਂਦੇ ਹਨ ਅਰਜਨ ਦੀ ਬੇਨਤੀ ਸੁਣ ਕੇ ਕ੍ਰਿਸ਼ਨ ਜੀ ਬੜੇ ਪਿਆਰ ਨਾਲ ਅਰਜਨ ਨੂੰ ਦੇਖਦੇ ਹਨ ਤੇ ਉਤਰ ਦਿੰਦੇ ਹਨ।

47. ਹੇ ਅਰਜਨ! ਤੇਰੇ ਉਤੇ ਪ੍ਰਸੰਨ ਹੋ ਕੇ ਮੈਂ ਆਪਣੇ ਆਤਮ ਯੋਗ ਨਾਲ ਤੇਜਮਈ ਅਨੰਤ ਅਤੇ ਆਦਿ ਵਿਸ਼ਵ ਰੂਪ ਦਿਖਾਇਆ ਹੈ ਜੋ ਤੇਰੇ ਤੋਂ ਬਿਨਾਂ ਕਿਸੇ ਹੋਰ ਨੇ ਅੱਜ ਤਕ ਨਹੀਂ ਦੇਖਿਆ।

47. ਹੇ ਕੁਰੂ ਕ੍ਰਵੀਰ! ਮਨੁੱਖ ਲੋਕ ਵਿਚ ਮੇਰੇ ਇਸ ਸਰੂਪ ਨੂੰ ਤੇਰੇ ਤੋਂ ਸਿਵਾ, ਕੋਈ ਵੇਦਾਂ ਨੂੰ ਜਾਣਨ ਵਾਲਾ ਜਾਂ ਯੱਗ ਕਰਕੇ ਦਾਨੀ ਜਾਂ ਕਰਮਕਾਂਡੀ ਜਾਂ ਉਗਰ ਤਪ ਕਰਕੇ ਭੀ ਦੇਖਣਾ ਚਾਹੇ ਤਾਂ ਨਹੀਂ ਦੇਖ ਸਕਦਾ।

49. ਮੇਰੇ ਘੋਰ ਰੂਪ ਨੂੰ ਦੇਖ ਕੇ ਤੂੰ ਘਬਰਾ ਨਾ, ਡਰ ਨਾ, ਭੈ ਤਿਆਗ ਕੇ ਪ੍ਰਸੰਨ ਚਿੱਤ ਹੋ, ਫੇਰ ਮੇਰੇ ਪਹਿਲੇ ਰੂਪ ਨੂੰ ਦੇਖ।

50. ਸ੍ਰੀ ਵਾਸਦੇਵ ਨੇ ਇਹ ਕਹਿ ਕੇ ਅਰਜਨ ਨੂੰ

ਪਹਿਲਾ ਸਰੂਪ ਦਿਖਾਇਆ। ਅਰਜਨ ਨੂੰ ਭੈ ਭੀਤ ਦੇਖ ਕੇ ਫੇਰ ਭਗਵਾਨ ਨੇ ਸੁੰਦਰ ਰੂਪ ਧਾਰ ਕੇ ਉਸ ਨੂੰ ਤਸੱਲੀ ਦਿਤੀ।

ਇਨ੍ਹਾਂ ਸ਼ਲੋਕਾਂ ਤੋਂ ਪਤਾ ਲਗਦਾ ਹੈ ਕਿ ਪ੍ਰਮਾਤਮਾ ਦਾ ਵਿਸ਼ਵ ਦੇਖਿਆ ਜਾ ਸਕਦਾ ਹੈ। ਇੱਛਾਵਾਨ ਪ੍ਰਮਾਤਮਾ ਦਾ ਇਹ ਡੂੰਘਾ ਰੂਪ ਆਤਮ ਯੋਗ ਦਾ ਅਭਿਆਸ ਕਰਕੇ ਦੇਖ ਸਕਦੇ ਹਨ, ਯਤਨ ਕਰਕੇ ਸਾਧਨਾ ਕਰਕੇ ਪਰ ਉਸ ਦੀ ਕ੍ਰਿਪਾ ਨਾਲ ਹੀ ਦੇਖ ਸਕਦੇ ਹਨ। ਜੋ ਵੀ ਆਪਾ ਸਮਰਪਣ ਕਰੇਗਾ ਉਹ ਇਹ ਦਰਸ਼ਨ ਕਰ ਸਕੇਗਾ। ਸੱਚਾ ਸਮਰਪਣ ਉਹ ਹੀ ਹੈ ਜੋ ਲੋਭ ਮੋਹ ਨੂੰ ਤਿਆਗ ਕੇ, ਸ਼ਾਤੀ ਪ੍ਰਾਪਤ ਕਰਕੇ, ਕਰਮ ਦਾ ਫਲ ਤਿਆਗ ਕੇ ਕੇਵਲ ਪ੍ਰਮਾਤਮਾ ਦੀ ਯਾਦ ਵਿਚ ਕੀਤਾ ਜਾਵੇ। ਜੀਵਨ ਦਾਤਾ ਦਾ ਤਿੰਨ ਰੂਪੀ ਕੰਮ ਹੈ - ਚੰਗੇ ਦੀ ਰੱਖਿਆ ਕਰਨੀ, ਬੁਰੇ ਨੂੰ ਖਤਮ ਕਰਨਾ, ਤੇ ਚੰਗਾ ਜੀਵਨ ਸਥਾਪਤ ਕਰਨਾ। ਅਰਜਨ ਕ੍ਰਿਸ਼ਨ ਜੀ ਦਾ ਰੂਪ ਦੇਖ ਕੇ ਆਪਾ ਸਮਰਪਣ ਕਰ ਦਿੰਦਾ ਹੈ।

ਜਿਹੜਾ ਵੀ ਜਗਿਆਸੂ ਪ੍ਰਮਾਤਮਾ ਨੂੰ ਆਪਾ ਸਮਰਪਣ ਕਰਦਾ ਹੈ ਉਹ ਪ੍ਰਭੂ ਦਾ ਵਿਸ਼ਾਲ ਰੂਪ ਦੇਖ ਹੀ ਲੈਂਦਾ ਹੈ ਜਿਵੇਂ ਅਰਜਨ ਨੇ ਦੇਖਿਆ ਸੀ ਪਰ ਜੇ ਜਗਿਆਸੂ ਇਹ ਸੋਚੇ ਕਿ ਉਹ ਦਿਬਯ ਦ੍ਰਿਸ਼ਟੀ ਆਪਣੇ ਅਧਿਆਤਮ ਗਿਆਨ ਨਾਲ ਪ੍ਰਾਪਤ ਕਰ ਸਕਦਾ ਹੈ, ਪਰ ਜੇ ਕੋਈ ਇਹ ਸੋਚੇ ਕਿ ਉਹ ਦਿਬਯ ਦ੍ਰਿਸ਼ਟੀ ਚੜ੍ਹਾਵੇ ਚੜ੍ਹਾ ਕੇ ਲੈ ਸਕਦਾ ਹੈ, ਚੰਗੇ ਕਰਮ ਕਰਕੇ ਲੈ ਸਕਦਾ ਹੈ, ਕਰਮ ਕਾਂਡ ਕਰਕੇ ਲੈ ਸਕਦਾ ਹੈ, ਇਹ ਉਸ ਦੀ ਗਲਤੀ ਹੈ, ਇਹ ਨਹੀਂ ਹੋ ਸਕਦਾ। ਦੋ ਗੱਲਾਂ ਨਾਲ ਇਹ ਬ੍ਰਹਮ ਦ੍ਰਿਸ਼ਟੀ ਪ੍ਰਾਪਤ ਹੋ ਸਕਦੀ ਹੈ। ਪਹਿਲੀ ਕਿ ਆਤਮ ਯੋਗ ਦਾ ਗਿਆਨ ਹੋਣਾ ਚਾਹੀਦਾ ਹੈ, ਦੂਸਰੀ ਜਿਹੜੀ ਬਹੁਤ ਜ਼ਰੂਰੀ ਹੈ ਉਹ ਹੈ ਗੁਰੂ ਕ੍ਰਿਪਾ, ਗੁਰੂ ਕ੍ਰਿਪਾ ਹੋਣੀ ਬਹੁਤ ਆਵਸ਼ਕ ਹੈ।

ਕ੍ਰਿਸ਼ਨ ਜੀ ਅਰਜਨ ਨੂੰ ਦਸਦੇ ਹਨ ਕਿ ਉਸ ਤੋਂ ਪਹਿਲਾਂ ਪ੍ਰਮਾਤਮਾ ਦਾ ਇਹ ਰੂਪ ਕਿਸੇ ਨੇ ਨਹੀਂ ਦੇਖਿਆ। ਇਸ ਤੋਂ ਭਾਵ ਹੈ ਕਿ ਕੋਈ ਵਡਭਾਗਾ ਹੀ ਇਹ ਦ੍ਰਿਸ਼ ਦੇਖ ਸਕਦਾ ਹੈ। ਇਸ ਤੋਂ ਇਹ ਭਾਵ ਨਹੀਂ ਕਿ ਕੋਈ ਵੀ ਜਗਿਆਸੂ ਇਹ ਦ੍ਰਿਸ਼ ਨਹੀਂ ਦੇਖ ਸਕਦਾ। ਇਥੇ ਇਹ ਵੀ ਜਾਣ ਲੈਣਾ ਜ਼ਰੂਰੀ ਹੈ ਕਿ ਸੰਜੈ ਨੂੰ ਵੀ ਦਿਬਯ ਦ੍ਰਿਸ਼ਟੀ ਦੀ ਬਖਸ਼ਿਸ਼ ਹੋਈ ਸੀ, ਉਹ ਵੀ ਪ੍ਰਭੂ ਦਾ ਵਿਸ਼ਾਲ ਰੂਪ ਦੇਖ ਕੇ ਹੈਰਾਨ ਹਨ। ਕ੍ਰਿਸ਼ਨ ਜੀ ਦਸਦੇ ਹਨ, ਹੇ ਅਰਜਨ! ਮੇਰੇ ਵਿਸ਼ਾਲ ਰੂਪ ਤੋਂ ਡਰ ਨਾ, ਆਪਣਾ ਸੰਤੁਲਨ ਕਾਇਮ ਰੱਖ, ਮਨ ਨੂੰ ਸ਼ਾਂਤ ਰੱਖ, ਹੁਣ ਫੇਰ ਮੇਰਾ ਪਹਿਲੇ ਵਾਲਾ ਰੂਪ ਦੇਖਣ ਨੂੰ ਤਿਆਰ ਹੋ ਜਾ।

ਜਿਹੜਾ ਜਗਿਆਸੂ ਕੁੰਡਲਨੀ ਯੋਗ ਦਾ ਅਭਿਆਸ ਕਰਦੇ ਹਨ ਤੇ ਇਕ ਯੋਗ ਗੁਰੂ, ਕਾਬਲ ਗੁਰੂ ਦੀ ਦੇਖ ਰੇਖ ਹੇਠ ਕਰਦੇ ਹਨ, ਉਹ ਵੀ ਉਸ ਦ੍ਰਿਸ਼ਟੀ ਨੂੰ ਪ੍ਰਾਪਤ ਕਰ ਲੈਂਦੇ ਹਨ। ਜਦੋਂ ਉਹ ਇਕ ਪੱਧਰ ਤੋਂ ਦੂਸਰੀ ਪੱਧਰ ਤੇ ਜਾਂਦੇ ਹਨ ਤਾਂ ਬ੍ਰਹਮ ਦ੍ਰਿਸ਼ਟੀ ਆ ਹੀ ਜਾਂਦੀ ਹੈ ਪਰ ਜਿਹੜੇ ਸ਼ਰਧਾ ਵਾਲੇ ਆਤਮ ਯੋਗ ਦਾ ਅਭਿਆਸ ਕਰਦੇ ਹਨ, ਜਿਨ੍ਹਾਂ ਤੇ ਪ੍ਰਮਾਤਮਾ ਦੀ ਕ੍ਰਿਪਾ ਹੁੰਦੀ ਹੈ ਉਨ੍ਹਾਂ ਨੂੰ ਹੀ ਇਹ ਦ੍ਰਿਸ਼ਟੀ ਪ੍ਰਾਪਤ ਹੋ ਸਕਦੀ ਹੈ, ਉਹ ਹੀ ਪ੍ਰਮਾਤਮਾ ਦੀ ਸ਼ਾਨ, ਉਸ ਦਾ ਪ੍ਰਤਾਪ, ਤੇਜ ਦੇਖ ਸਕਦੇ ਹਨ।

ਅਰਜਨ ਕਹਿੰਦਾ ਹੈ, ਆਪ ਨੂੰ ਮਨੁੱਖ ਰੂਪ ਵਿਚ ਦੇਖ ਕੇ ਮੈਂ ਮੁੜ ਕੇ ਸਥਿਰ ਆਪਣੇ ਆਪ ਵਿਚ ਮਹਿਸੂਸ ਕਰ ਰਿਹਾ ਹਾਂ। ਇਸ ਸ਼ਲੋਕ ਵਿਚ ਦੱਸਿਆ ਗਿਆ ਹੈ ਕਿ ਜਦੋਂ ਕ੍ਰਿਸ਼ਨ ਜੀ ਉਸ ਨੂੰ ਆਪਣਾ ਵਿਸ਼ਾਲ ਰੂਪ ਦਿਖਾ ਰਹੇ ਸਨ, ਉਸ ਦੀ ਚੇਤਨਤਾ ਬਿਲਕੁਲ ਹੋਰ ਸੀ। ਆਮ ਸਥਿਤੀ ਨਾਲੋਂ ਫਰਕ ਸੀ, ਉਹ ਸਪਨਾ ਤਾਂ ਲੈ ਨਹੀਂ ਰਿਹਾ ਸੀ, ਉਹ ਸਥਿਤੀ ਵਿਸ਼ਾਲ ਚੇਤਨਤਾ ਦੀ ਸਥਿਤੀ ਸੀ, ਨਾ ਕਿ ਅਚੇਤਨਤਾ ਦੀ ਸਥਿਤੀ ਕਿਉਂਕਿ ਅਚੇਤਨਤਾ ਵਿਚ ਜੋ ਹੁੰਦਾ ਹੈ, ਉਹ ਤਾਂ ਚੇਤੇ ਹੀ ਨਹੀਂ ਰਹਿੰਦਾ। ਇਹ ਚੇਤਨਤਾ ਸਮਾਧੀ ਵਾਲੀ ਚੇਤਨਤਾ ਹੈ ਜਿਸ ਵਿਚ ਮਨ ਸ਼ਾਂਤ ਰਹਿੰਦਾ ਹੈ ਤੇ ਜਗਿਆਸੂ ਪੂਰੀ ਤਰ੍ਹਾਂ ਚੇਤਨ ਹੁੰਦਾ ਹੈ, ਵਾਸਤਵ ਵਿਚ ਇਹ ਸੌਣ ਤੇ ਸਮਾਧੀ ਦੇ ਵਿਚ ਦੀ ਸਥਿਤੀ ਹੈ। ਯੋਗ ਨਿੰਦਰਾ ਵਿਚ ਜਗਿਆਸੂ ਆਪਣੀ ਚੇਤਨਤਾ ਨੂੰ ਪਸਾਰਣਾ ਸਿਖਦਾ ਹੈ ਤੇ ਗੂੜ੍ਹੀ ਨੀਂਦ ਵਿਚ ਰਹਿੰਦਾ ਹੈ। ਇਸ ਨੂੰ ਸੌਣ ਤੋਂ ਬਿਨਾਂ ਸੌਣਾ ਕਿਹਾ ਜਾਂਦਾ ਹੈ, ਤੀਸਰਾ ਨੇਤਰ ਖੋਲਣਾ ਵੀ ਯੋਗ ਨਿੰਦਰਾ ਵਰਗਾ ਹੀ ਹੁੰਦਾ ਹੈ ਪਰ ਬਿਲਕੁਲ ਉਹ ਹੀ ਨਹੀਂ ਹੁੰਦਾ। ਇਹ ਉਦੋਂ ਹੀ ਹੋ ਸਕਦਾ ਹੈ ਜਦੋਂ ਇਕ ਸੂਝਵਾਨ ਯੋਗੀ ਸ਼ਕਤੀ ਪੱਥ ਦਿੰਦਾ ਹੈ, ਇਕ ਸੱਚੇ ਸ਼ਿਸ਼ ਤੇ ਬਖਸ਼ਿਸ਼ ਕਰਦਾ ਹੈ। ਜਦੋਂ ਉਹ ਦੇਖਦਾ ਹੈ ਕਿ ਇਹ ਸ਼ਿਸ਼ ਬਹੁਤ ਹੀ ਮਿਹਨਤ ਨਾਲ ਯੋਗ ਅਭਿਆਸ ਕਰਦਾ ਰਿਹਾ ਹੈ, ਸਮਾਧੀ ਲਗਾ ਰਿਹਾ ਹੈ, ਲਿਵ ਲਗਾਉਂਦਾ ਹੈ ਪਰ ਡੂੰਘੀ ਸਮਾਧੀ ਤਕ ਨਹੀਂ ਪਹੁੰਚ ਸਕਦਾ। ਸਮਾਧੀ ਲਗਾਉਣ ਲਈ ਕੇਵਲ ਮਨੁੱਖੀ ਯਤਨ ਹੀ ਨਹੀਂ ਹੁੰਦੇ ਕੇਵਲ ਗੁਰੂ ਕ੍ਰਿਪਾ ਨਾਲ ਆਖਰੀ ਪਉੜੀ ਚੜ੍ਹੀ ਸਕਦੀ ਹੈ ਗੁਰੂ ਕ੍ਰਿਪਾ ਤੋਂ ਬਿਨਾਂ ਆਖਰੀ ਪੌੜੀ ਦਾ ਚੜ੍ਹਨਾ ਬਹੁਤ ਔਖਾ ਹੈ।

ਤੀਸਰਾ ਨੇਤਰ ਖੋਲਣਾ ਜਾਂ ਬ੍ਰਹਮ ਦੇਖਣਾ ਇਹ ਸ਼ਕਤੀ ਪੱਥ ਨਾਲ ਹੁੰਦਾ, ਇਹ ਇਕ ਪੂਰਨ ਯੋਗੀ ਆਪਣੀ ਦ੍ਰਿਸ਼ਟੀ ਨਾਲ ਕਰ ਸਕਦਾ ਹੈ ਜਾਂ ਜਗਿਆਸੂ ਨੂੰ ਛੋਹ ਕੇ ਪਰ ਇਹ ਬਹੁਤ ਘੱਟ ਹੀ ਕੀਤਾ ਜਾਂਦਾ ਹੈ ਤੇ ਇਸ ਤਰ੍ਹਾਂ ਨਹੀਂ ਕੀਤਾ ਜਾਂਦਾ ਜਿਵੇਂ ਅੱਜ ਦੇ ਗੁਰੂ ਕਹਿੰਦੇ ਹਨ। ਹਰੇਕ ਨਾਲ ਕ੍ਰਿਸ਼ਨ ਜੀ ਰਹਿੰਦੇ ਹਨ। ਆਤਮ ਯੋਗ ਦਾ ਅਭਿਆਸ ਕਰਕੇ ਤੇ ਗੁਰੂ ਕ੍ਰਿਪਾ ਨਾਲ ਜਗਿਆਸੂ ਵੀ ਇਹ ਦ੍ਰਿਸ਼ ਦੇਖ ਸਕਦਾ ਹੈ।

52. ਭਗਵਾਨ ਜੀ ਬੋਲੇ ਇਹ ਮੇਰਾ ਰੂਪ ਜੋ ਤੂੰ ਦੇਖਿਆ ਹੈ ਇਸ ਦਾ ਦਰਸ਼ਨ ਕਠਨ ਹੈ। ਦੇਵਤੇ ਵੀ ਇਸ ਰੂਪ ਦਾ ਦਰਸ਼ਨ ਕਰਨ ਨੂੰ ਸਦਾ ਲੋਚਦੇ ਹਨ।

53. ਜਿਸ ਰੂਪ ਵਿਚ ਤੂੰ ਮੈਨੂੰ ਦੇਖਿਆ ਹੈ ਇਹ ਵੇਦ, ਤਪ, ਦਾਨ ਯੱਗ ਨਾਲ ਨਹੀਂ ਦੇਖਿਆ ਜਾ ਸਕਦਾ।

54. ਹੇ ਪਰੰਤਪ! ਹੇ ਅਰਜਨ! ਇਸ ਤਰ੍ਹਾਂ ਕੇਵਲ ਅੰਨਨ ਭਗਤੀ ਕਰਕੇ ਹੀ ਮੇਰੇ ਵਿਚ ਪ੍ਰਵੇਸ਼ ਹੋ ਸਕਦਾ ਹੈ ਅਤੇ ਮੇਰਾ ਤੱਤ ਰੂਪ ਜਾਣਿਆ ਤੇ ਦੇਖਿਆ ਜਾ ਸਕਦਾ ਹੈ।

55. ਹੇ ਅਰਜਨ! ਜੋ ਪੁਰਸ਼ ਕੇਵਲ ਮੇਰੇ ਲਈ ਹੀ ਹੈ, ਸਭ ਕੁਝ ਮੇਰਾ ਸਮਝਦਾ ਹੋਇਆ ਯੱਗ, ਦਾਨ ਅਤੇ ਤਪ ਆਦਿ ਸੰਪੂਰਨ ਕਰੱਤਵ ਕਰਮਾਂ ਨੂੰ ਕਰਨ ਵਾਲਾ ਹੈ ਅਤੇ ਮੇਰੇ ਪਰਾਇਣ ਹੈ ਅਰਥਾਤ ਮੈਨੂੰ ਪਰਮ ਆਸਰਾ ਅਤੇ ਪਰਗਤਿ ਮੰਨ ਕੇ ਮੇਰੀ ਪ੍ਰਾਪਤੀ ਵਾਸਤੇ ਸਥਿਰ ਹੈ ਤਥਾ ਮੇਰਾ ਭਗਤ ਹੈ ਅਰਥਾਤ ਮੇਰੇ ਨਾਮ ਗੁਣ ਪ੍ਰਭਾਵ ਅਤੇ ਰਹੱਸਯ ਦੇ ਸਰਵਣ, ਮੰਨਣ, ਕੀਰਤਨ, ਧਿਆਨ ਅਤੇ ਪਠਨ ਪਾਠਨ ਦਾ ਪ੍ਰੇਮ ਸਹਿਤ ਨਿਸ਼ਕਾਮ ਭਾਵ ਤੋਂ ਨਿਰੰਤਰ ਅਭਿਆਸ ਕਰਨ ਵਾਲਾ ਹੈ ਅਤੇ ਆਸ਼ਰਤ ਰਹਿਤ ਅਰਥਾਤ ਇਸਤ੍ਰੀ, ਪੁਤਰ, ਧਨ ਆਦਿ ਸੰਪੂਰਨ ਸੰਸਾਰਕ ਪਦਾਰਥਾਂ ਤੋਂ ਸਨੇਹ ਰਹਿਤ ਹੈ ਅਤੇ ਸੰਪੂਰਨ ਭੂਤ ਪ੍ਰਾਣੀਆਂ ਨਾਲ ਵੈਰ ਭਾਵ ਤੋਂ ਰਹਿਤ ਰਹਿੰਦਾ ਹੈ, ਐਸਾ ਉਹ ਅੰਨਿਨ ਭਗਤ ਵਾਲਾ ਪੁਰਸ਼ ਮੈਨੂੰ ਮਿਲ ਜਾਂਦਾ ਹੈ।

ਕ੍ਰਿਸ਼ਨ ਜੀ ਕਹਿੰਦੇ ਹਨ ਜਿਹੜਾ ਵਿਸ਼ਾਲ ਰੂਪ ਅਰਜਨ ਨੇ ਦੇਖਿਆ ਹੈ, ਉਹ ਅਤਿ ਕਠਨ ਹੈ ਉਸ ਦੀ ਪ੍ਰਾਪਤੀ ਅਤੀ ਕਠਨ ਹੈ। ਜਿਹੜੇ ਆਤਮ ਮਾਰਗ ਤੇ ਚਲਦੇ ਹਨ ਉਹ ਇਸ ਦ੍ਰਿਸ਼ ਦੀ ਚੇਸ਼ਟਾ ਕਰਦੇ ਹਨ ਪਰ ਉਹ ਦ੍ਰਿਸ਼ ਵੇਦਾਂ ਨੂੰ ਪੜ੍ਹ ਕੇ ਨਹੀਂ ਆ ਸਕਦਾ, ਗਰੀਬੀ ਗਦਾ ਵਿਚ ਰਹਿਣ ਨਾਲ ਨਹੀਂ ਆ ਸਕਦਾ, ਸਵੈ ਸੰਜਮ ਨਾਲ ਨਹੀਂ ਆ ਸਕਦਾ, ਚੜ੍ਹਾਵੇ ਚੜ੍ਹਾ ਕੇ ਨਹੀਂ ਆ ਸਕਦਾ, ਨਾ ਹੀ ਤਿਆਗ ਨਾਲ ਆ ਸਕਦਾ ਹੈ। ਇਸ ਦੀ ਪ੍ਰਾਪਤੀ ਕੇਵਲ ਇਕਾਗਰ ਹੋ ਕੇ ਆਪਾ ਸਮਰਪਣ ਕਰਨ ਨਾਲ ਆ ਸਕਦੀ ਹੈ ਅੰਨਨ ਭਾਵ ਨਾਲ ਆ ਸਕਦੀ ਹੈ ਜਿਸ ਤੋਂ ਭਾਵ ਹੈ, ਮੈਂ ਪ੍ਰਭੂ ਤੋਂ ਅੱਡ ਨਹੀਂ। ਜਦੋਂ ਜਗਿਆਸੂ ਪੂਰੀ ਤਰ੍ਹਾਂ ਮੋਹ ਤਿਆਗ ਦਿੰਦਾ ਹੈ, ਵਸਤਾਂ ਦਾ ਪੂਰਾ ਤਿਆਗ ਕਰ ਦਿੰਦਾ ਹੈ, ਆਪਣਾ ਸਾਰਾ ਜੀਵਨ ਮਨੁੱਖਤਾ ਦੀ ਭਲਾਈ ਵਿਚ ਲਗਾ ਦਿੰਦਾ ਹੈ, ਆਪਣੇ ਸਾਰੇ ਕਰਮ ਪ੍ਰਮਾਤਮਾ ਲਈ ਕਰਦਾ ਹੈ, ਫੇਰ ਇਹ ਪ੍ਰਮਾਤਮਾ ਦਾ ਦਰਸ਼ਨ ਕਰ ਸਕਦਾ ਹੈ ਤੇ ਸਵੈ ਦੀ ਪ੍ਰਾਪਤੀ ਕਰ ਸਕਦਾ ਹੈ। ਉਹ ਫੇਰ ਆਪਣੀ ਆਤਮਾ ਨਾਲ ਇਕ ਹੋ ਜਾਂਦਾ ਹੈ, ਉਹ ਆਪਣੇ ਆਪ ਬਾਰੇ ਨਹੀਂ ਸੋਚਦਾ। ਜਦੋਂ ਜਗਿਆਸੂ ਲਗਾਤਾਰ ਅੰਨਨ ਭਾਵ ਦਾ ਅਭਿਆਸ ਕਰਦਾ ਹੈ, ਉਹ ਆਤਮ ਸਿੱਧੀ ਕਰ ਲੈਂਦਾ ਹੈ, ਉਹ ਆਪਣੇ ਆਪ ਨੂੰ ਅੱਡ ਨਹੀਂ ਸੋਚਦਾ। ਇਹ ਸਥਿਤੀ ਤਾਂ ਹੀ ਹੋ ਸਕਦੀ ਹੈ ਜਦੋਂ ਤੁਸੀਂ ਬਾਹਰ ਦੇ ਸੰਸਾਰ ਨਾਲ ਆਪਣੇ ਆਪ ਨੂੰ ਜੋੜਨਾ ਛੱਡ ਦਿਓ ਤੇ ਆਪਣੇ ਆਪੇ ਵਿਚ ਸਥਿਰ ਹੋ ਜਾਂਦੇ ਹੋ।

ਗਿਆਰ੍ਹਵੇਂ ਅਧਿਆਇ ਦੀ ਸਮਾਪਤੀ ਹੁੰਦੀ ਹੈ, ਇਸ ਵਿਚ ਵਿਸ਼ਵ ਦੇ ਦ੍ਰਿਸ਼ ਦਾ ਡੂੰਘਾ ਗਿਆਨ ਦੱਸਿਆ ਗਿਆ ਹੈ।

**L L L L L L**


(ਇਥੋਂ ਕੱਟ ਕੇ ਭੇਜੋ ਜੀ)

## ਲਾਈਫ ਮੈਂਬਰਸ਼ਿਪ (Life-Membership) ਲਈ ਖੁਸ਼ਖਬਰੀ

'ਆਤਮ ਮਾਰਗ' ਦੇ ਪਾਂਧੀਆਂ ਨੂੰ ਸਤਿਗੁਰੂ ਜੀ ਦੀ ਨਦਰ ਬਖਸ਼ਿਸ਼ ਪ੍ਰਾਪਤ ਹੋਵੇ। ਮਹਾਂਪੁਰਸ਼ਾਂ ਨੇ ਆਪ ਸਭ ਪਾਠਕਾਂ ਨੂੰ ਅਸੀਸਾਂ ਭੇਜਦਿਆਂ ਇਹ ਆਦੇਸ਼ ਦਿਤਾ ਹੈ ਕਿ ਆਪ ਸਭ ਪਾਠਕ ਹਿੰਮਤ ਕਰਕੇ ਜੀਵਨ ਕਾਲ ਲਈ ਲਾਈਫ-ਮੈਂਬਰ ਬਣ ਜਾਉ। ਲਾਈਫ ਮੈਂਬਰਸ਼ਿਪ ਲਈ ਦੇਸ਼ ਵਾਸਤੇ ਕੇਵਲ 2000/- ਰੁਪਏ ਅਤੇ ਵਿਦੇਸ਼ ਲਈ 500 US$ ਜਾਂ 300£) ਚੰਦਾ ਹੋਵੇਗਾ। ਅਜਿਹਾ ਕਰਨ ਨਾਲ ਆਪ ਨੂੰ ਸਾਰੀ ਜ਼ਿੰਦਗੀ ਨਿਰੰਤਰ ਮੈਗਜ਼ੀਨ ਮਿਲਦਾ ਰਹੇਗਾ। ਜੇਕਰ 20 ਸਾਲ ਤੋਂ ਬਾਅਦ ਕਿਸੇ ਤਰ੍ਹਾਂ ਨਾਲ ਇਸ ਵਿਚ ਥੋੜ੍ਹਾ ਬਹੁਤ ਵਾਧਾ ਘਾਟਾ ਕਰਨਾ ਪਿਆ ਤਾਂ ਆਪ ਦੀ ਸਹਿਮਤੀ ਨਾਲ ਕੀਤਾ ਜਾਵੇਗਾ। ਆਪਣੇ ਪਰਿਵਾਰ ਲਈ ਅਨਮੋਲ ਦਾਤ ਪ੍ਰਾਪਤ ਕਰਨ ਵਿਚ ਦੇਰ ਨਾ ਕਰੀਏ। ਜਿਨ੍ਹਾਂ ਪਾਠਕਾਂ ਨੇ ਗੁਰੂ ਮਹਾਰਾਜ ਜੀ ਦੀ ਬਖਸ਼ਿਸ਼ ਅਤੇ ਮਹਾਂਪੁਰਸ਼ਾਂ ਦੀ ਖੁਸ਼ੀ ਪ੍ਰਾਪਤ ਕਰ ਲਈ ਹੈ, ਉਨ੍ਹਾਂ ਲਾਈਫ ਮੈਂਬਰ ਬਣੇ ਪਾਠਕਾਂ ਦੇ ਨਾਮ ਲਗਾਤਾਰ ਆਤਮ ਮਾਰਗ ਵਿਚ ਛਪਦੇ ਰਹਿਣਗੇ। 'ਆਤਮ ਮਾਰਗ' ਨਾਲ ਜੁੜੇ ਸਭ ਪਰਿਵਾਰ ਵਡਭਾਗੀ ਹਨ। ਇਸ ਪੰਨੇ ਦੇ ਪਿਛਲੇ ਪਾਸੇ ਛਪਿਆ ਫਾਰਮ ਭਰ ਕੇ ਅਤੇ ਚੰਦੇ ਦੀ ਰਕਮ ਬੈਂਕ ਡਰਾਫਟ/ਮਨੀਆਰਡਰ/ਚੈਕ ਰਾਹੀਂ ਦਫਤਰ ਆਤਮ ਮਾਰਗ ਨੂੰ ਭੇਜੋ ਜੀ। ਮਨੀਆਰਡਰ/ਬੈਂਕ ਡਰਾਫਟ/ਚੈਕ **'ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰੱਸਟ'** ਦੇ ਨਾਂ ਤੇ ਭੇਜਿਆ ਜਾਵੇ।


(ਫਾਰਮ ਲਈ ਪਰਤੋ ਜੀ)

(ਪੰਨਾ 11 ਦੀ ਬਾਕੀ)

ਸਾਸ਼ਤਰਾਂ ਦੀ ਵਿਚਾਰ ਨਾਲ ਲਹਿ ਜਾਂਦੀ ਹੈ। ਚੌਥੀ ਮੈਲ ਅੰਤਸ਼ਕਰਣ ਵਿਚ ਹੁੰਦੀ ਹੈ ਜੋ ਜਨਮਾਂ ਜਨਮਾਂਤਰਾਂ ਤੋਂ ਲੱਗੀ ਹੁੰਦੀ ਹੈ। ਮਹਾਰਾਜ ਜੀ ਨੇ ਜਿਸ ਬਾਰੇ ਐਸਾ ਫੁਰਮਾਨ ਕੀਤਾ ਹੈ –

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ***
***ਕਾਲਾ ਹੋਆ ਸਿਆਹੁ॥***
***ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥***
***ਪੰਨਾ – 651***

ਸੋ ਇਨ੍ਹਾਂ ਮੈਲਾਂ ਨਾਲ ਦਿਬਯ ਨੇਤਰ ਬੰਦ ਹੋ ਚੁੱਕੇ ਹਨ। ਜਿਸ ਤਰ੍ਹਾਂ ਨਾਲ ਇਕ ਸ਼ੀਸ਼ੇ ਉਤੇ ਲਗਾਤਾਰ ਮੈਲ ਜੰਮ ਕੇ ਉਸ ਵਿਚ ਆਪਣਾ ਚਿਹਰਾ ਨਹੀਂ ਦਿਖਿਆ ਕਰਦਾ, ਇਸੇ ਤਰ੍ਹਾਂ ਅੰਤਸ਼ਕਰਣ ਉਪਰ ਜਨਮਾਂ ਜਨਮਾਂਤਰਾਂ ਦੀ ਮੈਲ ਲੱਗੀ ਹੋਈ ਹੈ ਜਿਸ ਕਰਕੇ ਇਸ ਨੂੰ ਆਪਣੇ ਸਰੂਪ ਦਾ ਗਿਆਨ ਭੁੱਲ ਗਿਆ ਅਤੇ ਇਹ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹੀ ਹੀ ਸਮਝਦਾ ਹੈ।

ਗੁਰੂ ਨਾਨਕ ਪਾਤਸ਼ਾਹ ਰਾਜੇ ਸ਼ਿਵਨਾਭ ਨੂੰ ਉਪਦੇਸ਼ ਦਿੰਦੇ ਹਨ ਕਿ ਰਾਜਨ! ਆਪ ਨੇ 10 ਯਮਾਂ ਬਾਰੇ ਸ੍ਵਣ ਕੀਤਾ ਹੈ। ਇਹ ਯਮ ਧਾਰਨ ਕਰਨੇ ਵਾਹਿਗੁਰੂ ਨਾਲ ਜੁੜਨ ਲਈ ਬਹੁਤ ਹੀ ਜ਼ਰੂਰੀ ਹਨ ਕਿਉਂਕਿ ਆਦਮੀ ਦਾ ਮਨ ਜੁਗਾਂ ਜੁਗਾਂਤਰਾਂ ਤੋਂ ਸੰਸਕਾਰਾਂ ਦੇ ਅਧੀਨ ਬਾਹਰਮੁਖਤਾ ਵਿਚ ਪਰਚਿਆ ਹੋਇਆ ਹੈ, ਇਨ੍ਹਾਂ ਸੁਰਤੀਆਂ ਬਿਰਤੀਆਂ ਨੂੰ ਜਦੋਂ ਅਸੀਂ ਇਕਾਗਰਤਾ ਪ੍ਰਾਪਤ ਕਰਨ ਵਾਸਤੇ ਅੰਤਰਮੁਖ ਟਿਕਣ ਦੇ ਯਤਨ ਕਰਨੇ ਹਨ, ਉਸ ਵੇਲੇ ਇਨ੍ਹਾਂ ਦੀ ਪਾਲਣਾ ਹੱਦ ਤੋਂ ਜ਼ਿਆਦਾ ਜ਼ਰੂਰੀ ਹੈ ਕਿਉਂਕਿ ਮਨੁੱਖ ਦੀ ਬਾਹਰਮੁਖਤਾ ਦੀ ਸਭ ਤੋਂ ਆਖਰੀ ਅਵਸਥਾ ਉਸ ਦਾ ਉਹ ਵਿਵਹਾਰ ਹੈ ਜੋ ਉਸ ਨੇ ਆਪਣੇ ਮਾਤਾ ਪਿਤਾ, ਪੁੱਤਰ, ਭਰਾ, ਪੜੌਸੀ, ਸਾਥੀ ਅਤੇ ਆਪਣੇ ਦੇਸ਼, ਧਰਮ ਦੇ ਬੰਦਿਆਂ ਨਾਲ ਨਿਭਾਉਣਾ ਹੈ। ਇਸੇ ਵਿਚ ਹੀ ਉਸ ਦਾ ਸਾਰਾ ਵਿਵਹਾਰ ਦੇਸ਼ ਵਿਚ, ਪ੍ਰਦੇਸ਼ ਵਿਚ, ਆਪਣੇ ਮਤ ਵਿਚ, ਬੇਗਾਨੇ ਮਤਾਂ ਵਿਚ ਪ੍ਰਵਿਰਤ ਹੋ ਕੇ ਐਨੀ ਸ਼ਾਂਤੀ ਵਿਚ ਪਹੁੰਚਣਾ ਹੈ ਕਿ ਕੋਈ ਵਾਦ–ਵਿਵਾਦ ਉਸ ਦੇ ਮਨ ਦੀ ਸ਼ਾਂਤੀ ਭੰਗ ਨਾ ਕਰੇ। ਇਸ ਕਰਕੇ ਬਾਕੀ ਹੋਰ ਸਭ ਪ੍ਰਾਣੀਆਂ ਨਾਲ ਵਿਵਹਾਰ ਬਹੁਤ ਹੀ ਸ਼ਾਂਤੀਪੂਰਵਕ ਹੋਣਾ ਚਾਹੀਦਾ ਹੈ। ਇਸ ਨੂੰ ਸਿੱਧ ਕਰਨ ਵਾਸਤੇ ਜੋ ਦਸ ਅੰਗ ਦੱਸੇ ਗਏ ਹਨ ਇਨ੍ਹਾਂ ਦੀ ਪੂਰੀ ਤਰ੍ਹਾਂ ਨਾਲ ਪਾਲਣਾ ਕਰੇ। ਆਪਣੇ ਵਿਵਹਾਰਕ ਜੀਵਨ ਨੂੰ ਸਤੋਗੁਣੀ ਦਿਬਯ ਬਣਾਉਣਾ ਹੁੰਦਾ ਹੈ। ਜੋ ਅਸੀਂ ਸਕਾਮ ਕਰਮ ਕਰਦੇ ਹਾਂ, ਉਨ੍ਹਾਂ ਦਾ ਫਲ ਸਾਨੂੰ ਜੰਮਣ ਮਰਨ, ਉਮਰ ਭੋਗਣ ਅਤੇ ਹੋਰ ਸੁੱਖਾਂ ਦਾ ਕਾਰਨ ਹੋਇਆ ਕਰਦਾ ਹੈ ਪਰ ਇਹ ਕਰਮ ਆਦਮੀ ਨੂੰ ਫਲ ਦੇਣ ਲਈ ਬੰਨ੍ਹ ਰਖਦੇ ਹਨ। ਯਮਾਂ ਦੀ ਪਾਲਣਾ ਕਰਕੇ ਜਿਹੜੇ ਬਾਹਰਲੇ ਸਬੰਧ ਰੱਖਣ ਕਰਕੇ ਆਪਣਾ ਲਗਾਓ ਰੱਖਣ ਵਾਲੇ ਹਨ ਅਤੇ ਦੂਸਰਿਆਂ ਨਾਲ ਵੈਰ, ਓਪਰਾਪਨ ਹੈ, ਹਰ ਵਕਤ ਆਸ਼ਾ ਤੇ ਅੰਦੇਸ਼ਾ ਵਿਚ ਜੀਵਨ ਰਿੜਕਿਆ ਜਾਵੇ

**L L L L L L**

(ਇਥੋਂ ਕੱਟ ਕੇ ਭੇਜੋ ਜੀ)

# Annual/Life Membership Form - Atam Marg

## ਸਾਲਾਨਾ/ਲਾਈਫ ਮੈਂਬਰਸ਼ਿਪ ਫਾਰਮ – ਆਤਮ ਮਾਰਗ

(ਇਹ ਫਾਰਮ ਭਰ ਕੇ 'ਦਫਤਰ 'ਆਤਮ ਮਾਰਗ' ਰਤਵਾੜਾ ਸਾਹਿਬ, ਡਾਕਖਾਨਾ : ਮੁਲਾਂਪੁਰ ਗਰੀਬਦਾਸ, ਜ਼ਿਲਾ ਰੋਪੜ 140901 ਨੂੰ ਭੇਜੋ ਜੀ)

1. ਜੇ ਆਪ ਪਹਿਲਾਂ ਤੋਂ 'ਆਤਮ ਮਾਰਗ' ਦੇ ਮੈਂਬਰ ਹੋ ਤਾਂ ਪਹਿਲਾ ਮੈਂਬਰਸ਼ਿਪ ਨੰਬਰ ਲਿਖੋ ਜੀ........................
2. ਨਾਮ/ Name......................................................................
3. ਪਿਤਾ ਦਾ ਨਾਮ/Father's Name............................................
4. ਪੂਰਾ ਪਤਾ/Full address.......................................................

.......................................................

.......................................................

PINCODE.......................Telephone..............

ਮੈਂ ..................... ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ........................ਮਿਤੀ.............................ਰਾਹੀਂ ਭੇਜ ਰਿਹਾ ਹਾਂ। ਮੈਂ **ਸਾਲਾਨਾ/ਲਾਈਫ** ਮੈਂਬਰ ਬਣ ਕੇ ਸਤਿਗੁਰੂ ਜੀ ਦੀ ਨਦਰ ਅਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਦਾ ਪਾਤਰ ਬਣਿਆ ਹਾਂ ਜਿਸ ਦੀ ਮੈਨੂੰ ਬਹੁਤ ਪ੍ਰਸੰਨਤਾ ਹੈ।

ਦਸਤਖਤ................................

ਨਾਮ................................

# ਅਬਿਨਾਸ਼ੀ ਜੋਤ

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ***

*(ਲੜੀ ਜੋੜਨ ਲਈ ਦੇਖੋ ਅਕਤੂਬਰ ਅੰਕ ਪੰਨਾ - 38)*

ਸ਼ਾਨ ....................................।

***ਸਤਿਨਾਮ ਸ੍ਰੀ ਵਾਹਿਗੁਰੂ,***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!***

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥***
***ਪੰਨਾ - 256***
***ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥***
***ਪੰਨਾ - 289***
***ਧਾਰਨਾ - ਕਵਨ ਅਨਾਥ ਬਿਚਾਰਾ,***
***ਪ੍ਰਭ ਮੋਹਿ ਕਵਨ ਅਨਾਥ ਬਿਚਾਰਾ -2, 2.***
***ਕਵਨ ਅਨਾਥ ਬਿਚਾਰਾ,***
***ਪ੍ਰਭ ਮੋਹਿ ਕਵਨ ਅਨਾਥ ਬਿਚਾਰਾ -2, 2.***

***ਪ੍ਰਭ ਜੀ ਮੋਹਿ ਕਵਨੁ ਅਨਾਥੁ ਬਿਚਾਰਾ॥***
***ਕਵਨ ਮੂਲ ਤੇ ਮਾਨੁਖੁ ਕਰਿਆ ਇਹੁ ਪਰਤਾਪੁ ਤੁਹਾਰਾ॥***
***ਜੀਅ ਪ੍ਰਾਣ ਸਰਬ ਕੇ ਦਾਤੇ ਗੁਣ ਕਹੇ ਨ ਜਾਹਿ ਅਪਾਰਾ॥***
***ਸਭ ਕੇ ਪ੍ਰੀਤਮ ਸ੍ਰਬ ਪ੍ਰਤਿਪਾਲਕ ਸਰਬ ਘਟਾਂ ਆਧਾਰਾ॥***
***ਕੋਇ ਨ ਜਾਣੈ ਤੁਮਰੀ ਗਤਿ ਮਿਤਿ ਆਪਹਿ ਏਕ ਪਸਾਰਾ॥***
***ਸਾਧ ਨਾਂਵ ਬੈਠਾਵਹੁ ਨਾਨਕ ਭਵ ਸਾਗਰੁ ਪਾਰਿ ਉਤਾਰਾ॥***
***ਪੰਨਾ - 1220***

***ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ***
***ਤਿਨ ਕੀ ਕਥਾ ਨਿਰਾਰੀ ਰੇ -2, 2.***
***ਤਿਨ ਕੀ ਕਥਾ ਨਿਰਾਰੀ ਰੇ,***
***ਤਿਨ ਕੀ ਕਥਾ ਨਿਰਾਰੀ ਰੇ -2, 2.***
***ਹਰਿ ਕੇ ਸੇਵਕ ਜੋ ਹਰਿ ਭਾਏ ..........-2.***

***ਹਰਿ ਕੇ ਸੇਵਕ ਜੋ ਹਰਿ ਭਾਏ ਤਿਨ੍ ਕੀ ਕਥਾ ਨਿਰਾਰੀ ਰੇ॥***
***ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ॥***
***ਪੰਨਾ - 855***

ਸਾਧ-ਸੰਗਤ ਜੀ ਗਜ ਕੇ ਬੋਲਣਾ 'ਸਤਿਨਾਮ ਸ੍ਰੀ ਵਾਹਿਗੁਰੂ।' ਪ੍ਰਮੇਸ਼ਰ ਦੇ ਪਿਆਰਿਆਂ ਦੀਆਂ, ਜੋ ਪ੍ਰਮੇਸ਼ਰ ਨੂੰ ਭਾਅ ਜਾਂਦੇ ਹਨ, ਉਹਨਾਂ ਦੀਆਂ ਕਥਾਵਾਂ ਤੇ ਸਾਡੀਆਂ ਕਥਾਵਾਂ ਦੇ ਵਿਚ ਬਹੁਤ ਫਰਕ ਹੁੰਦਾ ਹੈ। ਸਾਡੀ ਜੋ ਕਥਾ ਹੈ ਇਹ ਕ੍ਰੋਧ ਪੈਦਾ ਕਰਦੀ ਹੈ, ਈਰਖਾ ਪੈਦਾ ਕਰਦੀ ਹੈ, ਨਿੰਦਿਆ ਨੂੰ, ਹਉਮੈ ਨੂੰ ਪੈਦਾ ਕਰਦੀ ਹੈ, ਅਭਿਮਾਨ ਪੈਦਾ ਕਰਦੀ ਹੈ ਤੇ ਇਹਦੇ ਫਲਸਰੂਪ ਅਸੀਂ ਜਮਾ ਦੇ ਦੁਆਰੇ ਜਾ ਕੇ ਧੱਕੇ ਖਾਂਦੇ ਹਾਂ ਕਿਉਂਕਿ ਮਹਾਰਾਜ ਜੀ ਨੇ ਵਾਦ ਨੂੰ ਗਾਉਣਾ ਪ੍ਰਵਾਨ ਨਹੀਂ ਕੀਤਾ। ਝਗੜਿਆਂ ਦੀਆਂ ਗੱਲਾਂ ਗਾ ਗਾ ਕੇ ਸੁਣਾਉਣੀਆਂ, ਉਹਦੇ ਵਿਚ ਤਮੋ ਗੁਣ ਪ੍ਰਧਾਨ ਹੋ ਜਾਂਦਾ ਹੈ। ਸਤੋ ਗੁਣ ਬਿਰਤੀ ਅਲੋਪ ਹੋ ਜਾਂਦੀ ਹੈ। ਭਜਨ-ਬੰਦਗੀ ਨੇੜੇ ਤੇੜੇ ਨਹੀਂ ਰਹਿੰਦੀ। ਬੰਦਾ ਖੁਸ਼ਕ ਹੋ ਜਾਂਦਾ ਹੈ, ਅੰਦਰ ਕ੍ਰੋਧ ਆ ਜਾਂਦਾ ਹੈ। ਹੋਰ ਤਰ੍ਹਾਂ ਦਾ ਬਣ ਜਾਂਦਾ ਹੈ। ਉਸ ਤੋਂ ਪਹਿਲਾਂ ਹੀ ਆਦਮੀ ਬਹੁਤ ਗਿਰਿਆ ਪਿਆ ਹੈ, ਇਹਨੂੰ ਉਚਾ ਚੁਕਣਾ ਹੈ। ਇਹਨੂੰ ਰੋੜ੍ਹ 'ਚ ਰੋੜ੍ਹਨਾ ਨਹੀਂ ਹੈ। ਜਿਹੜੇ ਵਾਹਿਗੁਰੂ ਦੇ ਪਿਆਰੇ ਹੁੰਦੇ ਹਨ ਜਦੋਂ ਉਨ੍ਹਾਂ ਦੀਆਂ ਕਥਾਵਾਂ ਕਰੋ, ਉਹ ਸੁਣੀਆਂ ਜਾਣ। 'ਬਾਬਾਣੀਆ ਕਹਾਣੀਆ ਪੁਤ-ਸਪੁਤ ਕਰੇਨਿ' ਬਹੁਤ ਵੱਡਾ ਫਰਕ ਪਾਉਂਦੀਆਂ ਹਨ, ਪੁੱਤਰਾਂ ਨੂੰ ਸਪੁੱਤਰ ਬਣਾ ਦਿੰਦੀਆਂ ਨੇ, ਕਪੁੱਤਰਾਂ ਨੂੰ ਪੁੱਤਰ ਬਣਾ ਦਿੰਦੀਆਂ ਨੇ।

ਸੋ ਇਸ ਤਰ੍ਹਾਂ ਦੀ ਇਕ ਵਾਰਤਾ ਪਿਛਲੇ ਤਿੰਨ ਦੀਵਾਨਾਂ ਤੋਂ ਚਲ ਰਹੀ ਹੈ, ਜਿਹੜੇ ਪ੍ਰੇਮੀ ਨਹੀਂ ਆਏ ਉਹਨਾਂ ਦੀ ਗਿਆਤ ਵਾਸਤੇ ਬੇਨਤੀ ਹੈ ਗੁਰੂ ਨਾਨਕ ਪਾਤਿਸ਼ਾਹ ਨੂੰ ਰਿਝਾਉਣਾ ਸਭ ਤੋਂ ਔਖਾ ਸੀ ਕਿਉਂਕਿ ਨਾ ਤਾਂ ਕੋਈ ਓਨੀ ਤਪੱਸਿਆ ਕਰ ਸਕਦਾ ਸੀ, ਨਾ ਹੀ ਕੋਈ ਸੰਸਾਰ ਦੇ ਅੰਦਰ ਐਸਾ ਹੋਇਆ ਜਿਹੜਾ ਉਹਨਾਂ ਜਿੰਨੀ ਖੇਚਲ ਸਹਿ ਸਕੇ ਤੇ ਨਾ ਸਾਰੀ ਦੁਨੀਆਂ ਵਿਚ ਪ੍ਰਚਾਰ ਕਰਨ ਵਾਲਾ ਕੋਈ ਆਇਆ ਤੇ ਨਾ ਕੋਈ ਉਹਨਾਂ ਦੇ ਮੁਕਾਬਲੇ ਤੇ ਸੰਸਾਰ ਵਿਚ ਅੱਜ ਤੱਕ ਕੋਈ ਵਿਦਵਾਨ ਹੋਇਆ ਹੈ। ਵੱਡੀਆਂ ਵੱਡੀਆਂ ਫਿਲਾਸਫੀਆਂ ਉਹਨਾਂ ਦੀ ਜਪੁਜੀ ਦੀ ਇਕ ਲਾਇਨ ਦੇ ਅੱਗੇ ਫਿਕੀਆਂ ਪੈ ਜਾਂਦੀਆਂ ਹਨ। ਸਾਨੂੰ ਕਿਉਂ ਨਹੀਂ ਪਤਾ ਲਗਦਾ, ਸਾਨੂੰ ਇਸ ਕਰਕੇ ਨਹੀਂ ਪਤਾ ਕਿਉਂਕਿ ਅਸੀਂ ਗੁਰੂ ਨਾਨਕ ਨੂੰ ਕਹਿੰਦੇ ਹਾਂ ਕਿ ਸਾਡੇ ਹੀ ਸੀਗੇ, ਆਪਣੇ ਬਾਪ-ਦਾਦੇ ਦੀ ਜੋ ਪ੍ਰਭਤਾ ਹੁੰਦੀ ਹੈ, ਉਸ ਨੂੰ ਪੋਤੇ ਨਹੀਂ ਜਾਣਦੇ ਹੁੰਦੇ, ਬਾਹਰਲੇ ਲੋਕ ਜਾਣਦੇ ਹੁੰਦੇ ਹਨ। ਉਹਨਾਂ ਨੂੰ ਪਤਾ ਹੈ ਕਿ ਇਹ ਬਜ਼ੁਰਗ ਕਿਹੋ ਜਿਹਾ ਸੀ। ਜਦੋਂ ਚੜ੍ਹਾਈ ਕਰ ਜਾਂਦਾ ਹੈ, ਦੂਸਰਿਆਂ ਦੇ ਮੁਖ ਤੋਂ ਜੋ ਬਚਨ ਸੁਣਦਾ ਹੈ, ਫੇਰ ਉਸ ਨੂੰ ਥੋੜ੍ਹਾ ਮਹਿਸੂਸ ਹੁੰਦਾ ਹੈ ਕਿ ਸਾਡਾ ਬਜ਼ੁਰਗ ਐਨਾ ਵੱਡਾ ਸੀ, ਅਸੀਂ ਤਾਂ ਉਹਦੀ ਕਦਰ ਹੀ ਨਹੀਂ ਪਾਈ।

ਸਾਡੇ ਕੋਲ ਗੁਰੂ ਨਾਨਕ ਦੀ ਗੁਰਬਾਣੀ ਦੀ ਕਦਰ ਨਹੀਂ। ਜਪੁਜੀ ਸਾਹਿਬ ਨਹੀਂ ਅਸੀਂ ਸਮਝ ਸਕਦੇ। ਸਾਰੀ ਜ਼ਿੰਦਗੀ ਲਾ ਲਓ, ਪਹਿਲਾਂ ਤਾਂ ਜਪੁਜੀ ਸਾਹਿਬ ਨੂੰ ਪੜ੍ਹਦੇ ਹੀ ਨਹੀਂ ਹਾਂ। ਗੁਰੂ ਦਸਵੇਂ ਪਾਤਸ਼ਾਹ ਨੇ ਬਚਨ ਕੀਤਾ ਕਿ ਜਿਸ ਘਰ ਦੇ ਅੰਦਰ ਜਪੁਜੀ ਸਾਹਿਬ ਦਾ ਪਾਠ ਬਿਨਾ ਨਾਗਾ ਨਿਤਨੇਮ ਨਾਲ ਸ਼ੁਧ ਹਿਰਦੇ ਦੇ ਨਾਲ ਹੁੰਦਾ ਰਹੇਗਾ, ਉਸ ਘਰ 'ਚ ਕੋਈ ਵਿਘਨ ਨਹੀਂ ਆਏਗਾ, ਕਲੇਸ਼ ਨਹੀਂ ਆਏਗਾ, ਝਗੜੇ-ਝਾਟੇ ਨਹੀਂ ਹੋਣਗੇ। ਕਿਉਂ ਨਹੀਂ ਆਉਣਗੇ? ਕਿਉਂਕਿ ਉਥੇ ਕਲਜੁਗ ਪੈਰ ਨਹੀਂ ਰੱਖ ਸਕਦਾ। ਕਲਜੁਗ ਜਿਹੜਾ ਹੈ ਕਲਾ ਤੇ ਕਲੇਸ਼ ਦਾ ਯੁੱਗ ਹੈ। ਗੁਰੂ ਦਸਵੇਂ ਪਾਤਿਸ਼ਾਹ ਜੀ ਪਾਸ ਇਕ ਸਿੱਖ ਨੇ ਆ ਕੇ ਬੇਨਤੀ ਕੀਤੀ ਕਿ ਮਹਾਰਾਜ! ਮੇਰੀ ਜੋ ਸਿਖਣੀ ਹੈ, ਉਸ ਨੂੰ ਪਤਾ ਨਹੀਂ ਕੀ ਹੋ ਜਾਂਦਾ ਹੈ।

ਇਕ ਦਮ ਹਾਰ-ਸ਼ਿੰਗਾਰ ਕਰਕੇ ਤੁਰ ਪੈਂਦੀ ਹੈ ਅਤੇ ਇਕ ਤਾਂਤਰੀ ਮੁੱਲਾਂ ਪਾਸ ਚਲੀ ਜਾਂਦੀ ਹੈ। ਉਸਨੂੰ ਸਮਝਾਉਂਦੇ ਭੀ ਹਾਂ ਪਰ ਉਹ ਕਹਿੰਦੀ ਹੈ ਕਿ ਸਭ ਗੱਲਾਂ ਜਾਣਦੀ ਹਾਂ ਅਤੇ ਮੈਂ ਆਪਣੇ ਇਸ ਕਰਮ ਨਾਲ ਕਦਾਂਚ ਭੀ ਸਹਿਮਤ ਨਹੀਂ ਹਾਂ ਪਰ ਕੀ ਹੋ ਜਾਂਦਾ ਹੈ, ਮੈਨੂੰ ਕੋਈ ਚੀਜ਼ ਖਿੱਚ ਕੇ ਲੈ ਜਾਂਦੀ ਹੈ, ਮੇਰੀ ਹੋਸ਼ ਖਤਮ ਹੋ ਜਾਂਦੀ ਹੈ। ਜਦੋਂ ਮੈਂ ਘਰ ਵਾਪਸ ਆ ਜਾਵਾਂ ਤਾਂ ਬਹੁਤ ਪਛਤਾਉਂਦੀ ਹਾਂ। ਮਹਾਰਾਜ ਕਹਿੰਦੇ, "ਉਸ ਨੂੰ ਉਹਨੇ ਮੰਤਰਿਆ ਹੋਇਆ ਹੈ।" ਮਹਾਰਾਜ, ਬੜੇ ਇਲਾਜ ਕਰਾਏ ਨੇ, ਕੋਈ ਫਰਕ ਨਹੀਂ ਪੈ ਰਿਹਾ। ਜਦੋਂ ਵਾਪਸ ਆ ਜਾਂਦੀ ਹੈ ਉਹ ਆਪ ਹੀ ਕਹਿੰਦੀ ਹੈ ਕਿ ਹੈਰਾਨੀ ਦੀ ਗੱਲ ਹੈ ਕਿ ਮੈਨੂੰ ਕੋਈ ਪਤਾ ਨਹੀਂ ਮੈਂ ਕਦੋਂ ਤੁਰੀ, ਮੈਨੂੰ ਕਦੋਂ ਲੈ ਗਏ, ਕਿਥੇ ਲੈ ਗਏ, ਪਛਤਾਉਂਦੀ ਹੈ, ਰੋਂਦੀ ਹੈ। ਜਦੋਂ ਉਸ ਨੂੰ ਦੱਸਿਆ ਜਾਂਦਾ ਹੈ ਕਿ ਤੂੰ ਤਾਂ ਉਥੇ ਮੁਲਾਣਿਆਂ ਪਾਸ ਚਲੀ ਗਈ ਸੀ। ਮਹਾਰਾਜ ਜੀ ਕਹਿੰਦੇ, ਪ੍ਰੇਮੀਆਂ! ਸਭ ਮੰਤਰਾਂ ਤੋਂ ਵੱਡਾ ਅਤੇ ਸ੍ਰੇਸ਼ਟ ਮੰਤਰ 'ਜਪੁਜੀ ਸਾਹਿਬ' ਹੈ। ਸੋ ਤੂੰ ਭੀ ਅਤੇ ਉਹ ਭੀ ਜਪੁਜੀ ਸਾਹਿਬ ਪੜ੍ਹਿਆ ਕਰੋ। ਇਹ ਦਸ ਭਾਈ ਤੂੰ ਜਪੁਜੀ ਸਾਹਿਬ ਪੜ੍ਹਦਾ ਹੁੰਦਾ ਹੈਂ? ਮੈਂ ਵੀ ਇਥੇ ਪੁਛਦਾ ਹਾਂ, ਪ੍ਰੇਮੀਆਂ! ਤੂੰ ਜਪੁਜੀ ਸਾਹਿਬ ਪੜ੍ਹਦਾ ਹੁੰਦਾ ਹੈ? ਕਹਿੰਦੇ ਜੀ, ਯਾਦ ਨਹੀਂ ਹੈ। ਕਮਾਲ ਦੀ ਗੱਲ ਹੈ, ਮਨੁੱਖ ਦਾ ਜਾਮਾ, ਗੁਰੂ ਦੀ ਸਿੱਖੀ ਤੁਹਾਨੂੰ ਪ੍ਰਾਪਤ ਹੈ। ਤੁਸੀਂ ਕਹਿੰਦੇ ਹੋ ਕਿ ਅਸੀਂ ਗੁਰੂ ਦੇ ਸਿੱਖ ਹਾਂ, ਫੇਰ ਜਪੁਜੀ ਸਾਹਿਬ ਨਹੀਂ ਯਾਦ। ਐਸਾ ਫੁਰਮਾਨ ਹੈ –

***ਬਿਨ ਜਪੁ ਜਾਪ ਜਪੈ ਜੋ ਜੇਵੇ ਪ੍ਰਸਾਦਿ॥***
***ਸੋ ਬਿਸਟਾ ਕਾ ਜੰਤ ਹੋਇ ਜਨਮ ਗਵਾਵੈ ਬਾਦਿ।।***

***ਰਹਿਤਨਾਮਾ***

ਜਿਹੜਾ ਜਪੁਜੀ ਸਾਹਿਬ ਤੇ ਜਾਪੁ ਸਾਹਿਬ ਪੜ੍ਹੇ ਬਗੈਰ ਪ੍ਰਸ਼ਾਦਾ ਛਕਦਾ ਹੈ, ਕਹਿੰਦੇ ਉਹ ਬਿਸਟਾ ਦਾ ਜੰਤ ਬਣ ਜਾਂਦਾ ਹੈ। ਸੋ ਮਹਾਰਾਜ ਕਹਿੰਦੇ, ਜਪੁਜੀ ਸਾਹਿਬ ਪੜ੍ਹਦੇ ਹੁੰਦੇ ਹੋ? ਕਹਿੰਦੇ, 'ਜੀ ਨਹੀਂ, ਮਹਾਰਾਜ ਜੀ ਯਾਦ ਨਹੀਂ।'

ਕਹਿੰਦੇ, ਕਾਹਦੀ ਸਿਖੀ ਹੈ ਤੁਹਾਡੀ ਫੇਰ ਜੇ ਜਪੁਜੀ ਸਾਹਿਬ ਹੀ ਨਹੀਂ ਯਾਦ। ਕਿਹੜੀ ਗੱਲ ਦੇ ਸਿੱਖ ਹੋ ਤੁਸੀਂ? ਕੋਈ ਔਖਾ ਨਹੀਂ ਹੁੰਦਾ, ਜੇ ਕੋਈ ਕਹੇ ਮੈਂ ਪੜ੍ਹਿਆ ਹੀ ਨਹੀਂ, ਇਹ ਪੜ੍ਹਿਆਂ ਦੇ ਕਿਹੜਾ ਯਾਦ ਹੈ? ਪੜ੍ਹਿਆਂ ਨੂੰ ਪੁਛ ਲਓ ਕਾਲਜ ਵਿਚ ਚਲੇ ਜਾਓ, ਪੁਛ ਲਓ, ਸਿੱਖਾਂ ਦੇ ਮੁੰਡਿਆਂ ਨੂੰ ਕਿ ਤੇਰੇ ਜਪੁਜੀ ਸਾਹਿਬ ਯਾਦ ਹੈ? ਕਹਿੰਦੇ, ਅਸੀਂ ਤਾਂ ਦੇਖਿਆ ਹੀ ਨਹੀਂ, ਜਪੁਜੀ ਸਾਹਿਬ ਕੀ ਹੁੰਦਾ ਹੈ। ਕਿਉਂ? ਕਹੀਂ ਤਾਂ ਜਾਂਦੇ ਹਾਂ ਅਸੀਂ ਸਿੱਖ ਹਾਂ, ਸਿੱਖ ਹੈ ਨਹੀਂ, ਸਿੱਖ ਤਾਂ ਕੋਈ ਵਿਰਲਾ-ਵਿਰਲਾ ਹੈ। ਸਾਰੇ ਨਹੀਂ ਹੁੰਦੇ। ਇਹ ਤਾਂ ਵੋਟਾਂ ਵਾਲਿਆਂ ਨੂੰ ਲੋੜ ਹੈ ਸਿੱਖਾਂ ਦੀ। ਸਗੋਂ ਇਹਨਾਂ ਦੇ ਕਰਕੇ ਦੂਸਰੇ ਵੀ ਔਖੇ ਹੋ ਰਹੇ ਹਨ।

ਗੁਰਸਿਖੀ ਦਾ ਮਾਰਗ ਤਾਂ ਬਹੁਤ ਆਸਾਨ ਹੈ। ਹੁਣੇ ਤੁਸੀਂ ਵਿਆਹ ਦੇਖਿਆ ਹੈ, ਬਾਰਾਤ ਆ ਗਈ ਹੈ, ਸਾਰੇ ਸਤਿਸੰਗੀ ਬਣ ਕੇ ਆਏ ਹਨ। ਗੁਰੂ ਘਰ ਨੂੰ ਸ਼ਰਧਾ ਦੇ ਨਾਲ ਆਏ ਹਨ ਤੇ ਬੀਬੀ ਦਾ ਪਰਿਵਾਰ ਹੈ ਤੇ ਉਹ ਵੀ ਪੂਰੀ ਸ਼ਰਧਾ ਦੇ ਨਾਲ ਗੁਰੂ ਘਰ 'ਚ ਆਏ ਹਨ। ਕੋਈ ਅਡੰਬਰ ਨਹੀਂ, ਕੋਈ ਦਿਖਾਵਾ ਨਹੀਂ। ਗੁਰੂ ਮਹਾਰਾਜ ਜੀ ਦੀ ਹਜ਼ੂਰੀ 'ਚ ਆ ਕੇ ਪ੍ਰਣ ਕਰ ਲਿਆ ਤੇ ਵਿਆਹ ਹੋ ਗਿਆ। ਕਿੰਨਾ ਸੁਖਾਲਾ ਹੈ। ਕੋਈ ਵਾਜੇ ਨਹੀਂ ਵਜਾਉਣੇ, ਕੋਈ ਦਾਜ-ਕੱਪੜੇ, ਕੁਛ ਵੀ ਨਹੀਂ ਦੇਵੇ, ਨਾਲੇ ਸੰਗਤਾਂ ਦੀਆਂ ਖੁਸ਼ੀਆਂ, ਨਾਲੇ ਗੁਰੂ ਦੀਆਂ ਖੁਸ਼ੀਆਂ, ਨਾਲੇ ਉਹਨਾਂ ਦੀ ਅਕੀਦਤ ਕਿ ਜਦੋਂ ਵੱਡਾ ਕੰਮ ਕਰਨਾ ਹੋਵੇ ਤਾਂ ਗੁਰੂ ਦੇ ਦੁਆਰੇ ਆ ਕੇ ਕਰੋ। ਸੰਗਤ ਦੇ ਵਿਚ ਆ ਕੇ ਕਰੋ। ਸੰਗਤ ਦੀ ਥਾਂ ਤੇ ਜਦੋਂ ਸ਼ਰਾਬੀ-ਕਬਾਬੀ ਇਕੱਠੇ ਹੋ ਜਾਂਦੇ ਹਨ, ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਰਾਤ ਨੂੰ ਸ਼ਰਾਬ ਪੀਤੀ ਜਾਂ ਪਹਿਲਾਂ ਪੀਤੀ, ਪੀ ਕੇ ਆਉਂਦੇ ਹਨ ਮਹਾਰਾਜ ਜੀ ਦੀ ਕਿੰਨੀ ਬੇ-ਅਦਬੀ ਕਰਦੇ ਹਨ। ਫੇਰ ਉਹ ਵਿਆਹ ਰਹਿ ਜਾਏਗਾ? ਗਲਤ ਹੋ ਜਾਏਗਾ। ਸੋ ਇਹ ਬੜਾ ਹੀ ਸਧਾਰਨ ਤਰੀਕਾ ਸੀ ਗੁਰੂ ਮਹਾਰਾਜ ਜੀ ਦਾ। ਸਹਿਜ ਦੇ ਨਾਲ ਚੱਲਣ ਵਾਸਤੇ ਸਾਨੂੰ ਹੁਕਮ ਸੀ। ਔਖੇ ਨਾ ਹੋਵੋ ਕਿਸੇ ਗੱਲ ਦੇ ਉਤੇ, ਦੇਖ ਦਿਖਾਵਾ ਨਾ ਕਰੋ। ਨੱਕ-ਨਮੂਜ਼ ਦੀ ਗੱਲ ਮਨਮੁਖ ਕਰਿਆ ਕਰਦੇ ਹਨ, ਗੁਰਮੁਖ ਨਹੀਂ ਕਰਿਆ ਕਰਦੇ। ਗੁਰਮੁਖਾਂ ਦਾ ਗੁਰੂ ਨਾਲ ਪਿਆਰ ਹੁੰਦਾ ਹੈ। ਸੋ ਜਦੋਂ ਵੀ ਕੋਈ ਕਾਰਜ ਕਰਨਾ ਹੈ –

***ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥***

***ਪੰਨਾ – 91***

ਆਪਣੇ ਗੁਰੂ ਕੋਲ ਆ ਜਾਂਦੇ ਹਨ, ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਹੋ ਜਾਂਦੀਆਂ ਹਨ। ਸੋ ਇਸ ਤਰ੍ਹਾਂ ਦੇ ਨਾਲ ਅਡੰਬਰ ਸਾਡੀ ਜ਼ਿੰਦਗੀ ਦੇ ਵਿਚ ਬਹੁਤ ਆ ਗਿਆ। ਅਸੀਂ ਸਿੱਖ ਹਾਂ ਨਹੀਂ, ਆਪਣੇ ਆਪ ਨੂੰ ਕਹਿੰਦੇ ਹਾਂ, ਅਸੀਂ ਸਿੱਖ ਹਾਂ। ਜਿੰਨਾ ਚਿਰ ਅੰਮ੍ਰਿਤ ਨਹੀਂ ਛਕਦਾ, ਪੰਜ ਪਿਆਰਿਆਂ ਤੋਂ ਨਾਮ ਨਹੀਂ ਲੈਂਦਾ, ਓਨਾਂ ਚਿਰ ਉਹ ਕੁਝ ਵੀ ਨਹੀਂ ਹੈ। ਮਹਾਰਾਜ ਜੀ ਤਾਂ ਇਸ ਤਰ੍ਹਾਂ ਕਹਿੰਦੇ ਹਨ –

***ਬਿਨ ਪਾਹੁਲ ਧਰੇ ਕੇਸ ਭੇਖੀ ਮੂਰਖ ਸਿੱਖ।***
***ਮੇਰਾ ਦਰਸਨ ਨਾਹੀ ਤਿਸ।***

ਕਹਿੰਦੇ ਨਾਲੇ ਤਾਂ ਭੇਖੀ ਹੈ ਨਾਲੇ ਮੂਰਖ। ਮੇਰਾ ਦਰਸ਼ਨ ਨਹੀਂ ਕਦੇ ਵੀ ਉਸ ਨੂੰ ਹੋਏਗਾ, ਨਾ ਨਾਮ ਨੂੰ ਫਲ ਲਗੇ ਕਿਉਂਕਿ ਉਹ ਨਿਗੁਰਾ ਨਾਮ ਜਪਦਾ ਹੈ। ਸੋ ਜਦ ਤੱਕ ਬਾਣੀ ਸਾਡੇ ਯਾਦ ਨਹੀਂ ਹੁੰਦੀ ਅਸੀਂ ਗੁਰੂ ਦੇ ਸਿੱਖ ਕਿਵੇਂ ਕਹਾ ਲਵਾਂਗੇ? ਜੇ ਕਹੇ ਮੈਂ ਤਾਂ ਪੜ੍ਹਿਆ ਨਹੀਂ ਹੋਇਆ।

ਮੇਰੇ ਯਾਦ ਹੈ ਤੁਹਾਡੇ ਬੀਬੀ ਜੀ ਦੇ ਮਾਤਾ ਜੀ ਕੋਈ ਅੱਖਰ ਨਹੀਂ ਸੀ ਜਾਣਦੇ। ਉਹਨਾਂ ਨੇ ਗਰਮੀਆਂ ਦੇ ਮਹੀਨੇ ਅੰਮ੍ਰਿਤ ਵੇਲੇ ਉਠ ਕੇ ਦੋ ਵਜੇ ਇਸ਼ਨਾਨ ਕਰਕੇ ਕੋਠੇ ਤੇ ਬੈਠ ਜਾਣਾ, ਬਨੇਰੇ ਦੇ ਕੋਲ ਮੰਜੇ ਤੋਂ ਉਤਰ ਕੇ ਬੈਠ ਜਾਂਦੇ ਸੀ, ਫੇਰ ਉਹਨਾਂ ਨੇ ਗਾ ਗਾ ਕੇ ਬਾਣੀਆਂ ਪੜ੍ਹਨੀਆਂ, ਜਪੁਜੀ ਸਾਹਿਬ ਪੜ੍ਹਨਾ, ਜਾਪੁ ਸਾਹਿਬ ਪੜ੍ਹਨਾ ਤੇ ਅਨੰਦ ਸਾਹਿਬ ਪੜ੍ਹਨਾ, ਸਵੱਈਏ ਪੜ੍ਹਨੇ, ਸ਼ਬਦ ਹਜ਼ਾਰੇ ਪੜ੍ਹਨੇ, ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਜੀ ਦੇ ਸਲੋਕ ਉਹ ਸਾਰੇ ਪੜ੍ਹਨੇ, ਆਸਾ ਜੀ ਦੀ ਵਾਰ ਸ਼ਬਦਾਂ ਛੱਕਿਆਂ ਸਮੇਤ ਪੜ੍ਹਨੀ, ਕਿੰਨੀਆਂ ਬਾਣੀਆਂ ਹੋ ਗਈਆਂ। ਅੱਠ ਨੌ ਬਾਣੀਆਂ ਰੋਜ਼ ਹੀ ਕਰਨੀਆਂ।

ਅਸੀਂ ਕਹਿਣਾ, ਬੇਬੇ ਜੀ ਤੁਹਾਡੇ ਕਿਵੇਂ ਯਾਦ ਹੋ ਗਈਆਂ। ਕਹਿੰਦੀ ਮੈਂ ਇਕ-ਇਕ, ਦੋ-ਦੋ, ਤੁਕਾਂ ਪੜ੍ਹਿਆਂ ਹੋਇਆਂ ਤੋਂ ਪੁਛ ਕੇ ਯਾਦ ਕਰ ਲੈਂਦੀ ਸੀ।

ਜਿਸ ਦੇ ਮਨ 'ਚ ਲਗਨ ਹੈ, ਸ਼ੌਂਕ ਹੈ ਕਿ ਦਰਗਾਹ ਦੇ ਵਿਚ ਜਾ ਕੇ ਸਾਡੇ ਡੰਡੇ ਨਾ ਪੈਣ, ਸਾਡਾ ਆਦਰ ਹੋਵੇ, ਉਹ ਤਾਂ ਹਾਸਲ ਕਰਦਾ ਹੈ। ਜਿਵੇਂ ਦੁਨੀਆਂ ਦੀ ਚੀਜ਼ ਵਾਸਤੇ ਨੱਠੇ ਫਿਰਦੇ ਹੋ, ਇਸੇ ਤਰ੍ਹਾਂ ਗੁਰੂ ਦੀ ਬਾਣੀ ਰਤਨ, ਜਵਾਹਰ ਤੇ ਲਾਲ ਨੇ। ਜਿਨ੍ਹਾਂ ਨੂੰ ਕਦਰ ਹੈ ਉਹ ਜਾਣਦੇ ਹਨ। ਉਹ ਹਰ ਵਕਤ ਬਾਣੀ ਪੜ੍ਹਦੇ ਹਨ ਜਾਂ ਵਾਹਿਗੁਰੂ ਦਾ ਮੰਤਰ ਜਪਦੇ ਹਨ ਜਾਂ ਮੂਲ ਮੰਤਰ ਜਪਦੇ ਹਨ ਜਾਂ ਬਾਣੀ ਪੜ੍ਹਦੇ ਹਨ। ਹੁਕਮ ਹੈ ਕਿ -

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥***
***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥***
***ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ..........॥***

***ਪੰਨਾ - 305***

ਜਿਹੜੇ ਪੰਜ ਪਿਆਰੇ ਨਾਮ ਦਿੰਦੇ ਨੇ ਫੇਰ ਉਹ ਜਪਣਾ,

***........ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥***

***ਪੰਨਾ - 305***

ਸਾਰੇ ਪਾਪਾਂ ਦਾ ਖਾਤਮਾ ਹੋ ਜਾਂਦਾ ਹੈ ਜਦੋਂ ਦਿਨ ਚੜ੍ਹ ਗਿਆ, ਬਾਣੀ ਪੜ੍ਹਦੇ ਰਹੋ -

***ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ***
***ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥***
***ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ***
***ਸੋ ਗੁਰਸਿਖੁ ਗੁਰੂ ਮਨਿ ਭਾਵੈ॥*** ***ਪੰਨਾ - 306***

ਉਹ ਭਾਉਂਦਾ ਹੈ ਗੁਰੂ ਨੂੰ ਬਾਕੀ ਤਾਂ ਭਾਉਂਦੇ ਨਹੀਂ। ਅਸੀਂ ਆਪਣਾ ਫਰਜ਼ ਪੂਰਾ ਨਹੀਂ ਕਰਦੇ। ਗੁਰੂ ਤੋਂ ਮੰਗਦੇ ਹਾਂ ਕਿ ਮੇਰਾ ਆਹ ਕੰਮ ਹੋ ਜਾਏ, ਮੇਰਾ ਆਹ ਕੰਮ ਹੋ ਜਾਏ, ਮੇਰੀ ਬੀਮਾਰੀ ਜਾਂਦੀ ਰਹੇ, ਮੇਰਾ ਮੁੰਡਾ ਸ਼ਰਾਬ ਪੀਣ ਤੋਂ ਹੱਟ ਜਾਏ, ਮੇਰਾ ਪਤੀ ਸ਼ਰਾਬ ਤੋਂ ਹੱਟ ਜਾਏ। ਮੈਂ ਪੁਛਦਾ ਹਾਂ, ਬੀਬੀ, ਜਪੁਜੀ ਸਾਹਿਬ ਯਾਦ ਹੈ। ਕਹਿੰਦੇ, ਨਾ ਜੀ, ਉਹ ਤਾਂ ਯਾਦ ਨਹੀਂ। ਬੀਮਾਰੀ ਹੱਟ ਜਾਏ ਬਾਬਾ ਜੀ। ਮੈਂ ਕਿਹਾ, ਤੁਸੀਂ ਜਪੁਜੀ ਯਾਦ ਕਰ ਲਓ, ਤੁਹਾਡੀ ਬੀਮਾਰੀ ਹਟ ਜਾਏਗੀ। ਚਲੋ ਐਨਾ ਹੀ ਸੀ, ਮੈਂ ਕੋਈ ਅਸ਼ੀਰਵਾਦ ਤਾਂ ਨਹੀਂ ਦੇਣੀ, ਸਿਰ ਤੇ ਕੋਈ ਹੱਥ ਨਹੀਂ ਰੱਖਣਾ। ਤੁਸੀਂ ਗੁਰੂ ਦੀ ਸ਼ਰਨ ਵਿਚ ਆਓ, ਗੁਰੂ ਦਾ ਲੜ ਫੜੋ, ਬੀਮਾਰੀਆਂ ਆਪੇ ਹੱਟ ਜਾਣਗੀਆਂ।

ਸੋ ਇਸ ਤਰ੍ਹਾਂ ਦੇ ਨਾਲ ਸਾਡਾ ਪਿਆਰ ਨਹੀਂ ਗੁਰੂ ਦੇ ਨਾਲ। ਸੋ ਗੁਰੂ ਦਸਵੇਂ ਪਾਤਿਸ਼ਾਹ ਕਹਿਣ ਲੱਗੇ, ਗੁਰਸਿਖਾ ਜਪੁਜੀ ਸਾਹਿਬ ਯਾਦ ਹੈ। ਕਹਿੰਦੇ, "ਮਹਾਰਾਜ ਚੰਗੀ ਤਰ੍ਹਾਂ ਨਹੀਂ ਯਾਦ।" ਕਹਿੰਦੇ, "ਇਹ ਤਾਂ ਬੜੀ ਮਾੜੀ ਗੱਲ ਹੈ, ਜਪੁਜੀ ਸਾਹਿਬ ਤਾਂ ਯਾਦ ਕਰਦਾ। ਇਸ ਤਰ੍ਹਾਂ ਕਰ ਪੰਜ ਪਾਠ ਜਪੁਜੀ ਸਾਹਿਬ ਦੇ ਕਰਕੇ ਇਹ ਨੂੰ ਜਲ ਪਿਲਾ ਦੇ ਨਾਲੇ ਉਹ ਜਲ ਜਿਹੜਾ ਸਾਹਮਣੇ ਰੱਖਿਆ ਹੋਏਗਾ ਉਹ ਇਸ ਦੇ ਸਿਰ 'ਚ ਪਾ ਦਵੀਂ, ਉਹਦੇ ਨਾਲ ਕੇਸੀ ਨਹਾ ਲਵੇ, ਉਹਦੇ ਨਾਲ ਪਿੰਡੇ ਨਹਾ ਲਵੇ, ਉਸ ਨੂੰ ਹੋਸ਼ ਆ ਜਾਏਗਾ। ਜਿਹੜਾ ਮੰਤਰ ਕੀਤਾ ਹੋਇਆ ਹੈ, ਉਹ ਖਤਮ ਹੋ ਜਾਏਗਾ। ਉਸੇ ਵੇਲੇ ਗਿਆ ਜਾ ਕੇ ਗੁਰਸਿਖ ਨੂੰ ਨਾਲ ਲੈ ਗਿਆ, ਪੰਜ ਜਪੁਜੀ ਸਾਹਿਬ ਦੇ ਪਾਠ ਕਰਾਏ, ਉਸ ਤੋਂ ਬਾਅਦ ਜਲ ਬਣਾ ਲਿਆ, ਪਲਾਇਆ ਉਸ ਨੂੰ ਕੇਸੀ ਇਸ਼ਨਾਨ ਕਰਾਇਆ, ਇਕ ਦਮ ਹੋਸ਼ ਆ ਗਈ, ਜਿਵੇਂ ਕਿਸੇ ਚੀਜ਼ ਨੇ ਛੱਡ ਦਿਤੀ ਹੁੰਦੀ ਹੈ। ਕਹਿੰਦੀ ਮੈਨੂੰ ਮਹਾਰਾਜ ਕੋਲ ਲੈ ਚਲੋ। ਕਹਿੰਦੇ ਤੂੰ ਅੱਜ ਤਕ ਨਹੀਂ ਕਿਹਾ, ਮੈਨੂੰ ਮਹਾਰਾਜ ਕੋਲ ਲੈ ਚਲੋ। ਜਦੋਂ ਕਹਿੰਦੇ ਸੀ ਚਲ, ਤੂੰ ਕਹਿੰਦੀ ਸੀ ਨਾ ਮੈਂ ਨਹੀਂ ਜਾਣਾ, ਮੇਰਾ ਨਹੀਂ ਜੀਅ ਕਰਦਾ। ਕਹਿੰਦੀ, "ਅੱਜ ਪਤਾ ਨਹੀਂ ਕੀ ਹੋ ਗਿਆ ਮੇਰੇ ਸਿਰ ਤੋਂ ਬੋਝ ਲਹਿ ਗਿਆ, ਮੈਂ ਤਾਂ ਕਿਸੇ ਚੀਜ਼ ਨੇ ਫੜੀ ਹੋਈ ਸੀ। ਹੁਣ ਕਿੱਡਾ ਜਪੁਜੀ ਸਾਹਿਬ ਦਾ ਫਲ ਹੈ। ਇਥੇ ਬੀਮਾਰ ਰਾਜ਼ੀ ਹੁੰਦੇ ਹਨ। ਅਸੀਂ ਕਹਿੰਦੇ ਹਾਂ ਜਪੁਜੀ ਸਾਹਿਬ ਦੇ ਪਾਠ ਕਰੋ, 25 ਪਾਠ ਰੋਜ਼ ਕਰੋ, ਸਾਰੇ ਮਹਾਂਪੁਰਸ਼ ਕਹਿੰਦੇ ਹਨ, ਗੁਰੂ ਦੀ ਬਾਣੀ ਪੜ੍ਹਨ ਨਾਲ ਰਾਜ਼ੀ ਹੋ ਜਾਂਦਾ ਹੈ। ਸੇਵਾ ਕਰਨ ਨਾਲ ਰਾਜ਼ੀ ਹੋ ਜਾਂਦਾ ਹੈ।

ਸੋ ਇਸ ਤਰ੍ਹਾਂ ਜਦੋਂ ਤੱਕ ਅਸੀਂ ਬਾਣੀ ਨਹੀਂ ਪੜ੍ਹਦੇ ਉਨ੍ਹੀ ਦੇਰ ਤੱਕ ਬਾਤ ਨਹੀਂ ਬਣਿਆ ਕਰਦੀ।

ਸੋ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਦੀ ਵਾਰਤਾ ਦਾ ਜ਼ਿਕਰ ਕਰ ਰਹੇ ਸੀ। ਤੁਸੀਂ ਤਾਂ ਗੁਰੂ ਨੂੰ ਮੰਨਦੇ ਹੋ, ਬਾਣੀ ਪੜ੍ਹਦੇ ਹੋ, ਮੱਥਾ ਟੇਕਦੇ ਹੋ, ਗੁਰਦੁਆਰੇ ਆਉਂਦੇ ਹੋ, ਉਸ ਵੇਲੇ ਆਪ ਬਿਲਕੁਲ ਨਹੀਂ ਸੀ ਆਇਆ ਕਰਦੇ। ਭਾਈ ਲਹਿਣਾ ਜੀ ਉਹਨਾਂ ਦਾ ਨਾਮ ਸੀ ਤੇ ਭਾਈ ਫੇਰੂ ਮਲ ਉਹਨਾਂ ਦੇ ਪਿਤਾ ਜੀ ਸੀ, ਮਾਤਾ ਦਾ ਨਾਮ ਦਿਆ ਕੌਰ ਸੀ, ਬੜੇ ਰੱਜੇ-ਪੁੱਜੇ ਖਾਨਦਾਨ ਦੇ ਵਿਚੋਂ, ਵਪਾਰੀ ਸਨ ਤੇ ਦੂਰ-ਦੂਰ ਤੱਕ ਇਹਨਾਂ ਦਾ ਵਾਪਾਰ ਹੁੰਦਾ ਸੀ, ਪੈਸੇ ਦੀ ਕੋਈ ਘਾਟ ਨਹੀਂ ਸੀ। ਆਪ ਨੇ ਇਕ ਦਿਨ ਦੇਵੀ ਦੀਆਂ ਭੇਟਾਂ ਦਾ ਜਗਰਾਤਾ ਲਾਇਆ ਤੇ ਉਸ ਤੋਂ ਬਾਅਦ ਅੰਮ੍ਰਿਤ ਵੇਲੇ ਜੀਅ ਕਰਿਆ ਕਿ ਇਸ਼ਨਾਨ ਕਰੀਏ। ਟੋਭੇ ਵਿਚ ਨਹਾਉਣ ਚਲੇ ਗਏ। ਉਥੇ ਇਕ ਗੁਰਸਿਖ ਇਸ਼ਨਾਨ ਕਰਦਾ ਸੀ ਤੇ ਉਸ ਗੁਰਸਿਖ ਨੇ ਬਾਣੀ ਪੜ੍ਹੀ, ਇਹਨਾਂ ਨੇ ਧਿਆਨ ਨਾਲ ਸੁਣੀ। ਮਨ ਨੂੰ ਐਨੀ ਖਿੱਚ ਪਈ, ਅਛੋਪਲੇ ਜਿਹੇ ਜਾ ਕੇ ਪਿਛਲੇ ਪਾਸੇ ਬੈਠ ਗਏ ਕਿ ਜੇ ਸਾਮ੍ਹਣੇ ਬੈਠਿਆ ਤਾਂ ਸ਼ਾਇਦ ਚੁਪ ਨਾ ਕਰ ਜਾਣ। ਜਪੁਜੀ ਸਾਹਿਬ ਦਾ ਪਾਠ ਸੁਣਿਆ, ਆਸਾ ਜੀ ਦੀ ਵਾਰ ਸੁਣਦੇ ਸਾਰ ਮਨ ਦੇ ਅੰਦਰ ਖਿਆਲ ਹੋ ਗਿਆ ਕਿ ਇਹ ਤਾਂ ਬਾਣੀ ਬਹੁਤ ਉਚੀ ਹੈ, ਅੱਜ ਤੱਕ ਮੈਂ ਐਸੀ ਬਾਤ ਹੀ ਨਹੀਂ ਸੁਣੀ। ਉਸ ਵੇਲੇ ਭਾਈ ਜੋਧ ਨੂੰ, ਜੋ ਉਥੇ ਦਾ ਜੱਟ ਸੀ, ਕਹਿਣ ਲੱਗੇ, ਭਾਈ ਜੋਧ, ਆਹ ਅੰਮ੍ਰਿਤ ਤੂੰ ਕਿਥੋਂ ਲਿਆ ਹੈ। ਜਦੋਂ ਤੂੰ ਅੰਮ੍ਰਿਤ ਦੀ ਬਾਣੀ ਦੀ ਬਾਰਸ਼ ਕਰਦਾ ਰਿਹਾ ਹੈਂ ਤਾਂ ਇਸ ਨੇ ਮੇਰੇ ਹਿਰਦੇ ਨੂੰ ਪ੍ਰਫੁਲਤ ਕਰ ਦਿਤਾ ਤੇ ਮੇਰਾ ਮਨ ਬਹੁਤ ਪ੍ਰਸੰਨ ਹੋਇਆ। ਉਹਨੇ ਦੱਸਿਆ ਕਿ ਇਹ ਗੁਰੂ ਨਾਨਕ ਪਾਤਿਸ਼ਾਹ ਦੀ ਬਾਣੀ ਹੈ। ਕੌਣ ਨੇ ਗੁਰੂ ਨਾਨਕ

ਸਾਹਿਬ? ਅਜੇ ਤੱਕ ਨਹੀਂ ਸੀ ਸੁਣਿਆ, ਕਿਉਂਕਿ ਖਡੂਰ ਸਾਹਿਬ ਤੇ ਕਰਤਾਰਪੁਰ ਦਾ ਬਹੁਤਾ ਫਰਕ ਨਹੀਂ, ਇਕੋ ਜ਼ਿਲ੍ਹੇ ਵਿਚ ਨੇੜੇ ਨੇੜੇ ਹਨ। ਉਹ ਗੁਰਦਾਸਪੁਰ ਜ਼ਿਲ੍ਹੇ ਵਿਚ ਹੈ, ਇਹ ਅੰਮ੍ਰਿਤਸਰ 'ਚ ਹੈ, ਫਾਸਲਾ ਬਹੁਤਾ ਨਹੀਂ ਹੈ। ਗੁਰੂ ਨਾਨਕ ਨੂੰ ਸਾਰਾ ਸੰਸਾਰ ਜਾਣਦਾ ਸੀ ਲੇਕਿਨ ਕੋਲ ਰਹਿੰਦੇ ਹੀ ਪਤਾ ਨਹੀਂ ਸੀ ਗੁਰੂ ਨਾਨਕ ਸਾਹਿਬ ਕੌਣ ਨੇ? ਕਹਿਣ ਲੱਗੇ, ਉਹ ਕੌਣ ਹੋਏ? ਉਹਨਾਂ ਦੇ ਬਾਰੇ ਉਸ ਨੇ ਬੜਾ ਪੁਛਿਆ ਕਿ ਮੈਨੂੰ ਦੱਸ, ਉਹਨਾਂ ਦਾ ਜੀਵਨ ਕਿਵੇਂ ਹੈ, ਜਦ ਤੱਕ ਕਿਸੇ ਦੀ ਬਾਤ ਨਹੀਂ ਕਰਦੇ, ਉਨੀ ਦੇਰ ਤੱਕ ਉਹਦਾ ਪਤਾ ਨਹੀਂ ਲਗਦਾ ਤੇ ਬਾਤ ਦੀ ਕੀਮਤ ਦੇਣ ਵਾਸਤੇ ਜਿਸ ਦੇ ਮਨ ਵਿਚ ਸ਼ੌਕ ਹੈ ਉਹ ਕਹਿੰਦਾ, ਮੈਨੂੰ ਗੱਲ ਸੁਣਾ, ਜਿਉਂ ਜਿਉਂ ਸ਼ੌਕ ਵਧਦਾ ਉਹ ਤਿਉਂ ਤਿਉਂ ਗੱਲ ਕਰਦਾ ਹੈ। ਸਾਡਾ ਮਹਾਰਾਜ ਜੀ (ਰਾੜੇ ਵਾਲੇ ਮਹਾਂਪੁਰਸ਼ਾਂ) ਨਾਲ ਪਿਆਰ ਸੀ। ਹਰ ਵਕਤ ਸਾਡੇ ਘਰ 'ਚ ਉਹਨਾਂ ਦੀ ਗੱਲ ਚਲਦੀ ਰਹਿਣੀ। ਇਕ ਵਾਰ ਕਰ ਲੈਣੀ, ਦੋ ਵਾਰ ਕਰ ਲੈਣੀ, ਦੱਸ ਵਾਰੀ, ਸੌ ਵਾਰੀ ਉਹੀ ਗੱਲਾਂ ਸੁਣ ਕੇ ਸਾਨੂੰ ਅਨੰਦ ਆਈ ਜਾਣਾ, ਕਿਉਂਕਿ ਪਿਆਰੇ ਦੀ ਗੱਲ ਸੁਣਨ ਵਾਸਤੇ ਜੀਅ ਕਰਦਾ ਹੈ ਕਿ ਹੋਰ ਇਕ ਵਾਰੀ ਦੱਸੇ। ਤੁਹਾਡਾ ਬੱਚਾ ਇੰਗਲੈਂਡ ਗਿਆ ਹੋਵੇ, ਉਹਦੇ ਪਾਸੋਂ ਕੋਈ ਬੰਦਾ ਹੋ ਕੇ ਆਇਆ ਹੋਵੇ, ਉਹਨੇ ਕੁਝ ਗੱਲਾਂ, ਕੁਝ ਸੁਨੇਹੇ ਦਿਤੇ ਹੋਣ, ਕੁਝ ਜ਼ਿਕਰ ਕਰਿਆ ਹੋਵੇ ਕਿ ਮਾਤਾ ਜੀ ਨੂੰ ਇਸ ਤਰ੍ਹਾਂ ਕਹਿਣਾ, ਬੀਬੀ ਜੀ ਨੂੰ ਤੇ ਬਾਪੂ ਜੀ ਨੂੰ ਆਹ ਕਹਿਣਾ, ਜਦੋਂ ਸਾਰੀ ਗੱਲ ਸੁਣ ਹਟਾਂਗੇ ਫੇਰ ਪੁਛ ਲਈਦਾ ਹੈ ਕਿ ਹੋਰ ਕੀ ਕਹਿੰਦਾ ਸੀ, ਹਾਲਾਕਿ ਉਹ ਸਾਰੀਆਂ ਦੱਸ ਚੁਕਿਆ ਹੈ। ਉਹ ਫੇਰ ਓਹੀ ਦੱਸ ਦਿੰਦਾ ਹੈ ਜਿਹੜੀਆਂ ਪਹਿਲੀਆਂ ਦੱਸੀਆਂ ਸਨ। ਉਨ੍ਹਾਂ ਨੂੰ ਫੇਰ ਓਨਾ ਹੀ ਅਨੰਦ ਆਉਂਦਾ ਹੈ। ਫੇਰ ਉਹਨੂੰ ਦੂਜੇ ਦਿਨ ਮਿਲੀਏ, ਫੇਰ ਹੋਰ ਕੀ ਕਿਹਾ ਉਹਨੇ? ਯਾਨਿ ਬਾਰ-ਬਾਰ ਆਪਣੇ ਪਿਆਰੇ ਦੀਆਂ ਗੱਲਾਂ ਸੁਣਨ ਨੂੰ ਜੀਅ ਕਰਦਾ ਹੈ। ਇਕ ਕਾਫਲਾ ਇਰਾਨ ਤੋਂ ਆ ਰਿਹਾ ਸੀ। ਮਜਨੂੰ ਨੂੰ ਪਤਾ ਲੱਗਿਆ ਕਿ ਇਹ ਲੈਲਾ ਦੇ ਸ਼ਹਿਰ ਤੋਂ ਆਏ ਹਨ। ਉਸ ਵੇਲੇ ਕਾਫਲਿਆਂ ਵਾਲਿਆਂ ਨੂੰ ਜਾ ਕੇ ਮਿਲਦਾ ਹੈ। ਮਜਨੂੰ ਇਕੱਲੇ ਇਕੱਲੇ ਨੂੰ ਪੁਛਦਾ ਹੈ, ਹੋਰ ਲੈਲਾ ਕੀ ਕਹਿੰਦੀ ਸੀ, ਤੁਸੀਂ ਦੇਖੀ ਸੀ, ਕਿਥੇ ਫਿਰਦੀ ਸੀ, ਕੀ ਕਰਦੀ ਸੀ? ਗੱਲਾਂ ਸੁਣਦਾ ਸੁਣਦਾ ਅੰਦਾਜ਼ੇ ਲਾਈ ਜਾਂਦਾ ਹੈ। ਦਿੱਲੀ ਜਾ ਪਹੁੰਚਿਆ, ਰੋਜ਼ ਹੀ ਪੁਛ ਲਿਆ ਕਰੇ। ਉਹਨਾਂ ਨੇ ਕਿਹਾ ਕਿ ਕੋਈ ਮਸਤਾਨਾ ਜਿਹਾ ਹੈ। ਕਦੇ ਕਿਸੇ ਨੂੰ ਪੁਛ ਲਏ, ਕਦੇ ਕਿਸੇ ਨੂੰ ਪੁਛ ਲਏ, ਗੱਲਾਂ ਪੁਛਦਾ ਪੁਛਦਾ ਉਥੇ ਚਲਿਆ ਗਿਆ। ਮਹਾਰਾਜ ਜੀ ਕਹਿੰਦੇ, ਪਿਆਰੇ ਦੀਆਂ ਗੱਲਾਂ ਜੇ ਕੋਈ ਸੁਣਾਉਂਦਾ ਹੈ ਤਾਂ ਉਹਦਾ ਮੁਲ ਨਹੀਂ ਕੋਈ ਹੁੰਦਾ, ਉਹਦਾ ਤਾਂ ਬਹੁਤ ਮੁੱਲ ਦੇਣਾ ਪੈਂਦਾ ਹੈ।

***ਧਾਰਨਾ - ਸੀਸ ਵੱਢ ਕੇ ਬਣਾ ਦਿਆਂ ਮੂੜਾ,***
***ਗੱਲਾਂ ਜੋ ਸੁਣਾਵੇ ਤੇਰੀਆਂ -2, 2.***
***ਮੇਰੇ ਪਿਆਰੇ, ਗੱਲਾਂ ਜੋ ਸੁਣਾਵੇ ਤੇਰੀਆਂ -2, 2.***
***ਸੀਸ ਵੱਢ ਕੇ ਬਣਾ ਦਿਆਂ ਮੂੜਾ ....... -2, 2.***

***ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥***
***ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥***
***ਪੰਨਾ - 558***

**ਪਿਆਰ ਦੀ ਜੋ ਗੱਲ ਸੁਣਾਉਂਦਾ ਹੈ, ਕਹਿੰਦੇ ਕੀ ਦੇਈਏ, ਆਲਾ-ਦੁਆਲਾ ਦੇਖਦੇ ਹਾਂ। ਸੋਨਾ ਦੇ ਦੇਈਏ, ਚਾਂਦੀ ਦੇ ਦੇਈਏ ਕਿਉਂਕਿ ਉਹ ਪਿਆਰੇ ਦੀ ਬਾਤ ਸੁਣਾ ਰਿਹਾ ਹੈ। ਮਹਾਰਾਜ ਕਹਿੰਦੇ, "ਨਹੀਂ ਉਹਦੇ ਬੈਠਣ ਵਾਸਤੇ ਆਪਣਾ ਸੀਸ ਵੱਢ ਕੇ ਦੇ ਦੇਓ ਯਾਨਿ ਅਭਿਮਾਨ ਛੱਡ ਦਿਓ, ਉਹਦੇ ਚਰਨਾਂ ਦੇ ਦਾਸ ਬਣ ਜਾਓ ਜਿਹੜਾ ਪਿਆਰੇ ਦੀ ਬਾਤ ਸੁਣਾਉਂਦਾ ਹੈ।**

ਸੋ ਐਸੀ ਜੋ ਬਾਤ ਹੁੰਦੀ ਹੈ ਆਪਣੇ ਬਜੁਰਗਾਂ ਦੀ, ਪਿਆਰਿਆਂ ਦੀ ਉਹ ਸਾਨੂੰ ਰਾਹ ਦਿਖਾਇਆ ਕਰਦੀ ਹੈ। ਸੋ **ਭਾਈ ਲਹਿਣਾ ਜੀ ਭਾਈ ਜੋਧ ਨੂੰ ਬਾਰ-ਬਾਰ ਪੁਛਦੇ ਹਨ ਕਿ ਕੋਈ ਹੋਰ ਦੱਸੋ ਗੁਰੂ ਨਾਨਕ ਦੀ ਬਾਤ। ਸੋ ਆਪ ਨੇ ਬਚਪਨ ਤੋਂ ਸਾਰੀ ਬਾਤ ਦੱਸੀ। ਪਾਂਧੇ ਨੂੰ ਕਿਵੇਂ ਪੜ੍ਹਾਇਆ, ਵੈਦ ਨੂੰ ਕਿਸ ਤਰ੍ਹਾਂ ਦੱਸਿਆ ਕਿ ਸਾਰਿਆਂ ਰੋਗਾਂ ਦੀ ਦਾਰੂ ਨਾਮ ਹੋਇਆ ਕਰਦਾ ਹੈ ਤੇ ਸਾਰੀਆਂ ਚੀਜ਼ਾਂ ਦੱਸਦੇ ਹੋਏ ਫੇਰ ਅਖੀਰ ਵਿਚ ਦੱਸਿਆ ਕਿ ਗੁਰੂ ਨਾਨਕ ਪਾਤਿਸ਼ਾਹ ਜਦੋਂ ਸੁਲਤਾਨਪੁਰ ਮੋਦੀ ਦਾ ਕੰਮ ਕਰਦੇ ਸਨ ਉਸ ਵੇਲੇ ਆਪ ਅਕਾਲ ਪੁਰਖ ਦੀ ਦਰਗਾਹ 'ਚ ਪਹੁੰਚਦੇ ਹਨ। ਨਿਰੰਕਾਰ ਜੀ ਨੇ ਸੁਨੇਹਾ ਭੇਜ ਕੇ ਬੁਲਾਏ ਤੇ ਉਸ ਵੇਲੇ ਗੁਰੂ ਮਹਾਰਾਜ ਜੀ ਨੂੰ ਪੁਛਿਆ, "ਹੇ ਨਾਨਕ ਜੀ! ਤੁਸੀਂ ਉਹ ਕੰਮ ਨਹੀਂ ਸ਼ੁਰੂ ਕਰਿਆ।"** ਕਹਿੰਦੇ, "ਸੱਚੇ ਪਾਤਸ਼ਾਹ! ਸੰਸਾਰ ਦੇ ਅੰਦਰ ਆਪ ਦੀ ਮਰਿਆਦਾ ਹੈ ਕਿ ਜਦ ਤਕ ਗੁਰੂ ਧਾਰਨ ਨਹੀਂ ਕੀਤਾ ਜਾਂਦਾ, ਓਨਾਂ ਚਿਰ ਆਦਮੀ ਨਿਗੁਰਾ ਕਹਾਉਂਦਾ ਹੈ ਤੇ ਨਿਗੁਰਾ ਜਿਹੜਾ ਹੈ ਨਿਗੁਰੇ ਦੀ ਗਤ ਨਹੀਂ ਹੁੰਦੀ -

***........... ਨਿਗੁਰੇ ਕਾ ਹੈ ਨਾਉ ਬੁਰਾ॥ ਪੰਨਾ - 434***

ਜਿਥੇ ਨਿਗੁਰਾ ਬੈਠੇਗਾ ਸਵਾ ਗਜ ਧਰਤੀ ਭ੍ਰਿਸ਼ਟ ਹੋ ਜਾਂਦੀ ਹੈ।

"ਫੇਰ ਗੁਰੂ ਧਾਰਨ ਕਰ ਲੈਣਾ ਸੀ।"

"ਪਾਤਸ਼ਾਹ! ਸੰਸਾਰ ਦੇ ਅੰਦਰ ਸਾਰੇ ਨਿਗ੍ਹਾ ਮਾਰ ਕੇ ਦੇਖੀ ਹੈ।"

***ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ॥***
***ਪੰਨਾ - 936***

ਪਾਤਸ਼ਾਹ, ਐਸਾ ਕੋਈ ਵੀ ਨਜ਼ਰ ਨਹੀਂ ਆਇਆ, ਜਿਹੜਾ ਬਿਲਕੁਲ ਸੁੱਚਾ ਹੋਵੇ। (ਐਸਾ ਕੋਈ ਨਹੀਂ ਸੀ ਜਿਹੜਾ ਗੁਰੂ ਨਾਨਕ ਦਾ ਗੁਰੂ ਬਣ ਜਾਵੇ)। ਇਸ ਕਰਕੇ ਮੈਂ ਆਪ ਦੀ ਚਰਨ ਸ਼ਰਨ ਆਇਆ ਹਾਂ। ਆਪ ਗੁਰੂ ਬਣ ਕੇ ਮੈਨੂੰ ਉਪਦੇਸ਼ ਦਿਓ, ਦੀਕਸ਼ਾ ਦਿਓ। ਉਸ ਵੇਲੇ ਨਿਰੰਕਾਰ ਜੀ ਨੇ ਮੂਲ ਮੰਤਰ ਦਾ ਪਾਠ 'ਗੁਰ ਪ੍ਰਸਾਦਿ॥' ਤੱਕ ਆਪਣੇ ਮੁਖਾਰਬਿੰਦ ਤੋਂ ਉਚਾਰਿਆ। ਗੁਰੂ ਨਾਨਕ ਪਾਤਿਸ਼ਾਹ ਨੂੰ ਕਿਹਾ ਮੋਹਰ ਲਾਵੋ, ਆਪ ਨੇ "ਆਦਿ ਸੁਚ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਕਹਿੰਦੇ, ਨਾਨਕ ਜੀ! ਇਸ ਮੰਤਰ ਨੂੰ ਜੋ ਪੜ੍ਹੇਗਾ, ਮਨ ਚਿਤ ਲਾ ਕੇ ਮੂਲ ਮੰਤਰ ਦਾ ਪਾਠ ਕਰੇਗਾ, ਉਹ ਮੇਰੀ ਦਰਗਾਹ 'ਚ ਵਾਸਾ ਪਾ ਲਏਗਾ। ਮੈਂ ਪਾਰਬ੍ਰਹਮ ਪ੍ਰਮੇਸ਼ਰ ਤੇ ਤੂੰ ਗੁਰੂ ਪ੍ਰਮੇਸ਼ਰ। ਆਪਣੇ ਦੋਹਾਂ ਵਿਚ

ਜੋ ਭੇਦ ਮੰਨੇਗਾ, ਉਸਦਾ ਕਲਿਆਨ ਨਹੀਂ ਹੋਏਗਾ। ਗੁਰੂ ਤੇ ਪ੍ਰਮੇਸ਼ਰ 'ਚ ਕੋਈ ਭੇਦ ਨਹੀਂ ਹੋਇਆ ਕਰਦਾ। ਸੋ ਨਾਨਕ ਜਿਸ ਉਤੇ ਤੇਰੀ ਨਦਰ, ਉਸ ਉਤੇ ਮੇਰੀ ਨਦਰ, ਜਿਸ ਦੇ ਉਤੇ ਤੇਰੀ ਮੇਹਰ, ਉਸ ਉਤੇ ਮੇਰੀ ਮੇਹਰ।"

ਸੋ ਇਸ ਤਰ੍ਹਾਂ ਦੇ ਨਾਲ ਕਹਿਣ ਲੱਗੇ, ਉਸ ਵੇਲੇ ਇਕ ਪਿਆਲਾ ਮੰਗਵਾਇਆ, ਗੁਰੂ ਨਾਨਕ ਪਾਤਸ਼ਾਹ ਨੂੰ ਆਪ ਅਕਾਲ ਨੇ ਹੱਥੀਂ ਦਿਤਾ। ਕਹਿਣ ਲੱਗੇ, ਨਾਨਕ ਇਸ ਨੂੰ ਪੀ, ਆਪਣੇ ਨਾਮ ਦਾ ਪਿਆਲਾ, ਅੰਮ੍ਰਿਤ ਦਾ ਪਿਆਲਾ ਪਿਲਾਇਆ। ਪੀਣ ਦੇ ਨਾਲ ਸਾਰੇ ਹੁਕਮ ਦੀ ਸੋਝੀ ਹੋ ਗਈ। ਪ੍ਰਮੇਸ਼ਰ ਕਹਿਣ ਲੱਗੇ, "ਹੁਕਮ ਦੀ ਵਿਆਖਿਆ ਕਰ।" ਸੋ ਉਸ ਵੇਲੇ ਮਹਾਰਾਜ ਜੀ ਨੇ ਦੋ ਸ਼ਬਦ ਉਚਾਰਣ ਕਰੇ ਤੇ ਨਿਰੰਕਾਰ ਜੀ ਨੇ ਪ੍ਰਸੰਨ ਹੋ ਕੇ ਕਿਹਾ, "ਹੁਣ ਤੁਸੀ ਜਾਓ, ਜਾ ਕੇ ਸੰਸਾਰ ਦਾ ਉਧਾਰ ਕਰੋ, ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਠੀਕ ਉਸੇ ਸਮੇਂ ਜਦੋਂ ਵੇਈਂ ਨਦੀ ਵਿਚ ਟੁਭੀ ਮਾਰੀ, ਤਿੰਨ ਦਿਨਾਂ ਪਿਛੋਂ ਬਾਹਰ ਨਿਕਲ ਆਏ। ਜੋ ਦਾਸ ਸੀ ਉਹਨਾਂ ਦਾ ਸੇਵਾਦਾਰ, ਵਿਰਲੇ ਵਿਰਲੇ ਸੇਵਾਦਾਰ ਹੁੰਦੇ ਹਨ ਸਾਰੇ ਨਹੀਂ ਹੋਇਆ ਕਰਦੇ, ਨਾ ਮਹਾਂਪੁਰਸ਼ਾਂ ਦੇ, ਨਾ ਗੁਰੂਆਂ ਦੇ। ਜਿਸ ਦੇ ਉਤੇ ਅਤਿ ਦੀ ਕ੍ਰਿਪਾ ਹੋਵੇ ਉਹ ਸੇਵਾ ਕਰ ਸਕਦਾ ਹੈ, ਦੂਸਰਾ ਨਹੀਂ ਕਰ ਸਕਦਾ। ਸਾਰੀ ਦੁਨੀਆਂ ਕਹਿੰਦੀ ਸੀ (ਗੁਰੂ) ਨਾਨਕ ਡੁੱਬ ਗਿਆ, ਉਸ ਨੂੰ ਕੋਈ ਮੱਛ ਖਾ ਗਿਆ। ਬੇਬੇ ਨਾਨਕੀ ਜੀ ਕਹਿੰਦੇ ਸੀ, ਨਹੀਂ, ਮੇਰੇ ਵੀਰ ਨੂੰ ਕੁਛ ਨਹੀਂ ਹੋ ਸਕਦਾ। ਕੇਵਲ ਉਹਨਾਂ ਦਾ ਕੋਈ ਕੌਤਕ ਹੈ। ਗੁਰੂ ਮਹਾਰਾਜ ਜੀ ਦਾ ਸੇਵਾਦਾਰ, ਇਹ ਵੀ ਰੋਜ਼ ਅੰਮ੍ਰਿਤ ਵੇਲੇ ਦੋ ਵਜੇ ਵੇਈ ਨਦੀ ਤੇ ਚਲਿਆ ਜਾਇਆ ਕਰੇ। ਜਿਥੇ ਮਹਾਰਾਜ ਜੀ ਨੇ ਬਸਤ੍ਰ ਫੜਾਏ ਸੀ, ਉਥੇ ਹੀ ਜਾ ਪਹੁੰਚਿਆ ਕਰੇ ਤੇ ਅੱਜ ਤੀਸਰੇ ਦਿਨ ਗੁਰੂ ਨਾਨਕ ਪਾਤਸ਼ਾਹ ਵੇਈਂ ਵਿਚੋਂ ਬਾਹਰ ਨਿਕਲੇ। ਦੇਖਦੇ ਸਾਰ ਐਨੇ ਪ੍ਰਸਨ ਹੋਏ ਕਿ ਇਹ ਕਿਹੋ ਜਿਹਾ ਦਾਸ ਹੈ, ਤਿੰਨ ਦਿਨ ਹੋ ਗਏ ਸਾਨੂੰ ਗਿਆਂ ਨੂੰ, ਫੇਰ ਇਥੇ ਨਦੀ ਕਿਨਾਰੇ ਉਪਰ ਅਤੇ ਹੇਠਾਂ ਨੂੰ ਵਸਤਰ ਚੁੱਕੀ ਘੁੰਮਦਾ ਰਹਿੰਦਾ ਹੈ। ਉਸੇ ਵੇਲੇ ਮਹਾਰਾਜ ਜੀ ਨੇ ਨਦਰੀ ਨਦਰ ਨਿਹਾਲ ਕਰ ਦਿਤਾ। ਜਪ, ਤਪ ਕਰਨ ਦੀ ਲੋੜ ਨਹੀਂ ਪਈ। ਦ੍ਰਿਸ਼ਟੀ ਕੀਤੀ ਤੇ ਬ੍ਰਹਮ ਗਿਆਨ ਦੇ ਵਿਚ ਪਹੁੰਚਾ ਦਿਤਾ, ਅਗਮ-ਨਿਗਮ ਦੀ ਸੋਝੀ ਦੇ ਦਿਤੀ। ਘਟ ਵਿਚ ਵਿਆਪਕ ਪ੍ਰਮੇਸ਼ਰ ਦੇ ਦਰਸ਼ਨ ਕਰਾ ਦਿਤੇ।

ਕਹਿਣ ਲੱਗੇ, ਪੁਰਖਾ! ਤੇਰੇ ਤੇ ਅਸੀਂ ਬਹੁਤ ਪ੍ਰਸੰਨ ਹੋਏ ਹਾਂ, ਤੂੰ ਪ੍ਰਸੰਨ ਕਰ ਲਿਆ। ਉਸ ਦੇ ਮਨ ਵਿਚ ਨਿਹਚਾ ਸੀ ਕਿ ਬਾਹਰ ਆਉਣਗੇ। ਸੋ ਇਸ ਤਰ੍ਹਾਂ ਦੇ ਨਾਲ ਆਪ ਬਾਹਰ ਨਿਕਲੇ ਤੇ ਚੜ੍ਹਦੇ ਵਾਲੇ ਪਾਸੇ ਜਿਥੇ ਗੁਰਦੁਆਰਾ ਬਣਿਆ ਹੋਇਆ ਹੈ, ਉਪਰਲੇ ਪਾਸੇ, ਉਸ ਥਾਂ ਤੇ ਸੰਤ ਘਾਟ ਤੇ ਜਾ ਕੇ ਆਪ ਮਸਾਣਾਂ 'ਚ ਬੈਠ ਗਏ, ਕਬਰਸਤਾਨ 'ਚ ਬੈਠ ਗਏ ਤੇ ਸਾਰਿਆਂ ਨੇ ਕਿਹਾ, ਨਾਨਕ ਜੀ, ਨਿਕਲ ਆਏ, ਮੋਦੀ ਨਿਕਲ ਆਇਆ, ਦਰਸ਼ਨ ਕਰਨ ਜਾਂਦੇ ਹਨ। ਗੁਰੂ ਨਾਨਕ ਕੋਈ ਗੱਲ ਨਹੀਂ ਕਰਦੇ, ਇਕੋ ਬਚਨ ਕਰਦੇ ਹਨ –

***ਨਾ ਹਮ ਹਿੰਦੂ ਨ ਮੁਸਲਮਾਨ॥***
***ਅਲਹ ਰਾਮ ਕੇ ਪਿੰਡੁ ਪਰਾਨ॥ ਪੰਨਾ – 1136***

ਹਿੰਦੂਆਂ ਨੇ ਸੁਣਿਆ, ਮੁਸਲਮਾਨਾਂ ਨੇ ਗੁੱਸਾ ਕੀਤਾ ਕਿ ਇਹ ਕਹਿੰਦਾ ਕੋਈ ਮੁਸਲਮਾਨ ਨਹੀਂ ਹੈ। ਨਵਾਬ ਦੇ ਸ਼ਕਾਇਤ ਹੋਈ, ਨਵਾਬ ਦੇ ਪੇਸ਼ੀ ਪਈ। ਗੁਰੂ ਨਾਨਕ ਨੂੰ ਕਚਹਿਰੀ 'ਚ ਬੁਲਾਇਆ ਗਿਆ। ਗੁਰੂ ਨਾਨਕ ਪਾਤਸ਼ਾਹ ਕਚਹਿਰੀ ਵਿਚ ਜਾਂਦੇ ਹਨ। ਨਵਾਬ ਕਹਿਣ ਲੱਗਿਆ, ਨਾਨਕ ਜੀ! ਤੁਹਾਡੇ ਉਤੇ ਸ਼ਕਾਇਤ ਕੀਤੀ ਗਈ ਹੈ ਕਿ ਤੁਸੀਂ ਇਹ ਕਹਿੰਦੇ ਹੋ ਕਿ ਨਾ ਕੋਈ ਹਿੰਦੂ ਨਾ ਮੁਸਲਮਾਨ ਤੇ ਸ਼ਿਕਾਇਤ ਕਰਨ ਵਾਲਾ ਕਹਿੰਦਾ ਹੈ ਇਥੇ ਸਾਰੇ ਹਿੰਦੂ ਤੇ ਮੁਸਲਮਾਨ ਨੇ, ਹੋਰ ਹੈ ਕੋਈ ਨਹੀਂ, ਇਨ੍ਹਾਂ ਬਿਨਾਂ ਹੋਰ ਤੀਜਾ ਇਥੇ ਕੋਈ ਨਹੀਂ ਤੇ ਇਸਲਾਮ ਵਾਲਿਆਂ ਨੇ ਇਸ ਗੱਲ ਦਾ ਗੁੱਸਾ ਕੀਤਾ ਕਿ ਨਾਨਕ ਜੀ ਅਸਾਡੇ ਅਕੀਦੇ ਦੀਆਂ ਧੱਜੀਆਂ ਉਡਾਉਂਦਾ ਸੀ, ਸਾਡੇ ਕੁਰਾਨ ਸ਼ਰੀਫ ਦੇ ਮੁਤਾਬਿਕ ਅਸੀਂ ਸਹੀ ਮੁਸਲਮਾਨ ਹਾਂ। ਮਹਾਰਾਜ ਕਹਿੰਦੇ, "ਠੀਕ ਹੈ ਨਵਾਬ ਸਾਹਿਬ। ਨਾਉ ਰਖਾਇਆ ਜਾ ਸਕਦਾ ਹੈ ਲੇਕਿਨ –

***ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥***
***ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ॥***
***ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ॥***
***ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ॥***
***ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ॥***
***ਪੰਨਾ – 141***

ਗੁਰੂ ਨਾਨਕ ਪਾਤਸ਼ਾਹ ਜੀ ਨੇ ਨਵਾਬ ਨੂੰ ਕਿਹਾ ਕਿ ਕਿਸੇ ਭੀ ਧਰਮ ਦਾ ਧਾਰਨੀ ਜੇ ਉਹ ਦੱਸੇ ਹੋਏ ਅਸੂਲਾਂ ਤੇ ਚਲਦਾ ਹੈ ਤਾਂ ਹੀ ਉਸ ਧਰਮ ਦਾ ਅਨੁਆਈ ਕਹਾ ਸਕਦਾ ਹੈ।

ਮੁਸਲਮਾਨ ਕਹਾਉਣਾ ਬਹੁਤ ਮੁਸ਼ਕਲ ਹੈ। ਜੇ ਉਸ ਦੇ ਅੰਦਰ ਮੁਸਲਮਾਨਾਂ ਵਾਲੇ ਗੁਣ ਹੋਣ ਤਾਂ ਹੀ ਮੁਸਲਮਾਨ ਕਹਾ ਸਕਦਾ ਹੈ। ਜਦੋਂ ਪਹਿਲਾਂ ਅਉਲੀਆ, ਪੀਰ, ਸੰਤ ਫਕੀਰਾਂ ਦਾ ਦੀਨ ਮਿੱਠਾ ਕਰਕੇ ਮੰਨੇ। ਸੰਤ ਫਕੀਰ ਸਾਰੀ ਸ੍ਰਿਸ਼ਟੀ ਵਿਚ ਇਕ ਖੁਦਾ ਵੇਖਦੇ ਹਨ। ਫੇਰ ਜਿਵੇਂ ਲੋਹੇ ਤੋਂ ਜੰਗਾਲ ਲਾਹ ਦੇਈਦਾ ਹੈ, ਇਵੇਂ ਆਪਣਾ ਮਾਲ ਧਨ ਲੁਟਾ ਦੇਵੇ। ਇਸ ਦਾ ਭਾਵ ਇਹ ਹੈ ਕਿ ਆਪਣਾ ਵਿਕਾਰ ਰੂਪੀ ਧਨ ਖੁਰਚ ਕੇ ਲਾਹ ਦੇਵੇ ਜਿਵੇਂ ਮੁਸ਼ਕਲਾਂ ਜੰਗਾਲ ਲਾਹ ਦਿੰਦਾ ਹੈ। ਆਪਣੇ ਦੀਨ ਦੇ ਆਗੂ ਦਾ ਬਚਨਾਂ ਨਾਲ ਜੰਮਣ ਮਰਣ ਦਾ ਭਰਮ ਮਿਟਾ ਦੇਵੇ। ਰੱਬ ਦੀ ਰਜ਼ਾ ਨੂੰ ਪਛਾਣੇ ਅਤੇ ਧੁਰ ਹਿਰਦੇ ਤੋਂ ਮੰਨ ਕੇ ਆਪਣਾ ਆਪ ਮਿਟਾ ਦੇਵੇ ਕਿਉਂਕਿ ਸਭ ਕੁਛ ਰੱਬੀ ਰਜ਼ਾ ਵਿਚ ਹੀ ਹੋ ਰਿਹਾ ਹੈ।

ਫੇਰ ਸਭਨਾਂ ਜੀਆਂ ਤੇ ਦਇਆ ਕਰੇ। ਜੇ ਇਹ ਗੁਣ ਹੋਣ ਫੇਰ ਆਪਣੇ ਆਪ ਨੂੰ ਮੁਸਲਮਾਨ ਕਹਾ ਸਕਦਾ ਹੈ।

***ਮੁਸਲਮਾਣੁ ਮੋਮ ਦਿਲ ਹੋਵੈ॥***
***ਅੰਤਰ ਕੀ ਮਲੁ ਦਿਲ ਤੇ ਧੋਵੈ॥***
***ਦੁਨੀਆ ਰੰਗ ਨ ਆਵੈ ਨੇੜੈ***
***ਜਿਉ ਕੁਸਮ ਪਾਟੁ ਘਿਉ ਪਾਕੁ ਹਰਾ॥ ਪੰਨਾ – 1084***

ਮੁਸਲਮਾਨ ਦਾ ਦਿਲ ਮੋਮ ਵਰਗਾ ਨਰਮ ਹੋਣਾ ਚਾਹੀਦਾ ਹੈ ਪਰ ਇਹ ਸਾਰੇ ਇਸ ਦੇ ਵਿਪਰੀਤ ਵਰਤਦੇ ਹਿੰਦੂਆਂ ਨਾਲ

ਨਫਰਤ, ਧੱਕਾ, ਜ਼ੋਰ ਜ਼ੁਲਮ ਕਰ ਰਹੇ ਹਨ। ਮੁਸਲਮਾਨ ਦੇ ਅੰਤਰ ਪਾਪਾਂ ਦੀ ਮਲ ਨਹੀਂ ਹੋਣੀ ਚਾਹੀਦੀ, ਇਬਾਦਤ ਕਰਕੇ ਦੁਨੀਆਂ ਵਿਚ ਖਚਿਤ ਹੋਣ ਦੀ ਥਾਂ ਅਲਾਹ ਨਾਲ ਪ੍ਰੀਤ ਚਾਹੀਦੀ ਹੈ ਅਤੇ ਉਸ ਦਾ ਦਿਲ, ਫੁੱਲ, ਰੇਸ਼ਮ ਅਤੇ ਘਿਉ ਵਰਗਾ ਸ਼ੁਧ ਹੋਣਾ ਚਾਹੀਦਾ ਹੈ।

ਕਹਿੰਦੇ ਇਹਨਾਂ ਦੇ ਮੋਮ ਦਿਲ ਨੇ, ਇਹ ਤਾਂ ਪੱਥਰਾਂ ਨਾਲੋਂ ਵੀ ਸਖਤ ਹਨ, ਬੰਦੇ ਨੂੰ ਮਾਰਨ ਵੇਲੇ ਬਿਲਕੁਲ ਘੌਲ ਨਹੀਂ ਕਰਦੇ ਤੇ ਤੁਹਾਡੇ ਰਾਜਿਆਂ ਨੇ ਕਿੰਨੇ ਬੰਦੇ ਮਾਰ ਦਿਤੇ। ਇਕ ਦਿਨ 'ਚ 30-30 ਹਜ਼ਾਰ ਬ੍ਰਾਹਮਣ ਮਾਰਿਆ। ਮਥਰਾ 'ਚ ਬਾਬਰ ਵਰਗਿਆਂ ਨੇ ਇੱਕ ਲੱਖ ਬੰਦਾ ਮਾਰਿਆ ਹੈ। ਉਸ ਵੇਲੇ ਆਪ ਨੇ ਸਾਰੀ ਗੱਲ ਸਮਝਾਈ, ਨਮਾਜ਼ ਦੀਆਂ ਗੱਲਾਂ ਵੀ ਸਮਝਾਈਆਂ ਕਿ ਅਸਲੀ ਨਮਾਜ਼ ਕੀ ਹੁੰਦੀ ਹੈ। ਨਵਾਬ ਕਹਿਣ ਲੱਗਿਆ, ਹੇ ਨਾਨਕ! ਮੈਂ ਇਹ ਸਹੀ ਕਰ ਲਿਆ ਕਿ ਤੂੰ ਸਾਰੀ ਦੁਨੀਆਂ ਦਾ ਸਾਂਝਾ ਰਹਿਬਰ ਹੈ ਤੇ ਸਾਡਾ ਚਿੱਤ ਹੀ ਤਾਂ ਖੁਸ਼ ਹੁੰਦਾ ਹੈ ਕਿ ਜੇ ਤੂੰ ਸਾਡੇ ਨਾਲ ਜਾ ਕੇ ਮਸਜਿਦ 'ਚ ਨਮਾਜ਼ ਪੜ੍ਹੇਂ, ਤੇਰੀ ਜਾਤ ਹਿੰਦੂ ਹੈ। ਹਿੰਦੂ ਹੋਣ ਕਰਕੇ ਦੇਹੁਰੇ ਤਾਂ ਜ਼ਰੂਰ ਚਲਿਆ ਜਾਏਂਗਾ, ਕੋਈ ਰੁਕਾਵਟ ਨਹੀਂ, ਪਰ ਸਾਡਾ ਵੀ ਮਨ ਲੋਚਦਾ ਹੈ, ਤੇਰੇ ਵਰਗਾ ਬੰਦਾ ਨਮਾਜ਼ ਵਿਚ ਸਾਡੇ ਨਾਲ ਹੋਵੇ, ਸਾਨੂੰ ਸੋਝੀ ਪਵੇ ਅੱਲਾਹ-ਤਾਲਾ ਖੁਸ਼ ਹੋਵੇ। ਗੁਰੂ ਨਾਨਕ ਪਾਤਸ਼ਾਹ ਨੇ ਕਿਹਾ, "ਕਦੋਂ?" ਕਹਿੰਦੇ, "ਮਹਾਰਾਜ ਅੱਜ ਹੀ ਜੁਮਾਰਾਤ (ਵੀਰਵਾਰ ਰਾਤ) ਦੀ ਨਮਾਜ਼ ਪੜ੍ਹੀ ਜਾਣੀ ਹੈ।" ਕਹਿੰਦੇ, "ਮਸਜਿਦ ਵਿਚ ਨਮਾਜ਼ ਪੜ੍ਹਾਂਗੇ।" ਉਥੇ ਚਲੇ ਜਾਂਦੇ ਹਨ। ਨਮਾਜ਼ ਦੇ ਵਿਚ ਖੜ੍ਹੇ ਹੋ ਜਾਂਦੇ ਹਨ, ਇਲ-ਇਲਾਲਾ ਅਜੇ ਐਨਾ ਪੜ੍ਹਿਆ ਜਾਂਦਾ ਹੈ, ਅੱਗੇ ਕਲਮਾ ਨਹੀਂ ਸੀ ਚਲਿਆ। ਬੜੇ ਲੰਮੇ ਰਹਾਅ ਨਾਲ ਉਹਨੇ ਕਿਹਾ। ਗੁਰੂ ਨਾਨਕ ਪਾਤਸ਼ਾਹ, ਖੜ੍ਹੇ ਰਹੇ ਤੇ ਜਦੋਂ ਲਾ-ਇਲਾਹ ਕਿਹਾ ਉਸ ਵੇਲੇ ਆਪ ਨਿਕਲ ਕੇ ਬਾਹਰ ਚਲੇ ਗਏ। ਉਦੋਂ ਨਮਾਜ਼ ਸ਼ੁਰੂ ਹੋ ਚੁਕੀ ਸੀ। ਮੁਸਲਮਾਨਾਂ ਦਾ ਇਹ ਹਿਸਾਬ ਹੈ ਕਿ ਜੇ ਇਹ ਨਮਾਜ਼ ਪੜ੍ਹਨ ਲਗ ਜਾਣ, ਇਹਨੂੰ ਕਜ਼ਾ ਨਹੀਂ ਕਰਦੇ ਯਾਨੀ ਖੰਡਤ ਨਹੀਂ ਕਰਦੇ। ਇਹਦੇ ਉਲਟ ਸਾਡਾ ਇਹ ਹਿਸਾਬ ਹੈ ਕਿ ਅਸੀਂ ਜਪੁਜੀ ਸਾਹਿਬ ਪੜ੍ਹਦੇ ਪੜ੍ਹਦੇ ਜਦ ਤਕ ਵੀਹ ਬੰਦਿਆਂ ਨਾਲ ਗੱਲਾਂ ਨਹੀਂ ਕਰ ਲੈਂਦੇ, ਸਾਡਾ ਜਪੁਜੀ ਸਾਹਿਬ ਦਾ ਪਾਠ ਹੀ ਪੂਰਾ ਨਹੀਂ ਹੁੰਦਾ। ਗੱਲਾਂ ਕਰਾਂਗੇ, ਵਿਚੇ ਹਾਕਾਂ ਮਾਰਾਂਗੇ।

ਇਕ ਮੇਰੇ ਮਿਲਣ ਵਾਲਾ ਸੀ, ਮੈਂ ਸਵੇਰੇ ਹੀ ਉਹਨਾਂ ਦੇ ਘਰ ਚਲਿਆ ਗਿਆ। ਸੁਖਮਨੀ ਸਾਹਿਬ ਪੜ੍ਹਦਾ ਸੀ, ਬੱਚੇ ਖੇਲਦੇ ਫਿਰਦੇ ਸੀ। ਸਕੂਲ ਦਾ ਕੋਈ ਕੰਮ ਸੀ, ਗੁਟਕਾ ਹੱਥ 'ਚ ਸੀ, ਜਦ ਉਹਨੂੰ ਬਹੁਤਾ ਹੀ ਗੁੱਸਾ ਆਇਆ, ਉਥੇ ਗਿਲਾਸ ਪਿਆ ਸੀ, ਉਹਨੇ ਉਹੀ ਵਗਾਹ ਕੇ ਮਾਰਿਆ ਤੇ ਵਿਚੇ ਮਾਵਾਂ, ਭੈਣਾਂ ਦੀਆਂ ਗਾਲਾਂ ਕੱਢੇ।

ਇਹ ਇਸਲਾਮ ਵਾਲਿਆਂ 'ਚ ਖੂਬੀ ਹੈ ਕਿ ਫੇਰ ਨਹੀਂ ਉਹ ਬੋਲਦੇ, ਚਾਹੇ ਧੱਕੇ ਮਾਰੀ ਜਾਓ, ਕੁਛ ਕਰੀ ਜਾਓ। ਸੋ ਨਮਾਜ਼ ਪੜ੍ਹੀ ਗਈ। ਕਾਜ਼ੀ ਨੇ ਕਿਹਾ, "ਗੁਰੂ ਨਾਨਕ ਜੀ ਨੇ ਸਾਡੇ ਨਾਲ ਨਮਾਜ਼ ਨਹੀਂ ਪੜ੍ਹੀ।" ਮਹਾਰਾਜ ਜੀ ਕਹਿੰਦੇ, "ਅਸੀਂ ਤਾਂ ਪੜ੍ਹੀ ਹੈ, ਇਥੇ ਪੜ੍ਹਨ ਵਾਲਾ ਹੋਰ ਕੋਈ ਹੈ ਨਹੀਂ, ਅਸੀਂ ਤਾਂ ਪੜ੍ਹ ਲਈ।" ਕਹਿਣ ਲੱਗੇ, "ਮਹਾਰਾਜ ਜੀ! ਅਸੀਂ ਸਾਰੇ ਸੀਗੇ?" ਨਵਾਬ ਕਹਿਣ ਲੱਗਿਆ, "ਮੈਂ ਪੜ੍ਹੀ ਹੈ, ਕਾਜ਼ੀ ਸਾਹਿਬ ਨੇ ਪੜ੍ਹੀ ਹੈ।" ਮਹਾਰਾਜ ਕਹਿੰਦੇ ਤੂੰ ਨਮਾਜ਼ ਨਹੀਂ ਪੜ੍ਹੀ, ਤੂੰ ਤਾਂ ਕੰਧਾਰ ਵਿਚ ਘੋੜੇ ਖਰੀਦ ਰਿਹਾ ਸੀ। ਤੇਰੀ ਹਾਜ਼ਰੀ ਅੱਲਾਹ ਦੇ ਦਰ ਤੇ ਨਹੀਂ ਪਈ। ਕਿਹੜੇ ਕਿਹੜੇ ਖਿਆਲ ਮਨ 'ਚ ਲੰਘ ਜਾਂਦੇ ਹਨ, ਇਕ ਚਿਤ ਹੋ ਕੇ ਜਪੁਜੀ ਸਾਹਿਬ ਦਾ ਇਕ ਪਾਠ ਕਰ ਲਿਆ ਜਾਵੇ, ਉਹਦਾ ਤਾਂ ਕੋਈ ਹਿਸਾਬ ਕਿਤਾਬ ਨਹੀਂ ਹੈ।

ਗੁਰੂ ਛੇਵੇਂ ਪਾਤਿਸ਼ਾਹ ਮਹਾਰਾਜ, ਜਦੋਂ ਕਰਤਾਰਪੁਰ ਦਾ ਯੁੱਧ ਲੱਗਿਆ, ਉਥੇ ਬਹੁਤ ਬੰਦੇ ਮਾਰੇ ਗਏ ਤੇ ਉਹਨਾਂ ਨੇ ਹਜ਼ਾਰਾਂ ਮੁਸਲਮਾਨਾਂ ਦੀਆਂ ਕਬਰਾਂ ਬਣਾ ਕੇ ਦਬਾ ਦਿਤੇ ਤੇ ਦੂਸਰਿਆਂ ਦਾ ਸਸਕਾਰ ਕਰ ਦਿਤਾ। ਮਹਾਰਾਜ ਕਹਿਣ ਲੱਗੇ, "ਭਾਈ! ਇਹ ਐਨੇ ਜੀਅ ਦੀਆਂ ਰੂਹਾਂ ਭਟਕ ਰਹੀਆਂ ਹਨ। ਇਹਨਾਂ ਦਾ ਉਧਾਰ ਕਰਨਾ ਹੈ। ਕਹਿੰਦੇ, "ਸੰਗਤ ਦੇ ਅੰਦਰੋਂ ਇਕ ਸਿੱਖ ਉਠੇ ਜਿਹੜਾ ਮਨ-ਚਿਤ ਲਾ ਕੇ ਸ਼ੁਧ ਜਪੁਜੀ ਸਾਹਿਬ ਦਾ ਪਾਠ ਕਰ ਦੇਵੇ। ਉਸ ਪਾਠ ਕਰਨ ਦੇ ਨਾਲ ਇਨ੍ਹਾਂ ਸਾਰੀਆਂ ਰੂਹਾਂ ਦਾ ਉਧਾਰ ਹੋ ਜਾਏਗਾ। ਉਸ ਵੇਲੇ ਸਭ ਨੇ ਨੀਵੀਆਂ ਪਾ ਲਈਆਂ, ਕਿਉਂਕਿ ਪਤਾ ਸੀ ਕਿ ਇਕ ਚਿਤ ਤਾਂ ਬਹੁਤ ਔਖਾ ਹੈ ਕਿ ਫੁਰਨਾ ਹੀ ਨਾ ਆਵੇ, ਪੂਰਾ ਜਪੁਜੀ ਸਾਹਿਬ ਪਿਆਰ ਨਾਲ ਪੜ੍ਹ ਦੇਈਏ। ਇਕ ਗੁਰਸਿਖ ਉਠਿਆ ਹਾਫਜ਼ਾਬਾਦ ਦਾ। ਉਹ ਕਹਿਣ ਲੱਗਿਆ, "ਮਹਾਰਾਜ! ਜੇ ਆਪ ਦਾ ਹੁਕਮ ਹੋਵੇ ਤੇ ਪਿੱਠ ਤੇ ਹੱਥ ਰਹੇ ਤਾਂ ਮੈਂ ਸੇਵਾ ਕਰਨੀ ਚਾਹੁੰਦਾ ਹਾਂ।" ਗੁਰੂ ਮਹਾਰਾਜ ਨੇ ਕਿਹਾ, "ਆ ਜਾ।" ਉਸ ਵੇਲੇ ਜਪੁਜੀ ਸਾਹਿਬ ਦਾ ਪਾਠ ਸ਼ੁਰੂ ਕਰ ਦਿਤਾ। ਜਦੋਂ ਉਹ ਗੁਰਸਿੱਖ ਪੜ੍ਹ ਰਿਹਾ ਸੀ ਮਹਾਰਾਜ ਕਹਿ ਰਹੇ ਸੀ, "ਸ਼ਾਬਾਸ਼।" ਮਹਾਰਾਜ ਕਿਤੇ ਕਿਤੇ ਇਸ ਤਰ੍ਹਾਂ ਦੇ ਸ਼ਬਦ ਉਚਾਰਦੇ ਹਨ, ਬਲਿਹਾਰ, ਬਲਿਹਾਰ, ਪਉੜੀਆਂ ਪੜ੍ਹਦਾ ਜਾਂਦਾ ਹੈ। ਅਖੀਰ ਜਦੋਂ ਆਖਰੀ ਸਲੋਕ ਪੜ੍ਹਨ ਲੱਗਿਆ, ਉਸ ਵੇਲੇ ਮਹਾਰਾਜ ਜੀ ਖਿਸਕਦੇ, ਖਿਸਕਦੇ ਆਪਣੇ ਸਿੰਘਾਸਣ ਤੋਂ ਪਿਛੇ ਚਲੇ ਗਏ ਤੇ ਜਦੋਂ ਇਹਨੇ ਸਲੋਕ ਸ਼ੁਰੂ ਕਰਿਆ-

***ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥***
***ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥***
***ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥***
***(ਜਪੁਜੀ ਸਾਹਿਬ)***

ਇਥੇ ਜਦ ਪਹੁੰਚਿਆ ਤਾਂ ਇਹਦੇ ਮਨ 'ਚ ਖਿਆਲ ਆਇਆ ਕਿ ਗੁਰੂ ਮਹਾਰਾਜ ਕਿਉਂ ਉਠ ਰਹੇ ਹਨ, ਇਹ ਤਾਂ ਬੈਠੇ ਸੀ। ਬੈਠੇ ਬੈਠੇ ਕਿਉਂ ਉਠ ਰਹੇ ਹਨ? ਨਾਲ ਹੀ ਦੂਜਾ ਫੁਰਨਾ ਆ ਗਿਆ, ਕਿ ਜੇ ਮਹਾਰਾਜ ਜੀ ਨੇ ਕਿਹਾ ਕਿ ਕੀ ਇਨਾਮ ਦੇਈਏ, ਫੇਰ ਮੈਂ ਮਹਾਰਾਜ ਜੀ ਤੋਂ ਸਵਾ ਲੱਖ ਵਾਲਾ ਘੋੜਾ ਮੰਗਣਾ ਹੈ। ਜਦ ਸਵਾ ਲੱਖ ਘੋੜੇ ਵਾਲੀ ਗੱਲ ਕਹੀ ਉਸ ਵੇਲੇ ਮਹਾਰਾਜ ਜੀ ਨੇ ਇਕ ਚਰਨ ਤਾਂ ਧਰਤੀ ਤੇ ਲਾ ਲਿਆ ਸੀ, ਸਿਰਫ ਇਕ ਚਰਨ ਉਤੇ ਸੀਗਾ, ਆਪ ਨੇ ਚੁੱਕ ਕੇ ਫੇਰ ਆਸਣ ਤੇ ਬੈਠ ਗਏ ਅਤੇ ਮੁੜ ਕੇ ਫੇਰ ਬਿਰਾਜਮਾਨ

ਹੋ ਗਏ। ਉਸ ਵੇਲੇ ਪਾਠ ਦਾ ਭੋਗ ਪਾਇਆ। ਗੁਰੂ ਮਹਾਰਾਜ ਨੇ ਕਿਹਾ, "ਬਲਿਹਾਰ ਸਿੱਖਾ, ਬਲਿਹਾਰ, ਕੁਰਬਾਨ ਜਾਂਦੇ ਹਾਂ। ਤੇਰੇ ਅੱਗੇ ਸਾਨੂੰ ਵੀ ਨਮਸ਼ਕਾਰ ਕਰਨੀ ਚਾਹੀਦੀ ਹੈ। ਤੂੰ ਸ਼ੁਧ ਚਿੱਤ, ਅਰਥਾਂ ਸਮੇਤ ਵਿਚਾਰ ਕੇ ਜਪੁਜੀ ਸਾਹਿਬ ਦਾ ਪਾਠ ਕਰਿਆ ਹੈ, ਪਰ ਗੱਲ ਇਹ ਹੈ ਕਿ ਅਸੀਂ ਵਿਚਾਰਦੇ ਸੀ ਇਹਨੂੰ ਕੀ ਦੇਈਏ। ਗੁਰੂ ਨਾਨਕ ਦੀ ਬਖਸ਼ੀ ਹੋਈ ਸਭ ਤੋਂ ਵੱਡੀ ਚੀਜ਼ ਅਸੀਂ ਤੈਨੂੰ ਦੇਣਾ ਚਾਹੁੰਦੇ ਸੀ। ਉਹ ਹੈ ਗੁਰ ਗੱਦੀ ਤੇ ਜਿਉਂ ਜਿਉਂ ਤੂੰ ਪਾਠ ਕਰਦਾ ਗਿਆ ਅਸੀਂ ਪਿੱਛੇ ਹਟਦੇ ਗਏ ਕਿ –

***ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥***
***ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥***

***(ਜਪੁਜੀ ਸਾਹਿਬ)***

ਭਾਈ ਗੋਪਾਲੇ, ਜਦੋਂ ਤੂੰ ਜਪੁਜੀ ਸਾਹਿਬ ਦਾ ਪਾਠ ਸਮਾਪਤ ਕਰ ਲੈਣਾ ਸੀ ਅਸੀਂ ਉਸ ਸਮੇਂ ਇਕ ਦਮ ਮੁਹਰੇ ਦੀ ਹੋ ਕੇ ਨਮਸ਼ਕਾਰ ਕਰ ਦੇਣੀ ਸੀ ਤੇ ਏਸ ਗੱਦੀ ਦੇ ਉਤੇ ਇਹਨੂੰ ਬਿਠਾ ਦੇਣਾ ਸੀ। ਪੁਰਖਾ! ਅੱਜ ਅਸੀਂ ਤੈਨੂੰ ਗੁਰੂ ਨਾਨਕ ਦੀ ਗੱਦੀ ਦੇਣੀ ਸੀ ਪਰ ਤੇਰੀ ਕਿਸਮਤ ਹਲਕੀ ਹੋਣ ਕਰਕੇ ਤੂੰ ਸਾਡੇ ਤੋਂ ਘੋੜਾ ਮੰਗ ਲਿਆ। ਸਿਰਫ ਅੱਧੀ ਤੁਕ ਰਹਿ ਗਈ ਸੀ। ਨਾਨਕ ਤੇ ਮੁਖ ਉਜਲੇ......॥ ਇਥੋਂ ਤੱਕ ਤਾਂ ਸਾਬਤ ਰਹਿ ਗਿਆ "......ਕੇਤੀ ਛੁਟੀ ਨਾਲਿ॥ ਕਹਿੰਦੇ ਕਹਿੰਦੇ ਘੋੜੇ ਦਾ ਖਿਆਲ ਦਿਮਾਗ 'ਚ ਫਿਰ ਗਿਆ। ਮਹਾਰਾਜ ਕਹਿੰਦੇ, "ਜਾਓ ਸਵਾ ਲਖ ਵਾਲਾ ਘੋੜਾ ਲਿਆਓ, ਸੋਨੇ ਦੀ ਕਾਠੀ ਤੇ ਜ਼ਰੀ ਬਾਦਲੇ ਦੇ ਝੁੱਲ ਸਹਿਤ ਸਜਾਇਆ ਹੋਇਆ ਘੋੜਾ ਲਿਆਂਦਾ ਗਿਆ। ਮਹਾਰਾਜ ਜੀ ਨੇ ਕਿਹਾ ਕਿ ਲੈ ਭਾਈ, ਤੂੰ ਜੋ ਪਾਠ ਕਰਿਆ ਹੈ, ਤੂੰ ਘੋੜਾ ਲੈ ਲੈ। ਅਸੀਂ ਤਾਂ ਪ੍ਰੇਮੀਆਂ ਤੈਨੂੰ ਗੁਰੂ ਨਾਨਕ ਦੀ ਗੱਦੀ ਦੇਣ ਲੱਗੇ ਸੀ।

ਸੋ ਮਹਾਰਾਜ ਬਾਰ ਬਾਰ ਕਹਿੰਦੇ ਹਨ ਕਿ ਤੁਸੀਂ ਜਪੁਜੀ ਸਾਹਿਬ ਪੜ੍ਹਿਆ ਕਰੋ, ਜਪੁਜੀ ਸਾਹਿਬ ਪੜ੍ਹਿਆ ਕਰੋ, ਕੱਚੇ ਨਾ ਰਹੋ, ਪੱਕੇ ਹੋਵੋ। ਸਾਧ ਸੰਗਤ ਜੀ, ਤੁਸੀਂ ਸੰਗਤ ਵਿਚ ਆਉਂਦੇ ਹੋ। ਸਤਿਸੰਗਤ ਕਰਨ ਦਾ ਫਲ ਬਹੁਤ ਅਧਿਕ ਹੈ। ਬਾਣੀ ਵਿਚ ਫੁਰਮਾਨ ਹੈ –

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥***

***ਪੰਨਾ – 546***

ਗਾ ਕੇ, ਸੁਣ ਕੇ ਕਈ ਜਗਾਂ ਦਾ ਫਲ ਪ੍ਰਾਪਤ ਕਰਦੇ ਹੋ ਪਰ ਅਗਾਹਾਂ ਚਲੋ, ਬਾਣੀ ਯਾਦ ਕਰੋ, ਜਪੁਜੀ ਸਾਹਿਬ ਪੜ੍ਹਿਆ ਕਰੋ।

ਸੋ ਇਸ ਤਰ੍ਹਾਂ ਇਕ ਚਿੱਤ ਭਜਨ ਕਰਨ ਦਾ ਫਲ ਹੁੰਦਾ ਹੈ। ਮਹਾਰਾਜ ਕਹਿਣ ਲੱਗੇ, "ਅਸੀਂ ਤਾਂ ਨਮਾਜ਼ ਪੜ੍ਹੀ ਹੈ ਤੇ ਤੁਸੀਂ ਨਹੀਂ ਪੜ੍ਹੀ। ਨਵਾਬ ਕਹਿੰਦਾ, "ਮਹਾਰਾਜ ਮੈਂ ਤਾਂ ਇਥੇ ਸੀ?" ਮਹਾਰਾਜ ਕਹਿੰਦੇ, "ਨਹੀਂ, ਨਵਾਬ ਸਾਹਿਬ, ਨਮਾਜ਼ ਸਰੀਰ ਨਹੀਂ ਪੜ੍ਹਿਆ ਕਰਦਾ, ਨਮਾਜ਼ ਮਨ ਪੜ੍ਹਿਆ ਕਰਦਾ ਹੈ। ਇਹ ਠੀਕ ਹੈ ਕਿ ਤੁਸੀਂ ਗੋਡੇ ਲਾ ਲਏ, ਕਦੇ ਸਿਜਦਾ ਕਰਦੇ ਰਹੇ, ਕਦੇ ਮੱਥਾ ਟੇਕ ਦਿੱਤਾ, ਫੇਰ ਖੜ੍ਹੇ ਹੋ ਗਏ, ਫੇਰ ਮੱਥਾ ਟੇਕ ਦਿੱਤਾ, ਫੇਰ ਗੋਡਿਆਂ ਭਾਰ ਹੋ ਗਏ ਫੇਰ ਮੱਥਾ ਟੇਕ ਦਿੱਤਾ, ਸਰੀਰਕ ਕਿਰਿਆ ਤਾਂ ਤੁਸੀਂ ਸਾਰੀ ਕਰ ਲਈ, ਤੁਹਾਡੇ ਸਰੀਰ ਨੇ ਤਾਂ ਸਾਥ ਦਿਤਾ ਹੈ ਸਹੀ, ਲੇਕਿਨ ਮਨ ਨੇ ਨਹੀਂ ਦਿਤਾ, ਉਹ ਤਾਂ ਕਾਬਲ ਕੰਧਾਰ ਦੇ ਅੰਦਰ ਘੋੜੇ ਖਰੀਦ ਰਿਹਾ ਸੀ। ਨਵਾਬ ਨੇ ਮੂੰਹ ਵਿਚ ਉਂਗਲੀ ਲੈ ਲਈ ਤੇ ਕਹਿਣ ਲੱਗਿਆ, ਕਾਜ਼ੀ ਸਾਹਿਬ, ਗੁਰੂ ਨਾਨਕ ਵਲੀ ਅੱਲਾਹ ਹੈ, ਇਹ ਅੰਦਰ ਦੀਆਂ ਗੱਲਾਂ ਜਾਣਦਾ ਹੈ। ਮੈਂ ਸੱਚਮੁੱਚ ਘੋੜੇ ਖਰੀਦ ਰਿਹਾ ਸੀ। ਕਾਜ਼ੀ ਢੀਠ ਸੀ, ਗੁਰੂ ਪਾਤਸ਼ਾਹ ਨੂੰ ਕਹਿਣ ਲੱਗਿਆ ਕਿ ਫੇਰ ਮੇਰੇ ਨਾਲ ਨਮਾਜ਼ ਪੜ੍ਹ ਲੈਂਦੇ? ਮਹਾਰਾਜ ਕਹਿੰਦੇ, "ਤੂੰ ਤਾਂ ਇਥੇ ਪਹਿਲਾਂ ਵੀ ਨਹੀਂ ਸੀਗਾ ਇਹ ਤਾਂ ਅਜੇ ਅੱਧੇ ਕਲਮੇ ਵਿਚ ਸੀਗਾ ਵੀ, ਪਰ ਤੂੰ ਤਾਂ ਹੈ ਹੀ ਨਹੀਂ ਸੀ। ਕਹਿਣ ਲੱਗਿਆ, "ਮੈਂ ਕਿਥੇ ਸੀ?" ਕਹਿੰਦੇ, "ਤੇਰੇ ਘਰ ਘੋੜੀ ਸੂਈ ਹੈ ਤੇ ਵਿਹੜੇ ਵਿਚ ਖੂਹ ਹੈ ਜਿਸ ਦੇ ਉਤੇ ਮੌਣ ਨਹੀਂ ਹੈ, ਤੂੰ ਤਾਂ ਨਮਾਜ਼ ਲਈ ਇਧਰ ਨੂੰ ਤੁਰਿਆ ਆਉਂਦਾ ਸੀ। ਉਸ ਵੇਲੇ ਤੋਂ ਹੀ ਸੋਚਦਾ ਸੀ ਕਿ ਵਛੇਰੀ ਖੂਹ 'ਚ ਨਾ ਗਿਰ ਜਾਵੇ। ਤੂੰ ਤਾਂ ਖੂਹ ਤੇ ਖੜ੍ਹਾ ਵਛੇਰੀ ਮੋੜਦਾ ਰਿਹਾ ਹੈਂ, ਨਮਾਜ਼ ਕਦ ਪੜ੍ਹੀ ਹੈ ਤੂੰ? ਇਹ ਸੁਣ ਕੇ ਸਾਰਿਆਂ ਨੇ ਨਮਸ਼ਕਾਰ ਕਰ ਦਿਤੀ ਗੁਰੂ ਨਾਨਕ ਦੇ ਚਰਨਾਂ 'ਚ। ਦੌਲਤ ਖਾਨ ਨਵਾਬ ਨੇ ਗੁਰੂ ਚਰਨਾਂ ਵਿਚ ਬੇਨਤੀ ਕੀਤੀ ਕਿ ਪਾਤਸ਼ਾਹ ਮਨ ਥਿਰ ਨਹੀਂ ਰਹਿੰਦਾ, ਮਨ ਕਿਵੇਂ ਕਾਬੂ ਕੀਤਾ ਜਾਵੇ।

***ਅਦਭੁਤ ਰਸ ਨਰ ਭਏ ਕਛੁਕ ਰਸ ਹਾਸ ਸੋਂ***
***ਹੋ ਤਬ ਨਿਬਾਬ ਗਹਿ ਚਰਨ ਰਹਯੋ ਹ੍ਵੈ ਦਾਸ ਸੋਨਾਤ।***
***ਸਿਰ ਪੀਰਨ ਕੇ ਪੀਰ! ਪੀਰ ਹਰਿ ਮੇਰੀਆ***
***ਗੁਨੀ ਗਹੀਰ ਸਰੀਰ, ਸ਼ਰਨ ਮੈਂ ਤੇਰੀਆ***
***ਭ੍ਰਮ ਕਰਿ ਭੂਲੇ ਭਨਯੋ, ਭੇਵ ਨਹਿੰ ਜਾਨਿਆ***
***ਹੋ ਬਖਸ਼ਹੁ ਔਗੁਨ ਮੋਰ ਅਜਾਨ ਬਖਾਨਿਆ***
***ਪੂਰਬ ਔਗਨ ਬਖਸ਼ ਕੈ ਅਬ ਦਿਹੁ ਨਿਜ ਉਪਦੇਸ਼***
***ਬੰਦਿ ਹਾਥ ਬਿਨਤੀ ਕਰਤ ਦੌਲਤ ਖਾਨ ਨਰੇਸ਼***
***ਤੁਮ ਖੁਦਾਇ ਕੋ ਰੂਪ ਹੋ, ਅੰਤਰਜਾਮੀ ਸਰਬ***
***ਮੈਂ ਅਤਿ ਮੂਢ ਨ ਲਖਿ ਸਕਯੋ ਨਿਜ ਅਸੁਰਜਹਿੰ ਗਰਬ***
***ਹੌਂ ਸਮੀਪ ਚਿਰਕਾਲ ਕੇ ਛੂਛ ਨ ਛੋਰਹੁ ਆਪ***

*ਬਿਬਸਿ ਮਨਹਿ ਕੋ ਬਸ ਕਰੋ ਹਰੀਏ ਤੀਨਹੁ ਤਾਪ॥*
*ਬਿਸ਼ਯ ਅਧੀਨਹਿਂ ਦੀਨ ਮੈਂ, ਹਰਖ ਸ਼ੋਕ ਅਨੁਸਾਰਿ।*
*ਅਸ ਸੁਨਕੈ ਤਿਹ ਕੇ ਬਚਨ ਬੋਲੇ ਗੁਰ ਉਦਾਰ॥*
*ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 398*

ਗੁਰੂ ਨਾਨਕ ਪਾਤਸ਼ਾਹ ਜੀ ਫੁਰਮਾਨ ਕੀਤਾ ਕਿ ਮਨ ਨੂੰ ਵਸ ਕਰਨਾ ਅਤਿ ਕਠਨ ਹੈ ਕਿਉਂਕਿ ਇਹ ਵਾਸ਼ਨਾਵਾਂ ਦੀਆਂ ਅਨੇਕ ਤਰੰਗਾਂ ਉਤੇ ਨਚਦਾ ਹੈ, ਮਨ ਰੋਕੇ ਬਿਨਾਂ ਪਿਆਰ ਵੈਰਾਗ ਪੈਦਾ ਨਹੀਂ ਹੁੰਦਾ ਅਤੇ ਰਸ ਤੋਂ ਹੀਣਾ ਰਹਿੰਦਾ ਹੈ। ਪਾਰਾ ਕਦੇ ਭੀ ਉਂਗਲੀ ਹੇਠ ਨਹੀਂ ਆਉਂਦਾ, ਭਾਵੇਂ ਕਿੰਨੇ ਯਤਨ ਕਰ ਲਵੋ ਜਦੋਂ ਗੰਧਕ ਵਰਗੀ ਔਸ਼ਧੀ ਵਰਤ ਕੇ ਮਾਰ ਲਿਆ ਜਾਵੇ ਫਿਰ ਉਂਗਲੀ ਹੇਠ ਆਉਂਦਾ ਹੈ। ਜਿਵੇਂ ਚੰਚਲ ਘੋੜਾ ਅਣਜਾਣ ਸਵਾਰ ਨੂੰ ਦੌੜ ਦੜ ਕੇ ਸੁੱਟ ਦਿੰਦਾ ਹੈ, ਦੁਖੀ ਕਰਦਾ ਹੈ ਪਰਜੇ ਸਵਾਰ ਘੋੜੇ ਦੇ ਮੂੰਹ ਵਿਚ ਕੰਡਿਆਲਾ ਪਾ ਲਵੇ, ਤੰਗ ਕਸ ਲਵੇ ਅਤੇ ਹੱਥ ਵਿਚ ਚਾਬੁਕ ਲੈ ਲਵੇ ਫਿਰ ਘੋੜਾ ਕਾਬੂ ਹੋ ਜਾਂਦਾ ਹੈ।

**ਇਸੇ ਤਰ੍ਹਾਂ ਮਨ ਸਤਿਗੁਰੂ ਮਿਲੇ ਤੇ ਸਥਿਰ ਹੁੰਦਾ ਹੈ। ਦੋਜ਼ਕ ਦਾ ਧਿਆਨ ਕਰੇ, ਬੁਰੇ ਕਰਮਾਂ ਵਿਚ ਪ੍ਰਵਿਰਤ ਨਾ ਹੋਵੇ ਅਤੇ ਗੁਰੂ ਦੇ ਸ਼ਬਦ ਦਾ ਕੰਡਿਆਲਾ ਪਾਵੇ। ਵਿਸ਼ਿਆਂ ਵਿਚੋਂ ਬਿਰਤੀ ਖਿਚੇ, ਪ੍ਰਭੂ ਦਾ ਭਾਣਾ ਮੰਨੇ ਅਤੇ ਹਰ ਰੋਜ਼ ਵਾਹਿਗੁਰੂ ਦਾ ਸਿਮਰਨ ਕਰੇ। ਸਤਿਗੁਰੂ ਦੇ ਉਪਦੇਸ਼ ਨੂੰ ਹਿਰਦੇ ਵਿਚ ਧਾਰੇ। ਰਾਗ ਦ੍ਵੈਸ਼ ਤੋਂ ਬਚ ਕੇ ਰਹੇ।**

ਸੋ ਮਹਾਰਾਜ ਜੀ ਨੇ ਫੁਰਮਾਨ ਕਰਿਆ, "ਪ੍ਰੇਮੀਓ! ਜੇ ਭਜਨ ਕਰਨ ਆਉਂਦੇ ਹੋ, ਨਾਮ ਜਪਦੇ ਹੋ, ਬੰਦਗੀ ਕਰਦੇ ਹੋ, ਜਪੁਜੀ ਸਾਹਿਬ ਪੜ੍ਹਦੇ ਹੋ ਤਾਂ ਇਕ ਗੱਲ ਕਰਿਆ ਕਰੋ। ਉਸ ਸਮੇਂ ਨੂੰ ਸੰਭਾਲ ਕੇ ਰੱਬ ਦੇ ਲੇਖੇ ਲਾਇਆ ਕਰੋ ਤੇ ਚਿਤ ਇਕਾਗਰ ਕਰਕੇ ਹਰੀ ਦਾ ਜਸ ਕਰਿਆ ਕਰੋ। ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਜੱਸ ਕਰੋ ਵਾਹਿਗੁਰੂ ਦਾ ਪਿਆਰਿਓ,*
*ਚਿਤ ਨੂੰ ਇਕਾਗਰ ਕਰਕੇ –2, 2.*
*ਚਿੱਤ ਨੂੰ ਇਕਾਗਰ ਕਰਕੇ ਪਿਆਰੇ, – 2, 2.*
*ਜੱਸ ਕਰੋ ਵਾਹਿਗੁਰੂ ਦਾ ਪਿਆਰਿਓ,.........।*

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥*
*ਸਾਵਧਾਨ ਏਕਾਗਰ ਚੀਤ॥ ਪੰਨਾ – 295*

ਸੋ ਇਸ ਤਰ੍ਹਾਂ ਜਦੋਂ ਜਪੁਜੀ ਸਾਹਿਬ ਪੜ੍ਹਦੇ ਹਾਂ, ਸੁਖਮਨੀ ਸਾਹਿਬ ਪੜ੍ਹਦੇ ਹਾਂ, ਥੋੜ੍ਹਾ ਪੜ੍ਹ ਲਓ ਪਰ ਚਿਤ ਨੂੰ ਇਕਾਗਰ ਕਰੋ, ਜਦ ਤੱਕ ਚਿਤ ਦੇ ਇਕਾਗਰ ਕਰਨ ਦੀ ਜੁਗਤੀ ਨਹੀਂ ਆਉਂਦੀ ਤਾਂ ਨਤੀਜਾ ਪੂਰਾ ਪ੍ਰਾਪਤ ਨਹੀਂ ਹੋਇਆ ਕਰਦਾ। ਫੇਰ ਕਹਿੰਦੇ, "ਪੜ੍ਹਦੇ ਤਾਂ ਹਾਂ। ਮੈਂ ਤਾਂ 25 ਪਾਠ ਜਪੁਜੀ ਸਾਹਿਬ ਦੇ ਦਸਦਾ ਹੁੰਦਾ ਹਾਂ ਕਿ 25 ਪਾਠ ਦੇ ਵਿਚ ਕਿਤੇ ਬਾਣੀ ਦੇ ਵਿਚ ਮਨ ਇਕਾਗਰ ਹੋਏਗਾ, ਜਦੋਂ ਹੋ ਗਿਆ ਉਦੋਂ ਹੀ ਇਹਦਾ ਕੰਮ ਬਣ ਜਾਣਾ ਹੈ। ਉਸੇ ਵੇਲੇ ਇਸ ਨੇ ਰਾਜ਼ੀ ਹੋ ਜਾਣਾ ਹੈ, ਬੀਮਾਰੀ ਹਟ ਜਾਣੀ ਹੈ, ਕਾਰਜ ਸਿੱਧ ਹੋ ਜਾਣਾ ਹੈ। ਕਦੇ ਤਾਂ ਇਹਦਾ ਮਨ ਮਾੜਾ ਮੋਟਾ ਲਗੇਗਾ, ਕਦੇ ਕਿਸੇ ਤੁਕ ਤੇ ਇਕਾਗਰ ਹੋ ਗਿਆ, ਕਦੇ ਕਿਸੇ ਤੇ ਹੋ ਗਿਆ, ਚੱਲੋ ਸਾਰੇ ਤੇ ਜੇ ਨਹੀਂ ਹੁੰਦਾ। ਬਾਣੀ ਨੇ ਫਲ ਤਾਂ ਦੇਣਾ ਹੀ ਦੇਣਾ ਹੈ।

ਸੋ ਮਹਾਰਾਜ ਜੀ ਨੇ ਇਹ ਦੱਸਿਆ, ਜੇ ਪ੍ਰਮੇਸ਼ਰ ਦਾ ਜੱਸ ਕਰਨਾ ਹੈ, ਨਮਾਜ਼ ਪੜ੍ਹਨੀ ਹੈ, ਗਾਇਤ੍ਰੀ ਪੜ੍ਹਨੀ ਹੈ, ਸੰਧਿਆ ਕਰਨੀ ਹੈ ਤਾਂ ਚਿਤ ਦੀ ਇਕਾਗਰਤਾ ਜ਼ਰੂਰੀ ਹੈ। ਸੋ ਨਾਲ ਤਰੀਕਾ ਵੀ ਦਸਿਆ ਕਿ ਚਿੱਤ ਇਕਾਗਰ ਕਿਵੇਂ ਹੁੰਦਾ ਹੈ? ਸੋ ਇਸ ਤੋਂ ਬਾਅਦ ਭਾਈ ਜੋਧ ਕਹਿਣ ਲੱਗੇ, ਲਹਿਣਾ ਜੀ! ਗੁਰੂ ਨਾਨਕ ਪਾਤਸ਼ਾਹ ਨੇ ਫੁਰਮਾਨ ਕੀਤਾ ਕਿ ਸੰਸਾਰ ਪ੍ਰਮੇਸ਼ਰ ਨੂੰ ਭੁੱਲ ਗਿਆ ਹੈ, ਬਿਲਕੁਲ ਨਹੀਂ ਪਤਾ, ਨਾਸਤਕ ਹੈ ਦੁਨੀਆਂ। ਵਾਹਿਗੁਰੂ ਹਾਜ਼ਰ ਨਾਜ਼ਰ ਹੈ, ਸਭ ਦੇ ਅੰਦਰ ਹੈ। ਕੋਈ ਮੰਨਦਾ ਹੈ ਕਿ ਮੇਰੇ ਅੰਦਰ ਵਾਹਿਗੁਰੂ ਹੈ? ਹਰ ਵਕਤ ਭੁੱਲੇ ਰਹਿੰਦੇ ਹਾਂ–

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥*
*ਪੰਨਾ – 677*

ਮਹਾਰਾਜ ਜੀ ਕਹਿੰਦੇ, "ਜਿਧਰ ਨੂੰ ਦੇਖਦਾ ਹੈ ਉਧਰ ਹੀ ਵਾਹਿਗੁਰੂ ਹੈ, ਉਹ ਦੂਰ ਨਹੀਂ ਜਾਂਦਾ।"

*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥*
*ਪੰਨਾ – 677*

ਉਹ ਸਾਰਿਆਂ ਦੇ ਅੰਦਰ ਬਾਹਰ ਰਵਿਆ ਹੋਇਆ ਹੈ, ਉਸਦਾ ਧਿਆਨ ਰੱਖ, ਐਨੀ ਹੀ ਗੱਲ ਸੀ। ਜੇ ਐਨੀਓ ਗੱਲ ਸਮਝ 'ਚ ਆ ਜਾਵੇ, ਉਸ ਸਿੱਖ ਦੇ ਚਰਨਾਂ ਤੇ ਮਸਤਕ ਨਿਵਾ ਦਿਓ, ਨਿਵਾ ਦਿਓ ਸੀਸ, ਕੋਈ ਹਰਜ ਨਹੀਂ ਹੁੰਦਾ ਕਿਉਂਕਿ ਉਹ ਬਹੁਤ ਉਚਾ ਹੋ ਗਿਆ। ਦੋ ਗੱਲਾਂ ਉਹਨੇ ਪੱਕੀ ਤਰ੍ਹਾਂ ਨਾਲ ਸਮਝ ਲਈਆਂ, ਇਕ ਤਾਂ ਇਹ ਕਿ ਮੈਂ ਜਿਧਰ ਦੇਖਦਾ ਹਾਂ ਵਾਹਿਗੁਰੂ ਹੈ, ਤੇ ਦੂਜਾ ਉਹ ਮੇਰੇ ਨਾਲ ਰਹਿੰਦਾ ਹੈ।

*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥*
*ਪੰਨਾ – 677*

ਉਹ ਵਾਹਿਗੁਰੂ ਜੀ ਹਰੇਕ ਦੇ ਨਾਲ ਹੈ ਪਰ ਅਸੀਂ ਵਾਹਿਗੁਰੂ ਨੂੰ ਭੁੱਲ ਗਏ। ਐਨਾ ਭੁੱਲੇ ਕਿ ਸਾਡੇ ਧਿਆਨ 'ਚ ਨਹੀਂ ਆਉਂਦਾ। ਇਕ ਮਿਸਾਲ ਦੇ ਨਾਲ ਤੁਹਾਨੂੰ ਗੱਲ ਸਮਝ 'ਚ ਆ ਜਾਏਗੀ। ਉਹ ਇਹ ਹੈ ਕਿ ਜਦੋਂ ਸ੍ਰਿਸ਼ਟੀ ਨਹੀਂ ਸੀ ਬਣੀ, ਜਿੰਨਾਂ ਤੁਸੀ ਮਹਿਸੂਸ ਕਰਦੇ ਹੋ, ਚੰਦ, ਤਾਰੇ, ਸੂਰਜ ਜਿੰਨਾ ਵੀ ਦੇਖਦੇ ਹੋ, ਹਵਾ ਦੇਖਦੇ ਹੋ, ਪਾਣੀ ਦੇਖਦੇ ਹੋ, ਅੱਗ ਦੇਖਦੇ ਹੋ, ਮਿੱਟੀ ਦੇਖਦੇ ਹੋ ਤੇ ਆਕਾਸ਼ ਦੇਖਦੇ ਹੋ ਇਹ ਇਕ ਸਮਾਂ ਸੀ ਜਦੋਂ ਇਥੇ ਕੁਛ ਵੀ ਨਹੀਂ ਸੀ, ਆਪਣੀ ਮੌਜ ਦੇ ਵਿਚ ਇਕੱਲਾ ਹੀ ਵਾਹਿਗੁਰੂ ਸੀ ਤੇ ਜਿਹੜੇ ਪੜ੍ਹੇ ਲਿਖੇ ਨੇ ਉਸ ਸਮੇਂ ਨੂੰ ਇਹ ਕਹਿੰਦੇ ਹਨ ਕਿ ਉਸ ਵੇਲੇ ਉਹ ਸੁੰਨ ਸਮਾਧ ਵਿਚ ਸੀ, ਅਫੁਰ ਅਵਸਥਾ ਵਿਚ ਸੀ। ਠੀਕ ਹੈ ਇਹਨਾਂ ਦੀ ਗੱਲ ਮੰਨ ਲੈਂਦੇ ਹਾਂ ਕਿ ਅਫੁਰ ਅਵਸਥਾ ਵਿਚ ਹੋਣਾ ਹੈ। ਪਰ ਵਾਹਿਗੁਰੂ ਦੇ ਅੰਦਰ ਦੀ ਗੱਲ ਕੋਈ ਜਾਣ ਨਹੀਂ ਸਕਦਾ ਕਿਉਂਕਿ ਉਹ ਇਕੱਲਾ ਹੀ ਸੀ, ਉਹ ਕਿਸ ਅਵਸਥਾ 'ਚ ਸੀ, ਇਹਦੇ ਬਾਰੇ ਕੁਛ ਕਿਹਾ ਨਹੀਂ ਜਾ ਸਕਦਾ। ਇਹ ਤਾਂ ਗੁਰੂ ਮਹਾਰਾਜ ਜੀ ਨੇ ਲਿਖਿਆ ਹੈ ਉਹ ਆਪਣੇ ਆਪ ਵਿਚ ਸੀ, ਇਕੱਲਾ ਸੀ, ਉਹ ਕਿਵੇਂ ਸੀ? ਉਸ ਵੇਲੇ ਉਹਦੀ ਬਾਤ ਕੋਈ ਨਹੀਂ ਜਾਣਦਾ। ਮੇਰੇ ਮਨ ਦੀ ਗੱਲ ਜੇ ਕੀੜਾ

ਜਾਨਣਾ ਚਾਹੇ ਕਦੇ ਨਹੀਂ ਜਾਣਦਾ। ਰਾਤ ਨੂੰ ਜਦੋਂ ਅਸੀਂ ਸੌਂਦੇ ਹਾਂ ਜਾਂ ਇਥੇ ਬੈਠ ਕੇ ਭਜਨ ਕਰੀਏ, ਕੀੜੇ ਨੂੰ ਕੀ ਪਤਾ ਹੈ ਕਿ ਕੀ ਕਰ ਰਿਹਾ ਹਾਂ। ਇਸੇ ਤਰ੍ਹਾਂ ਸਾਨੂੰ ਨਹੀਂ ਪਤਾ ਕਿ ਵਾਹਿਗੁਰੂ ਉਸ ਵੇਲੇ ਕਿਸ ਤਰ੍ਹਾਂ ਦੀ ਹਾਲਤ ਵਿਚ ਸੀ। ਪਰ ਇਹ ਹੈ ਕਿ ਜਦ ਸੰਸਾਰ ਨਹੀਂ ਸੀ ਹੁੰਦਾ, ਇਹ ਪਦਾਰਥ ਨਹੀਂ ਸੀ ਹੁੰਦਾ, ਪ੍ਰਕਿਰਤੀ ਰੂਪ ਸ੍ਰਿਸ਼ਟੀ ਨਹੀਂ ਸੀ ਹੁੰਦੀ, ਉਸ ਸਮੇਂ ਨਿਰੰਕਾਰ ਅਵਸਥਾ ਵਿਚ ਪ੍ਰਭੂ ਮੌਜ ਆਈ ਕਿ ਪ੍ਰਕਿਰਤੀ ਦੀ ਸ੍ਰਿਸ਼ਟੀ ਰਚਾਂ, ਉਸ ਵੇਲੇ ਜਦੋਂ ਮੌਜ ਆਈ ਜਿਵੇਂ ਬੈਠਾ ਬੈਠਾ ਬੰਦਾ ਉਠ ਕੇ ਕੰਮ ਲੱਗ ਜਾਂਦਾ ਹੈ, ਇਸ ਤਰ੍ਹਾਂ ਅਕਾਲ ਪੁਰਖ ਨੇ ਏਕੰਕਾਰ ਦਾ ਰੂਪ ਧਾਰ ਲਿਆ, ਸਾਕਾਰ ਰੂਪ, ਉਹਦੇ ਬਾਰੇ ਤਾਂ ਕੋਈ ਨਹੀਂ ਦੱਸ ਸਕਦਾ, ਕਈਆਂ ਨੇ ਤਾਂ ਅਨੁਮਾਨ ਲਾ ਲਿਆ ਕਿ ਉਸ ਦੇ ਚਾਰ ਬਾਹਾਂ ਹਨ, ਉਸ ਦੇ ਇਕ ਹੱਥ ਦੇ ਵਿਚ ਸੰਖ ਹੈ ਇਕ 'ਚ ਗਦਾ ਹੈ, ਇਕ 'ਚ ਚੱਕਰ ਹੈ, ਇਕ 'ਚ ਕਮਲ ਦਾ ਫੁੱਲ ਹੈ, ਠੀਕ ਹੈ ਚਿੱਤ ਟਿਕਾਉਣ ਵਾਸਤੇ ਆਪਣਾ ਅਨੁਮਾਨ ਬਹੁਤ ਸੋਹਣਾ ਹੈ। ਲੇਕਿਨ ਮਹਾਰਾਜ ਕਹਿੰਦੇ, ਰੂਪ, ਰੰਗ, ਰੇਖ, ਭੇਖ ਚੱਕਰ, ਚਿਹਨ, ਜਾਤ ਪਾਤ ਉਹਦੀ ਕੋਈ ਨਹੀਂ ਦੱਸ ਸਕਦਾ।

***ਨਹੀਂ ਜਾਨ ਜਾਈ ਕਛੂ ਰੂਪ ਰੇਖੰ॥***
***ਕਹਾਂ ਬਾਸੁ ਤਾਂ ਕੋ, ਫਿਰਿ ਕਉਨ ਭੇਖੰ॥***
***ਕਹਾ ਨਾਮ ਤਾਂ ਕੈ, ਕਹਾਂ ਕੈ ਕਹਾਵੈ॥***
***ਕਹਾ ਕੈ ਬਖਾਨੋ, ਕਹੇ ਮੋ ਨਾ ਆਵੈ॥***

***(ਅਕਾਲ ਉਸਤਤਿ)***

ਕਹਿੰਦੇ, ਕੋਈ ਨਹੀਂ ਕਹਿ ਸਕਦਾ ਲੇਕਿਨ ਇਹ ਹੈਗਾ ਕਿ ਉਹ ਹਸਤੀ ਹੋ ਗਈ 'ਏਕੰਕਾਰ' ਸੱਚ ਹੋ ਗਿਆ, ਸੱਚ ਨੂੰ ਕਹਿੰਦੇ ਹਨ 'ਹਸਤੀ' ਜਿਵੇਂ ਮੈਂ ਬੈਠਾ ਹਾਂ, ਇਹ ਮੇਰੀ ਹਸਤੀ ਹੈ। ਇਹ ਸਤ ਹੈ, ਇਹ ਠੀਕ ਹੈ ਮੈਂ ਜੋ ਕੁਛ ਬੈਠਾ ਨਜ਼ਰ ਆਉਂਦਾ ਹੈ, ਐਵੇਂ ਹੀ ਹੈ। ਇਕ ਮਾਇਕ ਕ੍ਰਿਸ਼ਮਾ ਹੈ।

ਇਸੇ ਤਰ੍ਹਾਂ ਵਾਹਿਗੁਰੂ ਸਰਗੁਨ ਹੋ ਗਿਆ ਤੇ ਸਰਗੁਨ ਹੋਣ ਨਾਲ ਹਸਤੀ ਹੋ ਗਈ ਲੇਕਿਨ ਕੋਈ ਦਸ ਨਹੀਂ ਸਕਦਾ, ਉਹ ਕਿਹੋ ਜਿਹਾ ਸੀ ਤੇ ਉਸ ਨੇ ਆਪਣਾ ਰੂਪ ਅਗਾਹਾਂ ਹੋਰ ਧਾਰਿਆ ਓਅੰਕਾਰ ਸਰੂਪ ਹੋ ਗਿਆ, ਏਕੰਕਾਰ ਤੋਂ ਸਬਦ ਧੁਨ ਬਣ ਗਿਆ ਇਹਦਾ ਇਹ ਮਤਲਬ ਨਹੀਂ ਕਿ ਪਹਿਲਾਂ ਏਕੰਕਾਰ ਰੂਪ ਖਤਮ ਹੋ ਗਿਆ ਤੇ ਓਅੰਕਾਰ ਹੋ ਗਿਆ, ਸ਼ਬਦ ਰੂਪ ਹੋ ਕੇ ਫੇਰ ਉਹ ਖਤਮ ਹੋ ਗਿਆ, ਹੁਣ ਉਹ ਏਕੰਕਾਰ ਨਹੀਂ ਰਿਹਾ, ਉਹ ਸ਼ਬਦ ਰੂਪ ਹੈ। ਉਹ ਸਾਰੇ ਹੀ ਰੂਪਾਂ ਵਿਚ ਹੈ, ਫੇਰ ਉਹ ਸ੍ਰਿਸ਼ਟੀ ਬਣ ਗਿਆ। ਉਹ ਸਾਰਾ ਹੀ ਆਪ ਹੈ, ਮਾਇਆ ਕਿਤੋਂ ਨਹੀਂ ਲਈ। ਇਕ ਫੁਰਨਾ ਕੀਤਾ, ਸਾਡੇ ਸੁਪਨੇ 'ਚ ਅਤੇ ਇਸ ਗੱਲ 'ਚ ਫਰਕ ਹੈ। ਜੇ ਮੈਂ ਕਹਿੰਦਾਂ ਕਿ ਇਕ ਸੁਪਨਾ ਲਿਆ, ਸੁਪਨਾ ਨਹੀਂ -

***ਸਚੇ ਤੇਰੇ ਖੰਡ ਸਚੇ ਬ੍ਰਹਮੰਡ॥*** ***ਪੰਨਾ - 463***

ਇਹ ਹੈ ਤਾਂ ਸੱਚੀਆਂ ਚੀਜ਼ਾਂ ਦਿਸਦੀਆਂ ਨੇ। ਹੱਥ ਲਗਾਉਣ ਤੇ ਅਸੀਂ ਮਹਿਸੂਸ ਕਰਦੇ ਹਾਂ, ਛਾਈਂ-ਮਾਈਂ ਤਾਂ ਨਹੀਂ ਹੈਗਾ, ਪਰ ਇਵੇਂ ਜਿਵੇਂ ਸਤਿ ਨਹੀਂ ਰਹਿੰਦੀਆਂ, ਸਾਰੀਆਂ ਬਦਲ ਜਾਂਦੀਆਂ ਹਨ, ਇਕ ਰਸ ਨਹੀਂ ਰਹਿੰਦੀਆਂ। ਨਾ ਸਰੀਰ ਰਹੇ, ਨਾ ਕੋਈ ਸੰਬੰਧੀ ਰਹੇ, ਨਾ ਘਰ ਰਹੇ, ਨਾ ਜ਼ਮੀਨ, ਨਾ ਸੂਰਜ, ਨਾ ਚੰਦ, ਨਾ ਤਾਰੇ, ਇਹ ਸਭ ਆਪਣੇ-ਆਪਣੇ ਸਮੇਂ ਤੇ ਖਤਮ ਹੋ ਜਾਂਦੇ ਹਨ, ਲੇਕਿਨ ਇਸ ਤਰ੍ਹਾਂ ਕਰਨ ਨਾਲ ਵਾਹਿਗੁਰੂ ਜੀ ਵੰਡ ਨਹੀਂ ਹੁੰਦਾ। ਉਹ ਆਪਣੀਆਂ ਸ਼ਕਤੀਆਂ ਸਹਿਤ ਉਸੇ ਤਰ੍ਹਾਂ ਰਹਿੰਦਾ ਹੈ, ਨਿਰਲੇਪ ਰਹਿੰਦਾ ਹੈ। ਇਹ ਸਾਰੀ ਕ੍ਰਿਆ ਬਦਲਦੇ ਰਹਿਣ ਦੀ ਉਸਦੇ ਅਗੰਮ ਹੁਕਮ ਦੀ ਕ੍ਰਿਆ ਹੈ, ਸਾਰੇ ਹੁਕਮ ਵਰਤ ਰਿਹਾ ਹੈ। ਹੁਕਮ ਵਿਚ ਸ੍ਰਿਸ਼ਟੀ ਦੇ ਅਨੇਕਾਂ ਰੂਪਾਂ ਰੰਗਾਂ ਵਿਚ ਸਮੱਸ਼ਟ, ਵਿਅਸ਼ਟ ਦੀ ਕ੍ਰਿਆ ਹੋ ਰਹੀ ਹੈ। ਸ਼ਬਦ ਸ਼ਕਤੀ ਜਾਂ ਕਹੋ ਨਾਮ ਸ਼ਕਤੀ ਹੀ ਹੁਕਮ ਹੈ। ਨਾਮ ਪ੍ਰਕ੍ਰਿਤੀ ਦੀ ਉਤਪਤੀ ਅਤੇ ਤਿੰਨਾਂ ਗੁਣਾਂ ਰਜੋ, ਸਤੋ, ਤਮੋ ਦਾ ਸੋਮਾ ਹੈ, ਨਾਮ ਸਾਰੇ ਪਰੀਪੂਰਨ ਹੈ। ਇਥੇ ਨਿਰੰਕਾਰ ਹੀ ਏਕੰਕਾਰ ਹੈ ਅਤੇ ਓਅੰਕਾਰ ਰੂਪ ਵਿਚ ਸ਼ਬਦ ਅਤੇ ਨਾਮ ਸ਼ਕਤੀ ਹੈ ਜੋ ਸਤਿ ਦਾ ਹੀ ਇਕ ਅਨਿਖੜਵਾਂ ਕ੍ਰਿਸ਼ਮਾਂ ਹੈ ਅਤੇ ਕਰਤਾ ਹੈ, ਸਾਰੇ ਘਟ ਘਟ ਵਿਚ ਰਮਿਆ ਪੁਰਖ ਹੈ, ਸਦਾ ਸਤਿ ਦੀ ਮੂਰਤ ਹੈ, ਪੂਰਨ ਗਿਆਨ ਹੈ।

ਮਾਇਆ ਸੁਤੰਤਰ ਅਨਾਦੀ ਤੱਤ ਨਹੀਂ ਹੈ। ਇਸ ਦਾ ਪਸਾਰਾ ਭੀ ਪ੍ਰਭੂ ਹੁਕਮ ਵਿਚ ਹੀ ਹੈ। ਮਾਇਆ ਨੂੰ ਸੱਤਾ ਦੇਣ ਵਾਲਾ ਵਾਹਿਗੁਰੂ, ਬ੍ਰਹਮ ਹੀ ਹੈ। ਗੁਰਮਤਿ ਦੇ ਪ੍ਰਕਾਸ਼ ਤੋਂ ਪਹਿਲਾਂ ਹੋਂਦ ਵਿਚ ਆਈ ਵਿਚਾਰ ਵਿਚ ਚਿੰਤਕਾਂ ਨੇ ਵਾਹਿਗੁਰੂ ਜੀ ਤੋਂ ਵਖਰੀ ਉਸੇ ਦੀ ਇਕ ਸ਼ਕਤੀ ਜੋ ਸ਼ੁਧ ਮਾਇਆ ਦੇ ਸੰਗ ਕਰਕੇ ਹੋਂਦ ਵਿਚ ਆਈ ਉਸ ਨੂੰ ਈਸ਼ਰ ਆਖਿਆ, ਜੋ ਸਰਬ ਕਲਾ ਸਮਰਥ ਕਰਮਾਂ ਦੇ ਫਲ ਭੁਗਤਾਉਣ ਅਤੇ ਸ੍ਰਿਸ਼ਟੀ ਦਾ ਮਾਲਕ ਅਨੁਮਾਨਿਆ ਗਿਆ। ਪਰ ਗੁਰਮਤਿ ਵਾਹਿਗੁਰੂ ਜੀ ਨੂੰ ਹੀ ਸਰਬ ਕਲਾ ਸਮਰੱਥ ਕਰਨ ਕਾਰਨ ਅਤੇ ਕਰਤਾ ਮੰਨਦੀ ਹੈ ਅਤੇ ਕੇਵਲ ੧ਓ ਨੂੰ ਮਾਇਆ ਦੀ ਤ੍ਰਿਗੁਣੀ ਸ੍ਰਿਸ਼ਟੀ ਤੋਂ ਨਿਰਲੇਪ ਦਸਦੀ ਹੈ। ਵਾਹਿਗੁਰੂ ਜੀ ਦੀ ਸਕਤੀ ਮਾਇਆ ਸਹਿਤ (ਜੋ ਉਸੇ ਦੀ ਹੀ ਸ਼ਕਤੀ ਹੈ) ਨਾਨਾ ਰੂਪ ਧਾਰ ਕੇ ਕ੍ਰਿਆ ਕਰ ਰਹੀ ਹੈ ਅਤੇ ਆਦਿ ਸ਼ਕਤੀ ਨਿਆਰੀ ਹੈ, ਨਿਰਲੇਪ ਹੈ, ਪ੍ਰਕ੍ਰਿਤੀ, ਮਾਇਆ ਦਾ ਉਸ ਤੇ ਕੋਈ ਅਸਰ ਨਹੀਂ ਹੈ। ਉਹ ਮਾਇਆ ਦਾ ਸੰਗ ਨਹੀਂ ਕਰਦਾ ਕਿਉਂਕਿ ਮਾਇਆ ਦੀ ਵਾਹਿਗੁਰੂ ਜੀ ਤੋਂ ਬਿਨਾਂ ਕੋਈ ਹੋਂਦ ਨਹੀਂ ਹੈ, ਮਾਇਆ ਉਸ ਦੀ ਸ਼ਕਤੀ ਹੈ ਜੋ ਹੁਕਮ ਵਿਚ ਕ੍ਰਿਆ ਕਰ ਰਹੀ ਹੈ। ਇਸ ਤਰ੍ਹਾਂ ਵਾਹਿਗੁਰੂ ਘਟ ਘਟ ਵਿਚ ਵਿਆਪਕ ਹੁੰਦੇ ਹੋਏ ਨਿਰਲੇਪ ਹਨ, ਅਛੋਹ ਹਨ, ਆਪਣੇ ਆਪ ਵਿਚ ਹੀ ਸਥਿਤ ਹਨ, ਸੰਸਾਰਕ ਖੇਲ੍ਹ ਉਸੇ ਤਰ੍ਹਾਂ ਹੈ ਜਿਵੇਂ ਇਕ ਜਾਦੂਗਰ (ਬਾਜੀਗਰ) ਇਕ ਹੁੰਦਾ ਹੋਇਆ ਆਪਣੇ ਫੁਰਨੇ ਨਾਲ ਨਾਨ੍ਹਾ ਰੂਪ ਵਿਚ ਪ੍ਰਗਟ ਹੋਇਆ ਦਿਸ ਰਿਹਾ ਹੈ। ਉਸ ਦੀ ਇਸ ਗਤੀ ਨੂੰ ਅਲਪੱਗ ਜੀਵ ਕਿਸੇ ਤਰ੍ਹਾਂ ਦੀ ਕਲਪਣਾ ਕਰਕੇ ਸਮਝਣੋਂ ਅਸਮਰੱਥ ਹੈ, 'ਕਰਤੇ' ਦੀ ਖੇਡ ਨੂੰ 'ਕੀਤਾ' ਨਹੀਂ ਜਾਣ ਸਕਦਾ। ਭਾਂਡੇ ਘੁਮਿਆਰ ਬਣਾਉਂਦਾ ਹੈ, ਭਾਂਡਾ ਘੁਮਿਆਰ ਦੀ ਕੋਈ ਭੀ ਕ੍ਰਿਆ ਸਮਝਣੋਂ ਅਸਮਰੱਥ ਹੈ।

***ਅਪਨੀ ਮਾਇਆ ਆਪ ਪਸਾਰੀ ਆਪਹਿ ਦੇਖਨਹਾਰਾ॥***
***ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥***
***ਪੰਨਾ - 537***

ਜਦੋਂ ਸ੍ਰਿਸ਼ਟੀ ਰਚ ਗਈ, ਮਨੁੱਖ ਬਣ ਗਏ, ਹਰੇਕ ਚੀਜ਼

ਬਣ ਗਈ, 84 ਲੱਖ ਜੂਨੀਆਂ ਇਹ ਤਾਂ ਇਕੱਲੀ ਸਾਡੀ ਧਰਤੀ ਦੀਆਂ ਹਨ। ਐਹੋ ਜਿਹੀਆਂ ਖਰਬਾਂ ਖਰਬਾਂ, ਸਾਰੀ ਜ਼ਿੰਦਗੀ ਇਉਂ ਕਹੀ ਜਾਓ, ਫੇਰ ਵੀ, ਇਸ ਤੋਂ ਵੀ ਜ਼ਿਆਦਾ ਧਰਤੀਆਂ ਹਨ, ਕੋਈ ਕਹਿ ਨਹੀਂ ਸਕਦਾ।

***ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥***

***(ਜਪੁਜੀ ਸਾਹਿਬ)***

ਇਹ ਸਿਰਫ ਵਾਹਿਗੁਰੂ ਜੀ ਹੀ ਜਾਣਦਾ ਹੈ ਕਿ ਕਿੱਡਾ ਕੁ ਪਸਾਰਾ ਹੈ, ਕੋਈ ਨਹੀਂ ਜਾਣ ਸਕਦਾ, ਕਰਤੇ ਦੀ ਗੱਲ ਨੂੰ ਕੋਈ ਨਹੀਂ ਜਾਣ ਸਕਦਾ। ਉਹ ਜੋ ਵਾਹਿਗੁਰੂ ਹੈ ਹਰੇਕ ਦੇ ਅੰਦਰ ਹੈ, ਹਰੇਕ ਦੀ ਗੱਲ ਸੁਣਦਾ ਹੈ, ਹਰੇਕ ਦੀ ਗੱਲ ਮੰਨਦਾ ਹੈ। ਪਰ ਜੇ ਉਹਨੂੰ ਮਨੁੱਖਾਂ ਵਰਗਾ ਦੇਖਣਾ ਹੈ ਤਾਂ ਉਸ ਤਰ੍ਹਾਂ ਦਾ ਭੀ ਰੂਪ ਧਾਰ ਕੇ ਦਿਖਾ ਦਿੰਦਾ ਹੈ। ਗੁਰੂ ਨਾਨਕ ਵਰਗਾ ਦੇਖਣਾ ਹੈ ਉਹੋ ਜਿਹਾ ਦਿਸ ਜਾਏਗਾ, ਗੁਰੂ ਦਸਵੇਂ ਪਾਤਸ਼ਾਹ ਵਰਗਾ ਦੇਖਣਾ ਹੋਵੇ ਉਹੋ ਜਿਹਾ ਦਿਸ ਜਾਏਗਾ। ਕ੍ਰਿਸ਼ਨ ਮਹਾਰਾਜ ਵਰਗਾ ਦੇਖਣਾ ਹੋਵੇ ਉਹੋ ਜਿਹਾ ਦਿਸ ਜਾਏਗਾ। ਉਹ ਤੁਹਾਡੀ ਭਾਵਨਾ ਦੇ ਨਾਲ ਦਿਸਦਾ ਹੈ। ਨਾਲ ਐਂ ਕਹਿ ਦਿੰਦਾ ਹੈ, ਇਹ ਮੇਰਾ ਰੂਪ ਨਹੀਂ ਹੈ, ਤੁਹਾਡੀ ਭਾਵਨਾ ਦਾ ਰੂਪ ਹੈ। ਮੈਂ ਇਸ ਤੋਂ ਵਖਰਾ ਹਾਂ। ਜਦੋਂ ਨਾਮਦੇਵ ਜੀ ਨੂੰ ਇਹ ਗੱਲ ਕਹੀ, ਨਾਮਦੇਵ ਜੀ ਕਹਿਣ ਲੱਗੇ, ਪ੍ਰਭੂ ਫੇਰ ਮੈਨੂੰ ਦੱਸ ਦਿਓ ਤੁਹਾਡਾ ਰੂਪ ਕੀ ਹੈ? ਤੁਸੀਂ ਕਿਥੇ ਰਹਿੰਦੇ ਹੋ? ਕਹਿਣ ਲੱਗੇ, ਨਾਮਦੇਵ, ਜੇ ਮੈਂ ਇਹ ਗੱਲ ਦੱਸ ਦਿਆਂ ਫਿਰ ਨਾ ਤੂੰ ਰਹਿਣਾ ਹੈ ਨਾ ਮੈਂ ਰਹਿਣਾ ਹੈ, ਨਾ ਸੰਸਾਰ ਰਹੇ। ਇਹ ਗੱਲ ਸਮਝ 'ਚ ਆਉਣੀ ਬੜੀ ਔਖੀ ਹੈ ਕਿ ਕੀ ਕਹਿ ਦਿਤਾ। ਵਾਹਿਗੁਰੂ ਜੀ ਦੇ ਸਾਕਾਰ ਰੂਪ ਨੇ, ਕਿ ਨਾ ਮੈਂ ਰਹਾਂ। ਵਾਹਿਗੁਰੂ ਤਾਂ ਰਹਿੰਦੈ, ਸਦਾ ਹੀ ਰਹਿੰਦਾ ਹੈ, ਇਹਦੇ 'ਚ ਸਵਾਲ ਕੀ ਹੋ ਗਿਆ ਕਿ ਮੈਂ ਨਾ ਰਹਾਂ ਤੇ ਦੂਜਾ ਇਹ ਕਿ ਨਾ ਦੁਨੀਆਂ ਰਹੇ। ਦੁਨੀਆਂ ਤਾਂ ਹੈਗੀ, ਐਨਾ ਦੱਸਣ ਨਾਲ ਹੀ ਖਤਮ ਹੋ ਜਾਵੇਗੀ। ਕਹਿੰਦੇ, "ਮੈਂ ਆਪ ਨਹੀਂ ਮੂੰਹੋ ਦਸਦਾ ਹੁੰਦਾ, ਮੇਰੇ ਸੰਤ ਦਸਦੇ ਹੁੰਦੇ ਨੇ, ਮੈਂ ਕਿਹੋ ਜਿਹਾ ਹਾਂ।" ਕਹਿੰਦੇ, ਮੈਂ ਕਿਥੇ ਟੋਲ੍ਹਾਂ ਸੰਤਾਂ ਨੂੰ? ਕਹਿੰਦੇ, ਸੰਤ ਤੇਰੇ ਕੋਲ ਹੀ ਨੇ। ਗਿਆਨੇਸ਼ਵਰ ਜੀ ਹੈ ਉਸ ਦਾ ਨਾਮ। ਉਹਦੇ ਕੋਲ ਚਲਿਆ ਜਾਹ। ਨਾਮਦੇਵ ਜੀ ਬੀਠਲ ਨੂੰ ਮੰਨਦਾ ਹੁੰਦਾ ਸੀ। ਬਿਠਲ ਇਕ ਪੱਥਰ ਹੁੰਦਾ ਹੈ ਜਿਸ ਦੇ ਵਿਚ ਚਿੱਟੀ ਧਾਰੀ ਹੁੰਦੀ ਹੈ, ਉਸ ਨੂੰ ਸਾਲਗ੍ਰਾਮ ਵੀ ਕਹਿੰਦੇ ਹਨ। ਨਦੀਂ 'ਚ ਚਲੇ ਜਾਓ ਉਥੇ ਇਸ ਤਰ੍ਹਾਂ ਦੇ ਕਈ ਮਿਲਣਗੇ ਤੇ ਉਹਨੂੰ ਮੰਨਦਾ ਸੀ। ਗਿਆਨੇਸ਼ਵਰ ਨਦੀ ਵਿਚ ਇਸ਼ਨਾਨ ਕਰਕੇ ਉਸ ਪੱਥਰ ਦੇ ਉਤੇ ਪੈਰ ਧਰੀ ਖੜ੍ਹਾ ਸੀ। ਇਹ ਜਦੋਂ ਗਿਆ ਕਹਿੰਦਾ, ਮੇਰੇ ਇਸ਼ਟ ਦੇ ਉਤੇ ਪੈਰ ਧਰੀ ਖੜ੍ਹਾ ਹੈ, ਇਹ ਨੂੰ ਗਲਾਨੀ ਆਈ। ਤਰਕ ਕਰਕੇ ਮੁੜ ਆਇਆ। ਜਦੋਂ ਵਾਪਸ ਆ ਗਿਆ, ਪ੍ਰਭੂ ਆ ਗਏ, ਕਹਿੰਦੇ, "ਨਾਮਦੇਵ! ਤੂੰ ਕਿੰਨੀ ਭਗਤੀ ਕੀਤੀ ਹੋਈ ਗਵਾ ਲਈ।"

ਕਹਿੰਦੇ, "ਮਹਾਰਾਜ ਕਿਉਂ?"

ਕਹਿੰਦੇ, ਤੂੰ ਬ੍ਰਹਮਗਿਆਨੀ ਦੇ ਉਤੇ ਤਰਕ ਕਰ ਦਿਤੀ। ਬ੍ਰਹਮਗਿਆਨੀ ਤੇ ਤਰਕ ਕਰਨ ਨਾਲ ਛੇ ਕਲਾ ਬੈਰਾਗ ਦੀਆਂ ਉਸੇ ਵੇਲੇ ਖਤਮ ਹੋ ਜਾਂਦੀਆਂ ਹਨ। ਤੂੰ ਫਿਕਾ ਪੈ ਜਾਏਂਗਾ। ਜਾਹ ਸ਼ਰਧਾ ਧਾਰ। ਫੇਰ ਜਾਹ, ਉਸੇ ਤੋਂ ਪੁਛ, ਫੇਰ ਤੈਨੂੰ ਉਹ ਦਸੇਗਾ। ਕਹਿੰਦਾ, ਹੇ ਪ੍ਰਭੂ, ਉਹ ਤਾਂ ਤੇਰੇ ਉਤੇ ਪੈਰ ਧਰੀਂ ਪਿਆ ਹੈ।

ਕਹਿੰਦੇ, "ਨਾਮਦੇਵ ਤੈਨੂੰ ਪਤਾ ਨਹੀਂ, ਮੈਂ ਕੌਣ ਹਾਂ, ਜੇ ਪਤਾ ਲਗ ਗਿਆ ਫੇਰ ਤੈਨੂੰ ਆਪੇ ਗਿਆਨ ਹੋ ਜਾਊ। ਉਸ ਵੇਲੇ ਨਾਮਦੇਵ ਜੀ ਦੁਬਾਰਾ ਗਏ, ਗਿਆਨੇਸ਼ਰ ਜੀ ਨੇ ਹਾਕ ਮਾਰੀ। ਕਹਿੰਦੇ ਆ ਜਾ ਤੇਰੀ ਸ਼ਿਫਾਰਸ਼ ਪਹੁੰਚ ਗਈ ਮੇਰੇ ਕੋਲ, ਆ ਜਾ ਤੇਰਾ ਰੱਬ ਮੈਨੂੰ ਦੱਸ ਗਿਆ, ਜਿਹੜੀ ਗੱਲ ਤੈਨੂੰ ਦੱਸਣੀ ਹੈ। ਕਿਉਂਕਿ ਜਿਥੇ ਬ੍ਰਹਮਗਿਆਨ ਹੋਏਗਾ, ਉਥੇ ਤਾਕਤਾਂ ਸਾਰੀਆਂ ਨਾਲ ਹੋਣਗੀਆਂ, ਨਿਸ਼ਾਨੀ ਹੁੰਦੀ ਹੈ। ਗੱਲਾਂ ਨਾਲ ਨਹੀਂ ਗਿਆਨੀ ਹੋਇਆ ਕਰਦਾ –

***ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ॥***

***ਪੰਨਾ – 465***

ਉਸ ਦੀ ਅਵਸਥਾ ਹੁੰਦੀ ਹੈ।

***ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥***
***ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥***
***ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥***
***ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥***
***ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥***
***ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥***

***ਪੰਨਾ – 634***

ਬ੍ਰਹਮ ਦਾ ਉਸ ਵਿਚ ਨਿਵਾਸ ਹੋਇਆ ਕਰਦਾ ਹੈ ਉਹਦੇ 'ਚ ਸਾਰੀਆਂ ਸ਼ਕਤੀਆਂ ਹੁੰਦੀਆਂ ਹਨ –

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥ ਪੰਨਾ - 649***

ਕਹਿੰਦੇ, "ਆ ਜਾ, ਆ ਜਾ ਤੇਰਾ ਰੱਬ ਮੈਨੂੰ ਦੱਸ ਗਿਆ ਜਿਹੜੀ ਗੱਲ ਪੁਛਣੀ ਹੈ। ਕੱਲ੍ਹ ਕਿਉਂ ਮੁੜ ਗਿਆ ਸੀ? ਕਹਿੰਦਾ, ਮਹਾਰਾਜ ਤੁਸੀਂ ਬਿਠਲ ਤੇ ਪੈਰ ਧਰਿਆ ਹੋਇਆ ਸੀ। ਕਹਿੰਦੇ ਤੇਰੇ ਰੱਬ ਨੇ ਤੇਰੇ ਨਾਲ ਗੱਲ ਕਰੀ ਹੈ ਕਿ ਮੈਂ ਕਿਥੇ ਰਹਿੰਦਾ ਹਾਂ। ਕਹਿਣ ਲੱਗਿਆ, ਕਦੇ-ਕਦੇ ਕਹਿੰਦੇ ਹੁੰਦੇ ਨੇ ਕਿ ਮੈਂ ਸਾਰੇ ਹੀ ਰਹਿੰਦਾ ਹਾਂ, ਹਰ ਥਾਂ ਰਹਿੰਦਾ ਹੈ। ਕਹਿੰਦੇ, ਫੇਰ ਮੇਰੇ ਸਰੀਰ ਵਿਚ ਵੀ ਰਹਿੰਦਾ ਹੋਇਆ ਨਾ? ਕਹਿੰਦੇ, "ਹਾਂ।" ਕਹਿੰਦੇ, "ਫੇਰ ਮੇਰੇ ਪੈਰ 'ਚ ਤਾਂ ਨਹੀਂ ਰਹਿੰਦਾ?" ਕਹਿੰਦਾ, "ਨਾ ਜੀ ਪੈਰ 'ਚ ਵੀ ਰਹਿੰਦਾ ਹੈ।"

ਕਹਿੰਦੇ, "ਫੇਰ ਇਸ ਪੱਥਰ ਵਿਚ ਵੀ ਰਹਿੰਦਾ ਹੈ।" ਕਹਿੰਦੇ, ਹਾਂ ਜੀ! ਇਹਨੂੰ ਤਾਂ ਮੱਥਾ ਟੇਕਦਾ ਹਾਂ, ਮੇਰਾ ਇਸ਼ਟ ਹੈ। ਕਹਿੰਦੇ ਫੇਰ ਮੇਰੇ ਸਾਰੇ ਵਿਚ ਰੱਬ ਹੈ, ਪੱਥਰ ਵਿਚ ਰੱਬ ਹੈ, ਕੌਣ ਕਿਸਦੇ ਉਤੇ ਪੈਰ ਧਰੀਂ ਖੜ੍ਹਾ ਸੀ?

ਐਨੀ ਗੱਲ ਜਦੋਂ ਕਹੀ ਤੜੱਕ ਦੇ ਕੇ ਅਗਿਆਨ ਦਾ ਪੜਦਾ, ਜਿਸ ਨੂੰ ਬਜਰ ਕਪਾਟ ਕਹਿੰਦੇ ਨੇ, ਉਹ ਖੁਲ੍ਹ ਗਿਆ। ਖੁਲ੍ਹਦੇ ਸਾਰ ਕੀ ਦੇਖਦਾ ਹੈ ਇਹ ਤਾਂ ਸਾਰਾ ਹੀ ਸੰਸਾਰ ਵਾਹਿਗੁਰੂ ਹੀ ਹੈ। ਇਥੇ ਤਾਂ ਹੈ ਹੀ ਨਹੀਂ ਕੋਈ। ਇਹ ਤਾਂ ਆਪ ਹੀ ਹੈ, ਬੋਲਦਾ ਵੀ ਆਪ ਹੈ। ਉਸ ਵੇਲੇ ਆਪ ਦੇ ਮੁਖ ਤੋਂ ਇਸ ਤਰ੍ਹਾਂ ਉਚਾਰਨ ਹੋਇਆ -

***ਧਾਰਨਾ - ਰਾਮ ਬੋਲੇ ਰਾਮ ਬੋਲੇ ਰਾਮ ਬੋਲਦਾ,***
***ਸਾਰੀਆਂ ਘਟਾਂ ਦੇ ਵਿਚ ਰਾਮ ਬੋਲਦੈ -2, 2.***
***ਓ ਰਾਮ ਬੋਲੇ ਰਾਮ ਬੋਲੇ ਰਾਮ ਬੋਲਦੈ,***
***ਸਾਰੀਆਂ ਘਟਾਂ ਦੇ ਵਿਚ ਰਾਮ ਬੋਲਦੈ -2, 4.***

***ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥***
***ਰਾਮ ਬਿਨਾ ਕੋ ਬੋਲੈ ਰੇ॥***
***ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ॥***
***ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ॥***
***ਏਕਲ ਚਿੰਤਾ ਰਾਖੁ ਅਨੰਤਾ ਅਉਰ ਤਜਹੁ ਸਭ ਆਸਾ ਰੇ॥***
***ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰੁ ਕੋ ਦਾਸਾ ਰੇ॥***
***ਪੰਨਾ - 988***

ਕਹਿੰਦੇ, ਸਾਰਿਆਂ ਦੇ ਅੰਦਰ ਪ੍ਰਮੇਸ਼ਰ ਬੋਲਦਾ ਹੈ, ਦਰਸ਼ਨ ਹੋ ਗਏ ਉਸਦੇ। ਦਿਬਯ ਦ੍ਰਿਸ਼ਟਿ ਪ੍ਰਾਪਤ ਹੋ ਗਈ, ਇਹ ਸੰਸਾਰ ਪ੍ਰਭੂ ਰੂਪ ਹੋ ਕੇ ਭਾਸ ਗਿਆ ਜੋ ਸਤਿ ਅਵਸਥਾ ਹੈ -

***ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ॥***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥***
***ਏਹੁ ਵਿਸੁ ਸੰਸਾਰੁ ਤੁਮ ਦੇਖਦੇ***
***ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥***
***ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ***
***ਹਰਿ ਬਿਨੁ ਅਵਰੁ ਨ ਕੋਈ॥***
***ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ***
***ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥***
***ਪੰਨਾ - 922***

ਕਿਉਂਕਿ ਨੈਣ ਖੁਲ੍ਹ ਗਏ ਬੰਦ ਪਏ ਸੀ। ਚਲੋ ਨੇਤਰ ਤਾਂ ਨਹੀਂ ਸਾਡੇ ਖੁਲ੍ਹਦੇ ਇਹ ਤਾਂ ਬੜੀ ਔਖੀ ਬਾਤ ਹੈ। ਮੰਨ ਤਾਂ ਅਸੀਂ ਸਕਦੇ ਹਾਂ ਨਾ ਕਿ ਵਾਹਿਗੁਰੂ ਮੇਰੇ ਨਾਲ ਹੈ। ਜਿਥੇ ਮੈਂ ਜਾਂਦਾ ਹਾਂ, ਉਥੇ ਵਾਹਿਗੁਰੂ ਨਾਲ ਹੈ। ਦਰਵਾਜ਼ੇ ਬੰਦ ਕਰ ਲਵਾਂ ਤਾਂ ਵੀ ਵਾਹਿਗੁਰੂ ਨਾਲ ਹੈ। ਪਾਣੀ ਦੇ ਵਿਚ ਟੁੱਭੀ ਮਾਰ ਲਵਾਂ ਤਾਂ ਵੀ ਮੇਰੇ ਨਾਲ ਹੈ। ਹਵਾਈ ਜਹਾਜ਼ 'ਚ ਬੈਠ ਜਾਵਾਂ ਤਾਂ ਵੀ ਮੇਰੇ ਨਾਲ ਹੈ। ਇਹ ਗੱਲ ਨੂੰ ਯਾਦ ਰੱਖ ਲਓ-

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥***
***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥***
***ਪੰਨਾ - 677***

ਸਾਰਿਆਂ ਦੇ ਅੰਦਰ ਰਵਿਆ ਹੋਇਆ ਹੈ। ਇਸ ਦਾ ਧਿਆਨ ਰੱਖ ਸਦਾ ਸਦਾ, ਇਹ ਧਿਆਨ ਰੱਖਣ ਦੇ ਨਾਲ ਇਹ ਕੰਮ ਬਣ ਜਾਏਗਾ -

***ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥***
***ਪੰਨਾ - 677***

ਜਿਹੜਾ ਸਾਹ ਬਾਹਰ ਨੂੰ ਚਲਿਆ ਗਿਆ ਮੋੜ ਕੇ ਦਿਖਾ ਦਿਓ ਕੋਈ ਆਪਣੇ ਆਪ। ਜਦੋਂ ਵਾਹਿਗੁਰੂ ਖਿੱਚ ਲੈਂਦਾ ਹੈ ਜੋਤ, ਫੇਰ ਲਾ ਲਵੇ ਜ਼ੋਰ, ਕਦੇ ਸਾਹ ਅੰਦਰ ਨੂੰ ਨਹੀਂ ਜਾਂਦਾ, ਪੰਪ ਕਰਦੇ ਨੇ ਜਾਂਦਾ ਹੀ ਨਹੀਂ, ਪਾਣੀ ਵੀ ਨਹੀਂ ਜਾਂਦਾ, ਕੁਛ ਵੀ ਨਹੀਂ ਜਾਂਦਾ। ਸੋ ਮਹਾਰਾਜ ਕਹਿੰਦੇ ਉਦੋਂ ਹੀ ਮੋੜਦਾ ਹੈ ਦਿਲ ਨੂੰ, ਪਹਿਲਾਂ ਚਲਾਈ ਜਾਂਦਾ ਹੈ। ਹਰ ਵਕਤ, ਸਾਰੀ ਜ਼ਿੰਦਗੀ ਤਾਂ ਮਨੁੱਖ ਦਾ ਬਣਾਇਆ ਕੋਈ ਇੰਜਨ ਨਹੀਂ ਚਲਦਾ, ਆਦਮੀ ਕਿੰਨਾ ਹੀ ਬਣਾ ਲਵੇ। ਉਹ ਇਕ ਵਾਰੀ ਬਣਾ ਦਿੰਦਾ ਹੈ ਇਹੋ ਜਿਹਾ ਸੈਲ ਲਾ ਦਿੰਦਾ ਹੈ, ਸਾਰੀ ਜ਼ਿੰਦਗੀ ਦਿਲ ਦਾ ਕਾਰਜ ਚਲਦਾ ਰਹਿੰਦਾ ਹੈ। ਚਲਦਾ ਵੀ ਕਿੰਨਾਂ ਤੇਜ਼ ਹੈ ਇਕ ਮਿੰਟ ਦੇ ਅੰਦਰ 35 ਗੈਲਨ ਖੂਨ ਘੁੰਮਾ ਦਿੰਦਾ ਹੈ। 35 ਗੈਲਨ, ਇਕ ਗੈਲਨ ਦੇਖ ਲਓ ਕਿੰਨਾ ਹੁੰਦਾ ਹੈ। ਐਨਾ ਖੂਨ ਐਨੀ ਛੇਤੀ ਘੁੰਮਾ ਦਿੰਦਾ ਹੈ, ਦੌੜਿਆ ਹੀ ਫਿਰਦਾ ਹੈ। ਖੂਨ ਵਾਲੀ ਨਬਜ਼ ਦੇਖਦੇ ਹਾਂ ਨੱਠਿਆ ਜਾਂਦਾ ਹੈ। ਫੇਰ ਖੂਨ ਕਿੰਨੀ ਛੇਤੀ ਉਸ ਨੂੰ ਸਾਫ ਕਰ ਦਿੰਦਾ ਹੈ। ਜਦੋਂ ਪੈਰਾਂ ਵੱਲ ਨੂੰ ਹੋ ਕੇ ਮੁੜਦਾ ਹੈ ਇਹਦਾ ਨੀਲਾ ਰੰਗ ਹੋ ਜਾਂਦਾ ਹੈ। ਨੀਲੀਆਂ ਨਾੜਾਂ 'ਚ ਹੀ ਆਉਂਦਾ ਹੈ। ਪਹਿਲਾਂ ਲਾਲ 'ਚ ਜਾਂਦਾ ਹੈ। ਉਥੋਂ ਦਿਲ ਦੇ ਅੰਦਰ ਆਉਂਦਾ ਹੈ ਆਉਂਦੇ ਨੂੰ ਸਾਫ ਕਰ ਦਿੰਦਾ ਹੈ। ਉਸੀ ਵਕਤ ਫੇਰ ਤੋਰ ਦਿੰਦਾ ਹੈ। ਮਹਾਰਾਜ ਕਹਿੰਦੇ -

***ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ॥ ਪੰਨਾ - 677***

ਮੇਰਾ ਵਾਹਿਗੁਰੂ ਜਿਹੜਾ ਤੈਨੂੰ ਸਾਸ ਸਾਸ ਸੰਭਾਲਦਾ ਹੈ ਐਨੀ ਗੱਲ ਯਾਦ ਰੱਖ ਲੈ। ਬਾਬਾ ਜੀ ਕੋਲ ਆ ਕੇ ਕਹਿੰਦੇ ਹਨ ਜੀ ਦੁਖੀ ਹਾਂ, ਦੁਖ ਤਾਂ ਉਸ ਦੇ ਭੁੱਲਣ ਵਿਚ ਹੈ -

***ਦੁਖੁ ਤਦੇ ਜਾ ਵਿਸਰਿ ਜਾਵੈ॥ ਪੰਨਾ - 98***

ਦੁਖ ਤਾਂ ਹੀ ਆਉਂਦੇ ਨੇ ਜਦ –

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥***

***ਪੰਨਾ – 135***

ਸਾਰੇ ਰੋਗ, ਸਾਰੇ ਘਾਟੇ, ਸਾਰੀਆਂ ਪਰੇਸ਼ਾਨੀਆਂ, ਪ੍ਰਮੇਸ਼ਰ ਨੂੰ ਭੁਲ ਕੇ ਆਉਂਦੀਆਂ ਹਨ, ਜੇ ਤੁਸੀਂ ਅਭਿਆਸ ਕਰਕੇ ਵਾਹਿਗੁਰੂ ਨੂੰ ਸਦਾ ਯਾਦ ਰੱਖ ਲਵੋਂ, ਸਾਰੀਆਂ ਪਰੇਸ਼ਾਨੀਆਂ ਖਤਮ ਹੋ ਜਾਣਗੀਆਂ।

ਸੋ ਇਸ ਕਰਕੇ ਗੁਰੂ ਨਾਨਕ ਪਾਤਸ਼ਾਹ ਜੀ ਨੇ ਦਸਿਆ ਕਿ ਨਵਾਬ ਸਾਹਿਬ ਨਮਾਜ਼ ਜ਼ਰੂਰ ਪੜ੍ਹੋ ਪਰ ਨਮਾਜ਼ ਅਖਰਾਂ ਦੀ ਨਾ ਪੜ੍ਹੋ, ਨਮਾਜ਼ ਧਿਆਨ ਦੀ ਪੜ੍ਹੋ, ਉਹਦੇ ਵਿਚ ਧਿਆਨ ਰੱਖੋ। ਜਪੁਜੀ ਸਾਹਿਬ ਜ਼ਰੂਰ ਪੜ੍ਹੋ ਪਰ ਜਪੁਜੀ ਸਾਹਿਬ ਕਿਸ ਦੇ ਸਾਮ੍ਹਣੇ ਪੜ੍ਹ ਰਹੇ ਹਾਂ, ਉਹ ਵੀ ਤਾਂ ਧਿਆਨ 'ਚ ਰੱਖੋ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਨੇ ਉਪਦੇਸ਼ ਦਿਤੇ। ਭਾਈ ਜੋਧ ਨੇ ਭਾਈ ਲਹਿਣਾ ਜੀ ਨੂੰ ਸਮਝਾਇਆ ਗੱਲ ਸਮਝ 'ਚ ਆ ਗਈ। ਭਾਈ ਜੋਧ ਕਹਿੰਦੇ, "ਤੂੰ ਬਹੁਤ ਪਤੇ ਦੀਆਂ ਗੱਲਾਂ ਕਰਦਾ ਹੈਂ, ਮੇਰੀ ਐਨੀ ਉਮਰ ਹੋ ਗਈ, ਇਹ ਤਾਂ ਮੈਂ ਅੱਜ ਤਾਈਂ ਨਹੀਂ ਸੁਣਿਆ। 1561 ਵਿਚ ਆਪ ਦਾ ਜਨਮ ਹੋਇਆ ਸੀ। ਕਹਿੰਦੇ, ਮੇਰੀ ਐਨੀ ਉਮਰ ਹੋ ਗਈ ਤੇ ਇਹ ਜਿਹੜਾ ਮੈਂ ਜ਼ਿਕਰ ਕਰਦਾ ਹਾਂ 1589 ਦਾ ਹੈ। 28 ਸਾਲ ਦੀ ਉਮਰ ਹੋ ਗਈ। ਕਹਿੰਦੇ, "28 ਸਾਲ ਦੀ ਉਮਰ 'ਚ ਮੈਂ ਇਹ ਬਚਨ ਨਹੀਂ ਸੁਣੇ, ਭੇਟਾਂ ਦਿੰਦੇ ਰਹੇ ਹਾਂ। ਅਸੀਂ ਗਾਉਂਦੇ ਰਹੇ ਹਾਂ। ਮਸਤ ਹੁੰਦੇ ਰਹੇ ਹਾਂ ਤੇ ਘੁੰਘਰੂ ਬੰਨ ਕੇ ਨਚਦੇ ਰਹੇ ਹਾਂ। ਅਸੀਂ ਖੜਤਾਲਾਂ ਫੜ ਕੇ, ਛੈਣੇ ਹੱਥਾਂ ਵਿਚ ਫੜ ਕੇ ਵਜਾ ਕੇ ਵਜਦ 'ਚ ਆਉਂਦੇ ਰਹੇ ਹਾਂ। ਪਰ ਆਹ ਅਨੰਦ ਨਹੀਂ ਆਇਆ ਜਿਹੜਾ ਤੁਸੀਂ ਹੁਣ ਦੱਸਿਆ ਹੈ। ਇਹ ਤਾਂ ਸਾਡੀ ਸਮਝ 'ਚ ਨਹੀਂ ਹੈ। ਭਾਈ ਜੋਧ ਕਹਿਣ ਲੱਗੇ, "ਗੁਰੂ ਨਾਨਕ ਪਾਤਸ਼ਾਹ ਨੇ ਹੋਰ ਆ ਕੇ ਦਸਿਆ, ਭਾਈ ਲਹਿਣਾ ਜੀ ਕਿ ਮੰਨੋ ਇਕ ਨੂੰ ਜਿਹੜਾ ਸਾਰਿਆਂ ਦਾ ਸ਼੍ਰੋਮਣੀ ਹੈ ਛੋਟੇ ਮੋਟਿਆਂ ਨੂੰ ਕਿਉਂ ਮੰਨਦੇ ਹੋ। ਜੇ ਕਿਸੇ ਦਾ ਰਾਸ਼ਟਰਪਤੀ ਜਾਣਨ ਵਾਲਾ ਹੋਵੇ, ਮਿਲਣ ਵਾਲਾ ਹੋਵੇ, ਫੇਰ ਉਹ ਇਕ ਚਪੜਾਸੀ ਦੀ ਜਾ ਕੇ ਮਿੰਨਤਾਂ ਕਰੇ, ਫੇਰ ਤਾਂ ਗਲਤ ਗੱਲ ਹੈ। ਕਿਉਂਕਿ ਜਦੋਂ ਵੱਡੇ ਨੂੰ ਫੜ ਲਿਆ ਹਾਥੀ ਦੀ ਪੈੜ 'ਚ ਸਾਰੀਆਂ ਪੈੜਾਂ ਆ ਜਾਂਦੀਆਂ ਹਨ। ਸ਼ੇਰ ਦੀ ਸ਼ਰਨ ਜਾ ਕੇ ਗਿੱਦੜਾਂ ਦੀ ਕੀ ਖੁਸ਼ਾਮਦ, ਮਿੰਨਤ ਕਰਨੀ ਹੋਈ। ਵਾਹਿਗੁਰੂ ਜੀ ਸਦਾ ਹੀ ਅਦ੍ਰਿਸ਼ਟ ਰੂਪ ਵਿਚ ਹਰ ਇਕ ਦੇ ਨਾਲ ਰਹਿੰਦੇ ਹਨ। ਦੇਵਤੇ ਦੇਵ ਲੋਕਾਂ ਵਿਚ ਰਹਿੰਦੇ ਹਨ, ਉਹ ਹਰ ਸਮੇਂ ਦੇ ਸੰਗੀ ਨਹੀਂ ਹੁੰਦੇ।

ਜਿਹੜੇ ਦੇਵਤੇ ਹਨ ਇਹ ਪਦਾਰਥ ਤਾਂ ਦੇ ਦਿੰਦੇ ਹਨ। ਇਹਨਾਂ ਕੋਲ ਇਕੋ ਪਦਾਰਥ ਹੁੰਦਾ ਹੈ, ਬਹੁਤੇ ਨਹੀਂ ਹੁੰਦੇ। ਜਿਸ ਨੂੰ ਜਿਹੜੀ ਚੀਜ਼ ਸੰਭਾਲੀ ਹੋਈ ਹੈ ਉਹਦੇ ਕੋਲ ਉਹੀ ਹੈ, ਸਾਰੀਆਂ ਨਹੀਂ ਹੁੰਦੀਆਂ। ਦੇਵਤਿਆਂ ਕੋਲ ਨਾ ਨਾਮ ਹੈ, ਨਾ ਮੁਕਤੀ ਹੈ। ਦੋ ਚੀਜ਼ਾਂ ਨਹੀਂ ਹਨ, ਪਦਾਰਥ ਹੈ, ਮਾਇਆ ਹੈ।

ਭਾਈ ਜੋਧ ਕਹਿੰਦੇ, "ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਜਿਸ ਨੇ ਸੰਸਾਰ ਨੂੰ ਬਣਾਇਆ ਹੈ ਉਸ ਨੂੰ ਤਾਂ ਬਿਲਕੁਲ ਭੁਲ ਗਿਆ ਤੇ ਉਸਦੀਆਂ ਬਣਾਈਆਂ ਹੋਈਆਂ ਸ਼ਕਤੀਆਂ ਸੀ ਉਹਨਾਂ ਨੂੰ ਹਰ ਵਕਤ ਯਾਦ ਰੱਖਦਾ ਹੈ।

***ਧਾਰਨਾ – ਦੁਨੀਆਂ ਭੁੱਲ ਕੇ ਹਰੀ ਦੇ ਨਾਮ ਨੂੰ,***
***ਦੇਵੀ ਦੇਵ ਪੂਜਣ ਲਗ ਗਏ –2, 2.***
***ਮੇਰੇ ਪਿਆਰੇ ਦੇਵੀ ਦੇਵ ਪੂਜਣ ਲਗ ਗਏ –2, 2.***
***ਦੁਨੀਆਂ ਭੁੱਲ ਕੇ ਹਰੀ ਦੇ ਨਾਮ ਨੂੰ ....... –2, 2.***

***ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ॥***

***ਪੰਨਾ – 637***

ਕੀ ਮੰਗ ਲਓਗੇ ? ਕੀ ਦਏਗਾ, ਕੋਈ ਹੈ ?

***ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ॥***

***ਪੰਨਾ – 637***

ਪੱਥਰ ਨੂੰ ਪਾਣੀ ਵਿਚ ਰੱਖ ਦਿਓ, ਕਹਿੰਦੇ, ਤੈਰੇਗਾ ? ਕਹਿੰਦੇ, "ਜਲ ਮਹਿ ਬੂਡਤ" ਉਹ ਤਾਂ ਪਾਣੀ 'ਚ ਡੁੱਬ ਜਾਂਦਾ ਹੈ। ਤੈਨੂੰ ਕਿਵੇਂ ਤਾਰ ਦਏਗਾ, ਬਣਾਈਆਂ ਹੋਈਆਂ ਚੀਜ਼ਾਂ ਨੂੰ ਅਸੀਂ ਮੰਨਣ ਲਗ ਗਏ, ਜਿਹੜਾ ਬਣਾਉਣ ਵਾਲਾ ਹੈ ਉਹਨੂੰ ਭੁਲ ਗਏ।

"ਗੁਰੂ ਨਾਨਕ ਪਾਤਿਸ਼ਾਹ ਇਸ ਗੱਲ ਦੇ ਉਤੇ ਜ਼ੋਰ ਦਿੰਦੇ ਹਨ ਕਿ ਅਕਾਲ ਪੁਰਖ ਨੇ ਜਿਸ ਨੇ ਇਹ ਸ਼ਕਤੀਆਂ ਬਣਾਈਆਂ ਹਨ ਉਸ ਨੂੰ ਤੁਸੀਂ ਕਿਉਂ ਨਹੀਂ ਪੂਜਦੇ। ਉਸ ਨੂੰ ਕਿਉਂ ਭੁੱਲੇ ਫਿਰਦੇ ਹੋ ? ਫੇਰ ਮੰਗੋਗੇ ਕੀ, ਇਹ ਦੇਣਗੇ ਕੀ ? ਇਹ ਰੱਬ ਨਹੀਂ ਦਿਖਾ ਸਕਦੀਆਂ, ਨਾ ਮੁਕਤੀ ਦੇ ਸਕਦੀਆਂ ਹਨ–

***ਗੁਰ ਬਿਨੁ ਅਲਖੁ ਨ ਲਖੀਐ ਭਾਈ ਜਗੁ ਬੂਡੈ ਪਤਿ ਖੋਇ॥***

***ਪੰਨਾ – 637***

ਆਪਣੀ ਪਤ ਖੋਹਣ ਲੱਗੇ ਪਏ ਹਨ, ਗੁਰੂ ਤੋਂ ਬਗੈਰ ਰੱਬ ਦੇ ਦਰਸ਼ਨ ਨਹੀਂ ਹੁੰਦੇ –

***ਮੇਰੇ ਠਾਕੁਰ ਹਾਥਿ ਵਡਾਈਆ ਭਾਈ ਜੈ ਭਾਵੈ ਤੈ ਦੇਇ॥***

***ਪੰਨਾ – 637***

ਇਹ ਤਾਂ ਜਿਹੜੇ ਦੇਵਤੇ ਨੇ ਵੱਡੇ ਤੋਂ ਵੱਡਾ ਦੇਵਤੇ, ਜਿਥੇ ਸਤਿਸੰਗ ਲਗਿਆ ਹੋਏਗਾ, ਪ੍ਰਮੇਸ਼ਰ ਦੇ ਪਿਆਰਿਆਂ ਦੇ ਦਰਸ਼ਨ ਕਰਨ ਆਉਂਦੇ ਹਨ। ਉਸ ਥਾਂ ਤੇ ਠੀਕ ਹੈ ਅਸੀਂ ਆਦਰ ਕਰਦੇ ਹਾਂ, ਕਿਸੇ ਦਾ ਨਿਰਾਦਰ ਨਹੀਂ ਕਰਦੇ ਪਰ ਜਦੋਂ ਬਰਾਬਰੀ ਕਰਦੇ ਹਾਂ, ਤੁਲਨਾ ਕਰਦੇ ਹਾਂ ਤਾਂ ਅਕਾਲਪੁਰਖ ਦੀ ਰੀਸ, ਬਰਾਬਰੀ ਕੋਈ ਦੇਵਤਾ, ਕੋਈ ਨਹੀਂ ਕਰ ਸਕਦਾ। ਸੰਸਾਰੀ ਜੀਵਾਂ ਨੂੰ ਪ੍ਰਮੇਸ਼ਰ ਨੂੰ ਹੀ ਮੰਨਣਾ ਚਾਹੀਦਾ ਹੈ, ਨਾ ਕਿ ਬਣਾਈਆਂ ਹੋਈਆਂ ਚੀਜ਼ਾਂ ਨੂੰ ਮੰਨਣਾ ਚਾਹੀਦਾ ਹੈ। ਕਰਤਾਰ ਨੂੰ ਮੰਨੋ, ਪੂਜੋ, ਪਿਆਰ ਕਰੋ। ਕ੍ਰਿਤਮ ਵਲ ਰੁਖ ਕਰਕੇ ਕਿਉਂ ਸਮਾਂ ਬਰਬਾਦ ਕੀਤਾ ਜਾ ਰਿਹਾ ਹੈ।

ਇਕ ਵਾਰੀ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਐਸੇ ਹੀ ਬਚਨ ਕਰ ਰਹੇ ਸੀ ਕਿ ਜਿਥੇ ਪ੍ਰਭੂ ਦਾ ਜਸ ਹੁੰਦਾ ਹੋਏ ਉਥੇ ਬੈਕੁੰਠ ਧਾਮ ਦੇ ਸਾਰੇ ਦੇਵਤੇ ਆ ਜਾਇਆ ਕਰਦੇ ਹਨ, ਨਾਲ ਸਾਖੀ ਦੱਸੀ। ਇਕ ਵਾਰੀ ਨਾਰਦ ਨੇ ਵਰਤ ਰੱਖਿਆ। ਉਸ

ਦਾ ਫੁਰਨਾ ਇਹ ਹੋਇਆ ਕਿ ਮੈਂ ਅੱਜ ਬੈਕੁੰਠ ਧਾਮ 'ਚ ਜਾ ਕੇ ਵਿਸ਼ਨੂੰ ਜੀ ਦੇ ਸਾਮ੍ਹਣੇ ਜਾ ਕੇ ਵਰਤ ਖੋਲ੍ਹਣਾ ਹੈ। ਉਸ ਵੇਲੇ ਆਪ ਬੈਕੁੰਠ ਧਾਮ ਚਲੇ ਗਏ। ਉਥੇ ਜਾ ਕੇ ਲੱਛਮੀ ਜੀ ਨੂੰ ਪੁਛਿਆ ਕਿ ਭਗਵਾਨ ਕਿਥੇ ਗਏ ਹਨ। ਉਸ ਨੇ ਕਿਹਾ, "ਪਤਾ ਨਹੀਂ।" ਪਰ ਨਾਰਦ ਜੀ, "ਤੁਸੀਂ ਤਾਂ ਤ੍ਰਿਕਾਲ ਦਰਸ਼ੀ ਹੋ, ਦੇਖ ਲਓ ਕਿਸੇ ਭਗਤ ਨੂੰ ਤਾਰਨ ਗਏ ਹੋਣੇ ਹਨ। ਸਾਰੇ ਧਿਆਨ ਮਾਰਿਆ, ਸਮੁੰਦਰ 'ਚ ਵੀ ਦੇਖਿਆ, ਜੋਗੀਆਂ ਦੇ ਹਿਰਦਿਆਂ ਵਿਚ ਦੇਖਿਆ, ਸਵਰਨ ਮੰਦਰਾਂ 'ਚ ਦੇਖਿਆ, ਵੱਡੇ ਵੱਡੇ ਅਸਥਾਨਾਂ ਤੇ, ਪੂਜਣਯੋਗ ਥਾਵਾਂ ਤੇ, ਸੈਂਕੜੇ ਤੀਰਥਾਂ ਤੇ ਦੇਖਿਆ, ਕਿਤੇ ਨਾ ਨਜ਼ਰ ਆਏ। ਕਹਿਣ ਲੱਗੇ ਮੇਰਾ ਵਕਤ ਹੋ ਰਿਹਾ ਹੈ ਤੇ ਪ੍ਰਭੂ ਤਾਂ ਕਿਤੇ ਨਜ਼ਰ ਨਹੀਂ ਆਉਂਦੇ। ਜਦੋਂ ਆਦਮੀ ਦਾ ਯਤਨ ਖਤਮ ਹੋ ਜਾਏ ਉਸ ਵੇਲੇ ਅਰਦਾਸ ਕੰਮ ਕਰਿਆ ਕਰਦੀ ਹੈ। ਲੱਛਮੀ ਜੀ ਨੇ ਕਿਹਾ, "ਤੁਸੀਂ ਅਰਦਾਸ ਕਰੋ, ਉਸ ਵੇਲੇ ਅਰਦਾਸ ਕਰੀ ਕਿ ਹੇ ਭਗਵਾਨ! ਕਿਥੇ ਚਲੇ ਗਏ, ਤੁਸੀਂ ਦਰਸ਼ਨ ਤਾਂ ਦਿਓ। ਕੀ ਆਉਂਦੈ ਸਾਮ੍ਹਣੇ ਸਤਿਸੰਗ ਹੋ ਰਿਹਾ ਹੈ। ਤੱਪੜ ਵਿਛਾਏ ਹੋਏ ਹਨ ਤੇ ਸੰਗਤ ਬੈਠੀ ਹੈ। ਹਰੀ ਦਾ ਜਸ ਹੋ ਰਿਹਾ ਹੈ ਤੇ ਸਾਰਿਆਂ ਤੋਂ ਪਿਛੇ ਜਿਥੇ ਤੱਪੜ ਮੁੱਕਦੇ ਸੀ ਭੁੰਜੇ ਹੀ ਮਿੱਟੀ ਤੇ ਬੈਠੇ ਹਨ, ਉਸ ਵੇਲੇ ਆਪ ਨੇ ਫੁਰਨਾ ਕੀਤਾ, ਉਥੇ ਹੀ ਪਹੁੰਚ ਗਏ। ਭਗਵਾਨ ਨੇ ਦੇਖ ਲਿਆ ਕਿ ਨਾਰਦ ਵੀ ਆ ਗਿਆ, ਭੇਟੀ ਆ ਗਿਆ। ਕਹਿੰਦੇ, "ਹੇ ਭਗਵਾਨ! ਐਡੇ ਐਡੇ ਸਵਰਨ ਮੰਦਰ ਤੁਹਾਡੇ ਵਾਸਤੇ ਬਣਾਏ ਨੇ ਸੰਸਾਰ ਨੇ, ਐਨੇ ਪਲੰਘ ਤੁਹਾਡੇ ਬੈਠਣ ਵਾਸਤੇ ਬਣਾਏ, ਆਹ ਕੀ ਕੰਮ ਕਰਦੇ ਹੋ ਤੁਸੀਂ। ਤਪੜਾਂ ਤੇ ਵੀ ਨਹੀਂ ਬੈਠੇ, ਭੁੰਜੇ ਬੈਠੇ ਹੋ ਜਿਥੇ ਮਿੱਟੀ ਪਈ ਹੈ। ਭਗਵਾਨ ਨੇ ਕਿਹਾ, "ਨਾਰਦ, ਸੰਸਾਰ ਇਹ ਕਹਿੰਦਾ ਹੈ ਕਿ ਮੇਰੀ ਕੋਈ ਮਾਂ ਨਹੀਂ, ਮੇਰਾ ਕੋਈ ਪੁੱਤਰ ਨਹੀਂ, ਮੇਰਾ ਕੋਈ ਭਰਾ ਨਹੀਂ, ਮੇਰਾ ਕੋਈ ਥਾਂ ਨਹੀਂ। ਪਰ ਸੰਸਾਰ ਨੂੰ ਇਸ ਗੱਲ ਦਾ ਪਤਾ ਨਹੀਂ ਹੈ ਕਿ ਜਿਥੇ ਹਰੀ ਦਾ ਜੱਸ ਹੁੰਦਾ ਹੈ ਉਹ ਮੇਰਾ ਪਿਆਰਾ ਸਥਾਨ ਹੁੰਦਾ ਹੈ, ਸਤਿਸੰਗੀ ਮੇਰੇ ਸਨਬੰਧੀ ਹੁੰਦੇ ਹਨ, ਉਥੇ ਮੈਂ ਤੇ ਸਾਰੇ ਦੇਵਤੇ ਆ ਜਾਂਦੇ ਹਾਂ।"

***ਨਿਜ ਘਰ ਮੇਰੋ ਸਾਧ ਸੰਗਤਿ ਨਾਰਦ ਮੁਨਿ,***
***ਦਰਸਨ ਸਾਧ ਸੰਗ ਮੇਰੋ ਨਿਜ ਰੂਪ ਹੈ।***
***ਸਾਧ ਸੰਗ ਮੇਰੋ ਮਾਤਾ ਪਿਤਾ ਔ ਕੁਟੰਬ ਸਖਾ,***
***ਸਾਧ ਸੰਗ ਮੇਰੋ ਸੁਤ ਸ੍ਰੇਸਟ ਅਨੂਪ ਹੈ॥***
***ਸਾਧ ਸੰਗ ਸਰਬ ਨਿਧਾਨ ਪ੍ਰਾਨ ਜੀਵਨ ਮੈ,***
***ਸਾਧ ਸੰਗ ਨਿਜ ਪਦ ਸੇਵਾ ਦੀਪ ਧੂਪ ਹੈ॥***
***ਸਾਧ ਸੰਗ ਰੰਗ ਰਸ ਭੋਗ ਸੁਖ ਸਹਜ ਮੈ,***
***ਸਾਧ ਸੰਗ ਸੋਭਾ ਅਤਿ ਉਪਮਾ ਔ ਊਪ ਹੈ॥੩੦੩॥***

***ਕਬਿੱਤ ਭਾਈ ਗੁਰਦਾਸ ਜੀ***

***ਹਰਿ ਕੀ ਕਥਾ ਹੋਤ ਹੈ ਜਹਾਂ***
***ਗੰਗਾ ਭੀ ਚਲ ਆਵਤ ਤਹਾਂ।***

ਤੇ ਸਾਰੇ ਦੇਵਤੇ ਆ ਜਾਂਦੇ ਹਨ ਤੇ ਆਪਣਾ ਆਪਣਾ ਫਲ ਕੱਢੀ ਬੈਠੇ ਹੁੰਦੇ ਹਨ ਕਿ ਕਿਹੜਾ ਸਤਿਸੰਗੀ ਕੀ ਮੰਗਦਾ ਹੈ ਤੇ ਮੈਂ ਛੇਤੀ ਦੇ ਦੇਵਾਂ। ਸੇਵਾ ਕਰਕੇ ਖੁਸ਼ ਹੁੰਦੇ ਹਨ। ਇਕ ਵਾਰੀ ਮੈਂ ਏਹੀ ਬਚਨ ਰਤਨਗੜ੍ਹ ਕਰ ਰਿਹਾ ਸੀ। ਉਥੇ ਮੇਰੇ ਮੂੰਹ 'ਚੋ ਨਿਕਲ ਗਿਆ, ਇਥੇ ਸਾਰੇ ਦੇਵਤੇ ਬੈਠੇ ਹਨ। ਗੁਰੂ ਸਾਹਿਬ ਵੀ ਹਨ, ਮੰਗ ਲਓ ਕੀ ਮੰਗਦੇ ਹੋ। ਕਿਸੇ ਤੋਂ ਨਾ ਮੰਗ ਹੋਇਆ। ਇਕ ਮਾਈ ਨੇ ਮੰਗ ਲਿਆ। ਉਹ 40 ਕੁ ਦਿਨ ਬਾਅਦ ਮੇਰੇ ਪਾਸ ਚੰਡੀਗੜ੍ਹ ਆ ਗਈ। ਇਕ ਰੁਮਾਲਾ ਉਹਦੇ ਕੋਲ ਤੇ 50 ਰੁਪਏ। ਇਹ ਤੁਹਾਡੇ ਬੀਬੀ ਜੀ ਨੂੰ ਆ ਕੇ ਕਹਿਣ ਲੱਗੀ, "ਮੈਂ ਸੁਖਨਾ ਦੇਣ ਆਈ ਹਾਂ।" ਉਨ੍ਹਾਂ ਕਿਹਾ, ਕਾਹਦੀ ਸੁਖਨਾ ਹੈ ਤੇਰੀ ਭਾਈ। ਕਹਿੰਦੀ, ਰਤਨਗੜ੍ਹ ਦੀਵਾਨ ਲਗਿਆ ਹੋਇਆ ਸੀ, ਉਥੇ ਬਾਬਾ ਜੀ ਨੇ ਕਿਹਾ ਕਿ ਜੋ ਮੰਗਣਾ ਮੰਗ ਲਓ ਤੁਹਾਨੂੰ ਮਿਲ ਜਾਊ।" ਕਹਿੰਦੀ, "ਮੈਨੂੰ ਬਚਪਨ ਤੋਂ ਦਮਾ ਹੋਇਆ ਹੋਇਆ ਸੀ। ਇਸ ਦਾ ਕੋਈ ਇਲਾਜ ਨਹੀਂ ਸੀ ਹੁੰਦਾ। ਮੈਂ ਸੁਣ ਕੇ ਕਿਹਾ ਕਿ ਹੋਰ ਤਾਂ ਕੁਛ ਨਹੀਂ ਮੰਗਦੀ, ਮੇਰਾ ਦਮਾਂ ਹੱਟ ਜਾਏ। ਕਹਿੰਦੀ ਉਸੀ ਵਕਤ ਹਟ ਗਿਆ। ਦੂਜੇ ਦਿਨ ਹੋਇਆ ਹੀ ਨਹੀਂ। ਅੱਜ ਤੱਕ ਨਹੀਂ ਹੋਇਆ ਤੇ ਮੈਂ 40 ਦਿਨ ਇੰਤਜ਼ਾਰ ਕਰਕੇ ਫੇਰ ਇਥੇ ਆਈ ਹਾਂ ਕਿ ਕੋਈ ਕਸਰ ਤਾਂ ਨਹੀਂ ਹੈ। ਜਿਥੇ ਸਹੀ ਰੂਪ ਵਿਚ ਸਤਿਸੰਗ ਹੋ ਰਿਹਾ ਹੋਵੇ ਤਾਂ ਸੰਗਤ ਵਿਚ ਸ਼ਕਤੀ ਵਰਤਦੀ ਹੈ। ਇਹ ਇਸ ਕਰਕੇ ਹੈ ਕਿ ਇਥੇ ਸਾਰੀਆਂ ਮੁਕਤ ਆਤਮਾਵਾਂ, ਦੇਵੀ ਦੇਵਤੇ ਸਾਰੇ ਆ ਕੇ ਬਿਰਾਜਮਾਨ ਹੋ ਜਾਂਦੇ ਨੇ। ਹਰੀ ਦਾ ਜਸ ਸੁਣਦੇ ਨੇ। ਗੁਰੂ ਗ੍ਰੰਥ ਸਾਹਿਬ ਕੋਈ ਛੋਟੀ ਮੋਟੀ ਚੀਜ਼ ਨਹੀਂ। ਇਹ ਓਅੰਕਾਰ ਦਾ ਸਰੂਪ ਹੈ, ਆਪ ਹੀ ਅਕਾਲ ਪੁਰਖ ਹੈ। ਇਹ ਗੱਲ ਹਰੇਕ ਦੇ ਸਮਝ 'ਚ ਆਉਣ ਵਾਲੀ ਚੀਜ਼ ਨਹੀਂ ਹੈ। ਇਸ ਨੂੰ ਸ਼ਬਦ ਬ੍ਰਹਮ ਕਹਿੰਦੇ ਹਨ।

ਓਅੰਕਾਰ ਦਾ ਸਰੂਪ ਦੁਨੀਆ ਵੀ ਹੈ ਪਰ ਇਹ ਤਿੰਨਾਂ ਗੁਣਾਂ ਦਾ ਮਿਸ਼ਰਤ ਹੈ। ਇਹ pollute ਹੋ ਗਈ, (ਮੈਲੀ) ਹੋ ਗਈ। ਜੋ ਸ਼ਬਦ ਹੈ, ਗੁਰੂ ਗ੍ਰੰਥ ਸਾਹਿਬ ਦਾ, ਇਹ ਬਿਲਕੁਲ ਨਿਰਮਲ ਤੇ ਸ਼ੁਧ ਨਿਰੰਕਾਰ ਦੇ 'ਓਅੰਕਾਰ' ਦਾ ਸਰੂਪ ਹੀ ਹੈ। ਇਹ ਵੱਡਾ ਹੋਇਆ ਹੈ ਇਸ ਨੂੰ menifestation ਕਹਿੰਦੇ ਨੇ। This is the manifastation of the oangkar (ਓਅੰਕਾਰ)। ਸੋ ਇਸ ਦੇ ਦਰਬਾਰ 'ਚ ਸਾਰੇ ਦੇਵਤੇ ਆਪਣਾ ਆ ਜਾਣਾ ਫਖਰ ਸਮਝਦੇ ਹਨ। ਜਦੋਂ ਮਹਾਰਾਜ ਜੀ ਨੇ ਇਹ ਬਚਨ ਕਰਿਆ, ਇਕ ਸਿਖ ਕਹਿੰਦਾ, ਸੱਚੇ ਪਾਤਸ਼ਾਹ ਸਾਨੂੰ ਅੱਜ ਕਦੇ ਦਰਸ਼ਨ ਵੀ ਕਰਾ ਦਿਓ। ਮਹਾਰਾਜ ਜੀ ਨੇ ਫੁਰਮਾਨ ਕੀਤਾ -

***ਸਰਬ ਭੂਤ ਆਪ ਵਰਤਾਰਾ॥***
***ਸਰਬ ਨੈਨ ਆਪਿ ਪੇਖਨਹਾਰਾ॥ ਪੰਨਾ - 295***

ਇਕ ਦਮ ਸਾਰਿਆਂ ਦੀਆਂ ਅੱਖਾਂ ਖੁਲ੍ਹ ਗਈਆਂ, ਦਿਬਯ ਦ੍ਰਿਸ਼ਟ ਪ੍ਰਾਪਤ ਹੋ ਗਈ। ਮਾਇਆ ਦਾ ਪੜ੍ਹਦਾ ਹੀ ਪਿਆ ਹੋਇਆ ਹੈ। ਮਾਇਆ ਨੇ ਮੋਤੀਆਬਿੰਦ ਨਾਲ ਪਰਦਾ ਪਾਇਆ ਹੋਇਆ ਹੈ। ਅੱਖਾਂ ਤਾਂ ਹੈਗੀਆਂ ਦੇਖਣ ਵਾਲੀਆਂ ਪਰ ਮੋਤੀਆ ਬਿੰਦ ਆਇਆ ਹੋਇਆ ਹੈ। ਗੁਰੂ ਨੇ ਪਰਦਾ ਖੋਲ੍ਹ ਦਿੱਤਾ। ਕੀ ਦੇਖਦੇ ਹਨ, ਝਿਲ-ਮਿਲ, ਝਿਲ-ਮਿਲ ਹੁੰਦੀ ਹੈ। ਪ੍ਰਕਾਸ਼ ਹੀ ਪ੍ਰਕਾਸ਼ ਨਜ਼ਰ ਆਉਣ ਲੱਗ ਗਿਆ। ਦੇਵਤੇ ਬੈਠੇ ਹਨ। ਐਨੇ ਨੂੰ ਇਕ ਰਾਜਾ ਸਤਿਸੰਗ ਵਿਚ ਆਇਆ। ਉਹਨੇ ਮੱਥਾ ਟੇਕ

ਦਿਤਾ। ਉਹਦੇ ਨਾਲ ਦੋ ਤਿੰਨ ਅਫਸਰ ਸਨ। ਮਹਾਰਾਜ ਜੀ ਕਹਿੰਦੇ, "ਭਾਈ ਕੇਉੜਾ ਲਿਆਓ, ਖੁਸ਼ਬੂਆਂ ਲਿਆਓ, ਛੜਕਾਓ ਕਰੋ, ਛਿੜਕੋ ਸੰਗਤ ਤੇ। ਇਕ ਦਮ ਛਿੜਕਣਾ ਸ਼ੁਰੂ ਕਰ ਦਿਤਾ। ਪਰ ਉਹ ਜਿਹੜੇ ਦੇਵਤੇ ਸੀ ਉਹਨਾਂ 'ਚ ਭਗਦੜ ਮੱਚ ਗਈ। ਦੌੜੇ ਹੀ ਜਾਂਦੇ ਹਨ। ਦੇਖਦੇ ਦੇਖਦੇ ਸਾਰੇ ਹੀ ਚਲੇ ਜਾਂਦੇ ਹਨ। ਸਾਰੀ ਸੰਗਤ ਹੈਰਾਨ ਹੋ ਗਈ।

ਪਾਤਸ਼ਾਹ, "ਇਹ ਕੀ ਹੋਇਆ? ਦਰਸ਼ਨ ਵੀ ਹੋਏ ਤੇ ਫੇਰ ਐਨੀ ਨੱਠ-ਭੱਜ ਕਿਉਂ ਪਈ?"

ਮਹਾਰਾਜ ਨੇ ਕਿਹਾ, "ਇਹ ਜਿਹੜਾ ਰਾਜਾ ਆਇਆ ਹੈ, ਇਸ ਨੇ ਤਿੰਨ ਦਿਨ ਹੋਏ ਹਨ ਤੰਬਾਕੂ ਪੀਤਾ ਸੀ। ਇਕ ਬੰਦਾ ਵੀ ਸੰਗਤ ਵਿਚ ਤੰਬਾਕੂ ਪੀ ਕੇ ਆ ਜਾਵੇ, ਫੇਰ ਦੇਵਤੇ ਨਹੀਂ ਆਇਆ ਕਰਦੇ ਕਿਉਂਕਿ ਉਹ ਇਸ ਦੁਰਗੰਧ ਨੂੰ ਬਹੁਤ ਬੁਰਾ ਮੰਨਦੇ ਹਨ। ਇਹ ਤੰਬਾਕੂ ਤਿੰਨ ਸੌ ਸਾਲ ਤੋਂ ਆਇਆ ਹੈ ਹਿੰਦੁਸਤਾਨ 'ਚ ਸਾਢੇ ਤਿੰਨ ਸਾਲ ਤੋਂ। ਉਸ ਤੋਂ ਪਹਿਲਾਂ ਕੋਈ ਕੋਈ ਬੋਧੀ ਪੀਂਦਾ ਹੁੰਦਾ ਸੀ। ਅਰਜਨਟਾਈਨਾ 'ਚ ਇਹ ਬੂਟੀ ਸੀ, ਭ੍ਰਿਸ਼ਟਿਆ ਹੋਇਆ ਦੇਸ਼ ਸੀ ਉਹ, ਉਥੋਂ ਇਹ ਬੂਟੀ ਚੁਕ ਲਿਆਏ। ਜਿਹੜੇ ਬੁੱਧ ਧਰਮ ਦੇ ਮਹਾਤਮਾ ਗਏ, ਉਹ ਸਾਏਬੇਰੀਆਂ ਦੇ ਵਿਚ ਦੀ ਲੰਘਦੇ ਹੁੰਦੇ ਸੀ, ਇਲਾਸਕਾ ਵਿਚੀਂ ਹੋ ਕੇ ਬਰਫਾਂ ਦੇ ਉਪਰ ਦੀ ਹੋ ਕੇ ਅਮਰੀਕਾ ਜਾਂਦੇ ਹੁੰਦੇ ਸੀ, ਉਹ ਇਸ ਨੂੰ ਲਿਆ ਕੇ ਪੀਣ ਲੱਗ ਗਏ, ਲੇਕਿਨ ਇਹਨੂੰ ਭਾਰਤ ਵਰਸ਼ ਦੇ ਆਰੀਆ ਲੋਕ ਜਾਣਦੇ ਸੀ ਕਿ ਇਹ ਤਾਂ ਬਹੁਤ ਬੁਰੀ ਚੀਜ਼ ਆ ਗਈ। ਉਹਨਾਂ ਨੇ ਪਹਿਲਾਂ ਹੀ ਸੁਗੰਧ ਪੁਰਾਣ ਦੇ ਅੰਦਰ ਇਹਦੇ ਬਾਰੇ ਲਿਖਣਾ ਸ਼ੁਰੂ ਕਰ ਦਿਤਾ।

ਨਾਰਦ ਜੀ ਤੇ ਬ੍ਰਹਮਾ ਜੀ ਦੀ ਗੱਲ ਹੁੰਦੀ ਹੈ। ਨਾਰਦ ਜੀ ਪੁੱਛੀ ਜਾਂਦੇ ਨੇ; ਬ੍ਰਹਮਾ ਜਵਾਬ ਦੇਈਂ ਜਾਂਦੇ ਹਨ।

ਨਾਰਦ ਕਹਿਣ ਲੱਗਿਆ, "ਕਿ ਮਹਾਰਾਜ ਜਦੋਂ ਕਲਜੁਗ ਆਏਗਾ ਫੇਰ ਕੀ ਵਰਤਾਰਾ ਹੋਏਗਾ?"

ਬ੍ਰਹਮਾ ਜੀ ਨੇ ਕਿਹਾ, "ਪੁੱਤਰ! ਇਕ ਨਸ਼ਿਦ ਬੂਟੀ ਹੈ ਉਹਦਾ ਧੂਮਰਪਾਨ ਕਰਿਆ ਕਰਨਗੇ। ਹੁਕਾ ਪੀਆ ਕਰਨਗੇ ਉਸਦਾ।

ਕਹਿੰਦੇ, "ਉਸਦਾ ਅਸਰ ਕੀ ਹੋਏਗਾ?"

ਕਹਿੰਦੇ, "ਜਿਹੜੀ ਸਾਰੀ ਰੂਹਾਨੀਅਤ ਹੈ ਇਕ ਦਮ ਖਤਮ ਹੋ ਜਾਵੇਗੀ।" ਕਰਮ, ਧਰਮ ਕਿਸੇ ਨੂੰ ਫਲ ਨਹੀਂ ਲਗਣਾ। ਉਹ ਬੰਦਾ ਨਰਕਾਂ 'ਚ ਜਾਏਗਾ ਤੇ ਬ੍ਰਾਹਮਣ ਵੀ ਪੀਣ ਲੱਗ ਜਾਣਗੇ।

ਕਹਿੰਦੇ, "ਮਹਾਰਾਜ ਬ੍ਰਾਹਮਣਾਂ ਦੇ ਪੀਤਿਆਂ ਫੇਰ ਕਰਮ, ਧਰਮ ਦਾ ਕੀ ਬਣੇਗਾ?"

ਕਹਿੰਦੇ, "ਕਰਮ, ਧਰਮ ਤਾਂ ਤੂੰ ਛੱਡ ਇਕ ਪਾਸੇ, ਜਿਹੜਾ ਤੰਬਾਕੂ ਪੀਣ ਵਾਲੇ ਬ੍ਰਾਹਮਣ ਨੂੰ ਦਾਨ ਦਏਗਾ, ਉਹ ਸੱਤ ਜਨਮ ਪਿੰਡ ਦਾ ਸੂਰ ਹੋ ਕੇ ਵਿਸ਼ਟਾ ਖਾਏਗਾ।

ਤੁਸੀਂ ਇਹ ਸਕੰਦ ਪ੍ਰਾਣ ਦੇ ਵਿਚ ਪੜ੍ਹ ਲਓ। ਉਸਦੇ ਵਿਚ ਬਾਰ-ਬਾਰ ਅਜਿਹੀਆਂ ਗੱਲਾਂ ਲਿਖੀਆਂ ਹੋਈਆਂ ਹਨ। ਆਪਣੇ ਵੀ ਰਹਿਤਨਾਮੇ ਦੇ ਅੰਦਰ ਆਉਂਦਾ ਹੈ -

***ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ॥***

ਕਹਿੰਦੇ, "ਮਾੜਾ ਜਿੰਨਾ ਵੀ ਮੂੰਹ 'ਚ ਜੇ ਪੈ ਗਿਆ। ਤੰਬਾਕੂ ਹੱਥ ਨੂੰ ਲੱਗ ਗਿਆ, ਜਿਹੜੇ ਸਵਰਗਾਂ 'ਚ ਬਜ਼ੁਰਗ ਬੈਠੇ ਹਨ, ਉਹ ਉਸੇ ਵੇਲੇ ਬੇਦਾਵਾ ਦੇ ਦੇਣਗੇ। ਫੇਰ ਅਸੀਂ ਭੂਤਾਂ ਦੇ ਕਾਬੂ ਆ ਜਾਵਾਂਗੇ। ਸਾਡੇ ਘਰ 'ਚ ਕਲੇਸ਼ ਰਹੇਗਾ, ਝਗੜੇ ਰਹਿਣਗੇ, ਲੜਾਈਆਂ ਰਹਿਣਗੀਆਂ। ਕਿਉਂਕਿ ਭੂਤਾਂ ਦਾ ਵਾਸਾ ਹੋ ਗਿਆ। ਬੰਦੇ ਸ਼ਰਾਬੀ-ਕਬਾਬੀ ਬਣ ਜਾਣਗੇ।

ਬ੍ਰਹਮਾ ਜੀ ਨੇ ਕਿਹਾ, "ਉਹਦੇ ਹੱਥ ਦਾ ਪਾਣੀ ਜਿਹੜਾ ਪੀਣਾ ਹੈ ਨਾ।"

***ਪਾਣੀ ਤਾ ਕੇ ਹਾਥ ਕਉ ਮਧਰਾ ਸਮ ਅਘਦਾਇ॥***

"ਜਿਹੋ ਜਿਹਾ ਉਹਦੇ ਹੱਥ ਦਾ ਪਾਣੀ ਪੀ ਲਿਆ ਸਮਝੋ ਜਿਹੋ ਜਿਹੀ ਸ਼ਰਾਬ ਪੀ ਲਈ।

ਆਪ ਨੇ ਕਿਹਾ, "ਮਹਾਰਾਜ ਫੇਰ ਸ਼ਰਾਬ ਦਾ ਕੀ ਬਣੇਗਾ।"

***ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ॥***

ਜਿਹੜਾ ਸ਼ਰਾਬ ਪੀਂਦਾ ਹੈ ਸਤ ਕੁਲਾਂ ਦਾ ਖਾਤਮਾ, ਬੇੜਾ ਗਰਕ ਕਰ ਦਿੰਦਾ ਹੈ। ਤਿੰਨ ਜਿਹੜੀਆਂ ਆਉਣੀਆਂ ਹਨ, ਤਿੰਨ ਜਿਹੜੇ ਲੰਘ ਗਏ ਬਾਪ, ਦਾਦਾ, ਤੇ ਪੜਦਾਦਾ, ਇਕ ਆਪ ਦਾ। ਜਿਹੜਾ ਭੰਗ ਪੀਂਦਾ ਹੈ ਉਹ ਆਪਣੇ ਤਨ ਦਾ ਨਾਸ਼ ਕਰ ਲੈਂਦਾ ਹੈ।

***ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ॥***

ਤੰਬਾਕੂ ਜਿਹੜਾ ਹੈ ਉਹ ਸੌ ਕੁਲ ਦਾ ਨਾਸ਼ ਕਰ ਦਿੰਦਾ ਹੈ। ਨਿੰਦਾ ਵਾਲਾ ਜਿਹੜਾ ਹੈ। ਉਹ ਗਿਣਤੀਆਂ ਮਿਣਤੀਆਂ ਤੋਂ ਬਾਹਰ ਹੀ ਕੁਲਾਂ ਦਾ ਨਾਸ਼ ਕਰ ਦਿੰਦਾ ਹੈ।

ਗੱਲ ਸੁਣ ਲਈ ਸਾਰਿਆਂ ਨੇ ਮੰਨ ਲੈਂਦੇ ਹਨ ਪਰ ਸਾਡੇ ਬੰਦੇ ਨਹੀਂ ਮੰਨਦੇ। ਮਹਾਰਾਜ ਕਹਿੰਦੇ, "ਦੇਖਣ ਨੂੰ ਤਾਂ ਇਹ ਬੰਦੇ ਹਨ। ਭੁਲੇਖਾ ਪੈਂਦਾ ਹੈ ਕਿ ਮਨੁੱਖ ਹੈ ਪਰ ਮਨੁੱਖ ਤਾਂ ਹੈ ਨਹੀਂ। ਇਹ ਤਾਂ ਮਨੁੱਖ ਦੇ ਹੱਡ ਤੇ ਚਮ ਦੇ ਵਿਚ ਪਸ਼ੂ ਦੀ ਰੂਹ ਵਲ੍ਹੇਟੀ ਹੋਈ ਹੈ, ਜਿਹੜਾ ਸਮਝਦਾ ਹੀ ਨਹੀਂ, ਪਸ਼ੂ ਤਾਂ ਸਮਝ ਜਾਂਦੈ। ਜਿਹੜੇ ਬਲਦ ਸਿਆਣੇ ਹਨ, ਜਦੋਂ ਮੈਂ ਖੇਤੀ ਕਰਿਆ ਕਰਦਾ ਸੀ ਮੇਰੇ ਪਾਸ ਇਕ ਬਲਦ ਸੀ, ਉਸਦੇ ਜੇ ਹਲ ਚਲਾਉਣ ਵੇਲੇ ਸੋਟੀ ਮਾਰ ਦਿਓ ਨਾ, ਸਾਰਾ ਦਿਨ ਨਰਾਜ਼ ਰਹਿੰਦਾ ਸੀ। ਬਹੁਤ ਉਚਾ ਸੀ। ਤੁਹਾਡੇ ਬੀਜੀ (ਬੀਬੀ ਰਣਜੀਤ ਕੌਰ ਜੀ) ਉਸ ਬੈਲ ਨੂੰ ਬਹੁਤ ਪਿਆਰ ਕਰਦੇ ਸਨ। ਇਸਦੇ ਕਹੇ ਲਗਦਾ ਸੀ ਤੇ ਮੈਨੂੰ ਨਹੀਂ ਉਹ ਪਛਾਣਦਾ ਸੀ। ਮੈਂ ਹੱਲ ਚਲਾਉਂਦਾ ਹੁੰਦਾ ਸੀ ਤੇ ਮੈਂ ਕਹਿਣਾ ਕਿ ਕਿੰਨਾ ਸਿਆਣਾ ਹੈ ਇਸਨੂੰ ਪਤਾ ਹੈ ਕਿ ਇਹ ਮੈਨੂੰ ਪਿਆਰ ਕਰਦੀ ਹੈ। ਇਸਦੇ ਕੋਲ ਨੂੰ ਆ ਜਾਣਾ, ਪਿੱਠ ਤਾਈਂ ਹੱਥ ਮਸਾਂ ਪਹੁੰਚਦਾ ਸੀ, ਐਡਾ ਵੱਡਾ ਸੀ। ਜੇ ਉਹਦੇ ਨੌਕਰਾਂ ਨੇ ਸੋਟੀ ਮਾਰ ਦਿਤੀ ਤਾਂ ਸਾਨੂੰ ਦੱਸਣ ਆਉਣਾ ਕਿ ਇਹਨੇ ਮੇਰੇ ਸੋਟੀ ਮਾਰੀ ਹੈ। ਬੋਲ ਹੀ ਨਹੀਂ ਸਕਦਾ ਪਰ ਉਹ ਵੀ ਸਿਆਣਾ ਸੀ।

ਕੁੱਤਾ ਸਿਆਣਾ ਹੈ। ਮੰਗਲਵਾਰ ਨੂੰ ਰੋਟੀ ਨਹੀਂ ਖਾਂਦੇ ਕੁੱਤੇ। ਜਲੇਬੀਆਂ ਪਾ ਦਿਓ। ਕੁਛ ਪਾ ਦਿਓ ਨਹੀਂ ਖਾਂਦੇ ਲੇਕਿਨ ਮਨੁੱਖ ਹੈ ਜਿਸ ਨੂੰ ਐਨਾ ਵੀ ਪਤਾ ਨਹੀਂ ਹੈ। ਮਹਾਰਾਜ ਜੀ ਕਹਿੰਦੇ, "ਉਸ ਨੂੰ ਮਨੁੱਖ ਨਾ ਕਹੋ, ਮਹਾਰਾਜ ਜੀ ਕਹਿੰਦੇ ਕੀ ਕਹੀਏ? ਇਸ ਤਰ੍ਹਾਂ ਕਹਿੰਦੇ ਨੇ ਮਹਾਰਾਜ –

***ਧਾਰਨਾ – ਆਵਨ ਨੂੰ ਜੱਗ ਵਿਚ ਆ ਗਏ ਨੇ –2, 2.***
***ਬਿਨ ਬੂਝੇ ਪਸ ਢੋਰ,***
***ਆਵਨ ਨੂੰ ਜਗ ਵਿਚ ਆ ਗਏ ਨੇ –2, 2.***
***ਆਵਨ ਨੂੰ ਜਗ ਵਿਚ ਆ ਗਏ ਨੇ .......... –2.***

***ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ॥***
***ਪੰਨਾ – 251***

ਦੁਨੀਆਂ 'ਚ ਪੈਦਾ ਤਾਂ ਹੋ ਗਏ ਮਾਂ ਤੋਂ, ਮਨੁੱਖ ਦੀ ਸ਼ਕਲ ਧਾਰਨ ਕਰ ਲਈ। ਮਹਾਰਾਜ ਕਹਿੰਦੇ, "ਜੇ ਪਰਮ ਸਤ ਦੀ ਗੱਲ ਹੀ ਨਹੀਂ ਬੁਝੀ –

***................ ਬਿਨੁ ਬੂਝੇ ਪਸੁ ਢੋਰ॥ ਪੰਨਾ – 251***

ਕਹਿੰਦੇ, "ਉਹਨਾਂ ਨੂੰ ਮਨੁੱਖ ਨਾ ਕਹੋ ਉਹ ਤਾਂ ਪਸ਼ੂ ਹੈ, ਪਸ਼ੂਆਂ ਦੇ ਵਿਚ ਵੀ ਢੋਰ ਗਧੇ ਨੂੰ ਕਹਿੰਦੇ ਹਨ।

***ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ॥***
***ਪੰਨਾ – 251***

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿਣ ਲੱਗੇ, "ਦੇਖੋ ਪ੍ਰੇਮੀਓ, ਤੰਮਾਕੂ ਦਾ ਕਿੰਨਾ ਮਾੜਾ ਅਸਰ ਹੈ ਤੇ ਨਾਲ ਆਪ ਨੇ ਫੁਰਮਾਇਆ, "ਇਕ ਦਿਨ ਸਾਡਾ ਘੋੜਾ ਤੁਰੇ ਨਾ, ਪੈਰ ਅੜਾ ਕੇ ਖੜ੍ਹ ਗਿਆ। ਅਸੀਂ ਤੋਰਿਆ ਕਿ ਤੁਰਦਾ ਕਿਉਂ ਨਹੀਂ। ਕਿਉਂਕਿ ਗੁਰੂ ਮਹਾਰਾਜ ਜੀ ਦਾ ਘੋੜਾ ਤੇ ਬਾਜ ਐਵੇਂ ਨਹੀਂ ਸਨ, ਉਹਨਾਂ ਨੂੰ ਸਾਰਾ ਗਿਆਨ ਸੀ। ਉਸੇ ਸਰੀਰ ਦੇ ਨਾਲ ਦਰਗਾਹ ਵਿਚ ਗਏ ਹਨ। ਗੁਰੂਆਂ ਦੀ ਮੇਹਰ ਦੇ ਨਾਲ ਸਚਖੰਡ 'ਚ ਘੋੜੇ ਵੀ ਪਹੁੰਚ ਗਏ। ਜਦੋਂ ਹੁਣ ਦਰਸ਼ਨ ਹੁੰਦੇ ਹਨ ਦਿਬਜ ਘੋੜਾ ਹੁੰਦਾ ਹੈ। ਪ੍ਰਕਾਸ਼ ਦਾ ਘੋੜਾ, ਸੇਵਾ ਹੀ ਕਰਨੀ ਹੈ, ਗੁਰੂਆਂ ਦੀ। ਕਹਿੰਦੇ, "ਭਾਈ ਤੁਰੇ ਨਾ। ਅਸੀਂ ਭਾਈ ਦਇਆ ਸਿੰਘ ਨੂੰ ਕਿਹਾ, ਕਿ ਰਾਕਾ ਅੜ੍ਹ ਕੇ ਖੜ੍ਹ ਗਿਆ, ਦੇਖ ਤਾਂ ਕੀ ਹੈ?"

ਕਹਿੰਦਾ, "ਸੱਚੇ ਪਾਤਿਸ਼ਾਹ, ਇਸ ਖੇਤ 'ਚ ਤਾਂ ਤੰਬਾਕੂ ਬੀਜਿਆ ਹੋਇਆ ਸੀ ਪਹਿਲਾਂ।"

ਕਹਿੰਦੇ, "ਦੇਖੋ, ਸਾਧ ਸੰਗਤ ਜੀ! ਤੰਬਾਕੂ ਦੇ ਖੇਤ 'ਚੋਂ ਸਾਡਾ ਘੋੜਾ ਨਹੀਂ ਲੰਘਿਆ ਤੇ ਜਿਹੜਾ ਪੀਂਦਾ ਹੈ ਉਹ ਦਾ ਕੀ ਹਾਲ ਹੋਏਗਾ।

ਸੁਣ ਲਓ ਸਾਇੰਸ ਦੀ, ਡਾਕਟਰਾਂ ਦੀ। ਡਾਕਟਰਾਂ ਨੂੰ ਇਹ ਪਤਾ ਲੱਗ ਗਿਆ ਹੈ ਕਿ ਜੇ ਬੰਦੇ ਮਾਰਨੇ ਹੋਣ ਜਿਹੜਾ ਇਹ ਤੰਬਾਕੂ ਹੈ, ਇਹ ਪਿਲਾਈ ਜਾਓ। ਆਪੇ ਹੀ ਮਰ ਜਾਣਗੇ। ਨਾ ਕਿਸੇ ਬੰਬ ਦੀ ਲੋੜ ਹੈ, ਨਾ ਕਿਸੇ ਚੀਜ਼ ਦੀ ਲੋੜ ਹੈ। ਆਪਣੇ-ਆਪ ਹੀ ਖਾਤਮਾ ਹੋ ਜਾਏਗਾ। ਦੋ ਸੌ ਸਾਲ ਵਿਚ ਸਭ ਮਰ ਜਾਣਗੇ ਜਿਵੇਂ ਹੁਣ ਪੀਂਦੇ ਨੇ। ਅਮਰੀਕਾ ਤੇ ਯੂਰਪ ਵਿਚ ਪੀਂਦੇ ਸਨ। ਉਨ੍ਹਾਂ ਨੇ ਕਿਹਾ ਕਿ ਬੜਾ ਮਾੜਾ ਕੰਮ ਹੋਇਆ ਤੇ ਇਨ੍ਹਾਂ ਨੂੰ ਹਟਾਈਏ ਕਿਵੇਂ? ਡਾਕਟਰਾਂ ਕੋਲ ਗੱਲ ਚਲੀ ਗਈ। ਉਨ੍ਹਾਂ ਨ ਖੋਜ ਕਰਨੀ ਸ਼ੁਰੂ ਕਰ ਦਿਤੀ ਤੇ ਇਹ ਨਤੀਜਾ ਕੱਢਿਆ ਕਿ ਤੰਬਾਕੂ ਨੂੰ ਜਿਹੜਾ ਖਾਂਦਾ ਹੈ, ਜਿਸ ਨੂੰ ਜਰਦਾ ਕਹਿੰਦੇ ਹਨ ਇਹ ਪਹਿਲਾਂ ਤਾਂ ਦੰਦਾਂ ਦਾ ਕੈਂਸਰ ਕਰਦਾ ਹੈ ਫੇਰ ਜੀਭ ਤੇ ਕੈਂਸਰ ਕਰਦਾ ਹੈ। ਡਾਕਟਰ ਜੀਭ ਕੱਟ ਦਿੰਦੇ ਹਨ। ਫੇਰ ਕਹਿੰਦੇ, ਉਸ ਤੋਂ ਬਾਅਦ ਕੈਂਸਰ ਮਿਹਦੇ ਅੰਦਰ ਚਲਿਆ ਜਾਂਦਾ ਹੈ। ਫੇਰ ਬਲੈਡਰ ਵਿਚ ਅਸਰ ਕਰਦਾ ਹੈ। ਜਿਥੇ ਸਾਹ ਲੈਂਦੇ ਹਾਂ, ਫੇਫੜੇ ਵਿਚ ਕੈਂਸਰ ਕਰਦਾ ਹੈ। ਚਾਰ ਕੈਂਸਰ ਤੰਬਾਕੂ ਖਾਣ ਵਾਲਾ ਕਰਦਾ ਹੈ। ਜਿਹੜਾ ਪੀਂਦਾ ਹੈ ਉਸ ਦੇ ਮਿਹਦੇ ਵਿਚ ਹੁੰਦਾ ਹੈ ਕਿਉਂਕਿ ਧੂੰਆਂ ਅੰਦਰ ਨੂੰ ਲੈ ਕੇ ਜਾਂਦੇ ਨੇ। ਉਨ੍ਹਾਂ ਨੇ ਤਸਵੀਰਾਂ ਬਣਾਈਆਂ। ਇਕ ਤੰਬਾਕੂ ਪੀਣ ਵਾਲਾ ਲਿਆ, ਇਕ ਦੂਜਾ ਲਿਆ। ਹਰ ਰੋਜ਼ ਉਨ੍ਹਾਂ ਦੇ x-ray ਲਈ ਜਾਣ। x-ray ਰੰਗੀਨ ਲੈ ਲੈ ਕੇ ਉਨ੍ਹਾਂ ਨੇ ਸਾਬਿਤ ਕਰਕੇ ਦੱਸਿਆ ਕਿ ਤੰਬਾਕੂ ਪੀਣ ਵਾਲੇ ਦਾ ਫੇਫੜਾ ਆਹ ਦੇਖੋ ਕਾਲਾ-ਸਿਆਹ ਹੋਇਆ ਪਿਆ ਹੈ ਤੇ ਦੂਜਾ ਦੇਖੋ ਕਿਵੇਂ ਸੋਨੇ ਵਾਂਗ ਚਮਕਦਾ ਹੈ। ਉਥੇ ਸਰਕਾਰ ਦੀ ਸਮਝ ਵਿਚ ਗੱਲ ਆ ਗਈ ਤੇ ਸਰਕਾਰ ਨੇ ਤੰਬਾਕੂ ਤੇ ਨਸ਼ੀਲੀਆਂ ਦਵਾਈਆਂ ਦੇ ਖਿਲਾਫ ਲੜਾਈ ਦਾ ਐਲਾਨ ਕਰ ਦਿਤਾ। ਜਿਵੇਂ ਦੂਜਾ ਸੰਸਾਰ ਯੁੱਧ ਹੋਇਆ ਸੀ ਇਸੇ ਤਰ੍ਹਾਂ ਕਹਿੰਦੇ ਯੁੱਧ ਕਰੋ, ਇਸ ਦੇ ਖਿਲਾਫ। ਜਿਥੇ drug ਬਣਦੀ ਸੀ ਦੂਜੇ ਦੇਸ਼ ਵਿਚ, ਜਾ ਕੇ ਬੰਬਾਰੀ ਸ਼ੁਰੂ ਕਰ ਦਿਤੀ। ਫੌਜਾਂ ਭੇਜ ਦਿਤੀਆਂ ਲੜਾਈ ਮੁਲ ਲੈ ਲਈ ਅਮਰੀਕਾ ਨੇ। ਕੰਬੋਡੀਆ ਦੇ ਅੰਦਰ ਜਾ ਕੇ ਦਰਖਤ ਪੁੱਟਣੇ ਸ਼ੁਰੂ ਕਰ ਦਿਤੇ। ਉਥੇ ਆਹ ਸੁੱਖ ਬੇਅੰਤ ਸੀ। ਸਾਰੇ ਦੀ ਪੁਟਾਈ ਸ਼ੁਰੂ ਕਰ ਦਿਤੀ, ਟਰੈਕਟਰ ਲੈ ਗਏ। ਉਨ੍ਹਾਂ ਨੇ ਪੁਛਿਆ ਕਿ ਤੁਸੀਂ ਇਹ ਕੀ ਕਰਦੇ ਹੋ? ਉਨ੍ਹਾਂ ਨੇ ਜਵਾਬ ਦਿਤਾ ਕਿ ਪੈਸਾ ਤਾਂ ਤੁਹਾਡੇ ਦੇਸ਼ ਵਿਚ ਆਉਂਦਾ ਹੈ ਪਰ ਬੰਦੇ ਸਾਡੇ ਮਰਦੇ ਹਨ। ਹੁਕਮ ਕਰ ਦਿਤਾ ਕਿ ਕੋਈ ਵੀ local flight (ਸਥਾਨਕ ਉਡਾਣ) ਜਿਹੜੇ ਜਹਾਜ਼ ਅਮਰੀਕਾ ਵਿਚ ਘੁੰਮਦੇ ਹਨ ਉਨ੍ਹਾਂ ਵਿਚ ਕੋਈ ਬੰਦਾ ਸਿਗਰਟ ਨਹੀਂ ਪੀ ਸਕਦਾ। ਸਾਰੀਆਂ ਫੈਕਟਰੀਆਂ ਵਾਲਿਆਂ ਨੇ ਹੁਕਮ ਕਰ ਦਿਤਾ ਕਿ ਕੋਈ ਬੰਦਾ drug (ਨਸ਼ੀਲੀ ਦਵਾਈ) ਨਹੀਂ ਖਾ ਸਕਦਾ, ਕੋਈ ਸਿਗਰਟ ਨਹੀਂ ਪੀ ਸਕਦਾ। ਜੇ ਪਤਾ ਲੱਗ ਜਾਵੇ ਕਿ ਤਿੰਨ ਮਹੀਨੇ ਪਹਿਲਾਂ ਇਸ ਨੇ drug ਖਾਧੀ ਹੈ, ਇਹ ਪਿਸ਼ਾਬ ਵਿਚੋਂ ਪਤਾ ਲੱਗ ਜਾਂਦਾ ਹੈ, ਭਾਵੇਂ ਉਹ ਕਿੱਡਾ ਹੀ ਮੈਨੇਜਰ ਹੋਵੇ ਉਸ ਨੂੰ ਫੌਰਨ ਨੌਕਰੀ 'ਚੋਂ ਕੱਢ ਦਿਓ। ਕਿਸੇ public place (ਜਨ ਸਾਧਾਰਣ ਥਾਂ, ਸਾਂਝੀ ਥਾਂ) ਵਿਚ, ਗੱਡੀ ਵਿਚ, ਬੱਸਾਂ ਵਿਚ ਕਿਤੇ ਵੀ ਸਿਗਰਟ ਨਹੀਂ ਪੀ ਸਕਦਾ।

ਹੁਣ ਉਨ੍ਹਾਂ ਨੇ ਤਾਂ ਸਮਝ ਲਈ, ਹੁਣ ਮਸਾਂ ਸਾਡੀ ਵਾਰੀ ਆਈ ਹੈ ਤੇ ਅਸੀਂ ਜ਼ੋਰ ਦਿਤਾ ਹੋਇਆ ਹੈ ਜਰਦਾ ਖਾਣ ਤੇ। ਖਾਈ ਜਾਓ ਮਰ ਜਾਓਗੇ। ਬਾਬਾ ਜੀ ਨੇ ਤਾਂ ਬਾਤ ਸਹੀ ਕਹਿਣੀ ਹੈ, ਰੋਜ਼ ਦੇਖੋ ਤੁਸੀਂ, ਕਿੰਨੇ ਮਰਦੇ ਹਨ। ਸ਼ਰਾਬ ਪੀਣ ਵਾਲੇ ਮਰਦੇ ਹਨ। ਸੋ ਇਹ ਚੀਜ਼ਾਂ ਸਾਮ੍ਹਣੇ ਨੁਕਸਾਨ

(ਬਾਕੀ ਪੰਨਾ 55 ਤੇ)

# ਸਮਰਪਣ – ਪਰਮ ਸੁੱਖ

*ਸੰਤ ਕਲਿਆਣਦਾਸ ਸਿੰਘ ਜੀ*
*ਸ੍ਰੀ ਅਨੰਦਪੁਰ ਸਾਹਿਬ*

ਸ੍ਰੀ ਗੁਰੂ ਨਾਨਕ ਦੇਵ ਜੀ ਏਮਨਾਬਾਦ ਨਗਰ ਤੋਂ ਬਾਹਰ ਇਕ ਸਥਾਨ ਤੇ ਬੈਠੇ ਸਨ। ਇਹ ਨਗਰ ਲਾਹੌਰ ਤੋਂ ਪਰ੍ਹੇ ਗੁਜਰਾਂਵਾਲੇ ਜ਼ਿਲੇ ਵਿਚ ਹੈ, ਜਿਥੇ ਗੁਰੂ ਸਾਹਿਬ ਬੈਠੇ ਸਨ, ਉਸ ਸਥਾਨ ਦਾ ਨਾਮ ਗੁਰਦੁਆਰਾ 'ਰੋੜੀ ਸਾਹਿਬ' ਹੈ ਜੋ ਕਿ ਹੁਣ ਪਾਕਿਸਤਾਨ ਵਿਚ ਹੈ। ਇਸ ਸ਼ਹਿਰ ਵਿਚ ਪਠਾਣਾਂ ਦੀ ਆਬਾਦੀ ਬਹੁਤ ਸੀ। ਭਾਈ ਲਾਲੋ ਜੀ ਇਥੇ ਹੀ ਰਹਿੰਦੇ ਸਨ, ਇਥੇ ਹੀ ਮਲਕ ਭਾਗੋ ਖਤਰੀ ਰਹਿੰਦੇ ਸਨ। ਮੁਗਲਾਂ ਦਾ ਰਾਜ ਅਜੇ ਨਹੀਂ ਸੀ ਹੋਇਆ, ਭਾਰਤ ਵਿਚ ਲੋਧੀ ਰਾਜ ਸੀ। ਗੁਰੂ ਨਾਨਕ ਦੇਵ ਜੀ ਅਤੇ ਮਰਦਾਨਾ ਇਥੇ ਆ ਕੇ ਬੈਠੇ। ਮਹਾਰਾਜ ਜੀ ਨੇ ਸਾਧਕਾਂ ਨੂੰ ਤਿਤਿਕਸ਼ਾ ਸਿਖਾਉਣ ਵਾਸਤੇ ਖੇਡ ਰਚੀ, ਰੋੜਾਂ ਦੀ ਵਿਛਾਈ ਕੀਤੀ ਤੇ ਰੇਤ, ਅੱਕ ਦਾ ਅਹਾਰ ਕੀਤਾ।

***ਰੇਤੁ ਅਕੁ ਆਹਾਰੁ ਕਰਿ ਰੋੜਾ ਕੀ ਗੁਰ ਕਰੀ ਵਿਛਾਈ॥***
***ਭਾਈ ਗੁਰਦਾਸ ਜੀ, ਵਾਰ 1/24***

ਸ਼ਹਿਰ ਵਿਚ ਵਿਆਹ ਸ਼ਾਦੀ ਦਾ ਸਮਾਗਮ ਸੀ, ਵਾਜੇ ਗਾਜੇ ਵਜ ਰਹੇ ਸਨ। ਮਰਦਾਨਾ ਮਹਾਰਾਜ ਨੂੰ ਕਹਿਣ ਲੱਗਾ, ਪਾਤਸ਼ਾਹ! ਹੁਕਮ ਹੋਵੇ ਤਾਂ ਮੈਂ ਨਗਰ ਵਿਚ ਜਾ ਆਵਾਂ, ਖੁਧੀਆ ਨਵ੍ਰਿਤ ਕਰਨ ਲਈ। ਪਠਾਣ ਬਹੁਤ ਹੰਕਾਰੀ ਹੋ ਚੁੱਕੇ ਸਨ। ਸਾਧੂ ਸੰਤ ਦੀ ਕਦਰ ਕਰਨੀ ਤਾਂ ਇਕ ਪਾਸੇ ਰਹੀ, ਉਹ ਉਨ੍ਹਾਂ ਨਾਲ ਟਿਚਰਾਂ ਕਰਦੇ ਸਨ।

ਮਹਾਰਾਜ ਆਖਿਆ, "ਮਰਦਾਨਿਆਂ! ਸਬਰ ਤੋਂ ਕੰਮ ਲੈ, ਤੇਰਾ ਭੋਗ ਇਥੇ ਹੀ ਮਿਲ ਜਾਵੇਗਾ, ਕਰਤਾਰ ਤੇ ਭਰੋਸਾ ਰੱਖ।" ਮਰਦਾਨੇ ਫੇਰ ਬੇਨਤੀ ਕੀਤੀ, ਪਾਤਸ਼ਾਹ! ਤੈਨੂੰ ਤਾਂ ਭੁੱਖ ਲਗਦੀ ਨਹੀਂ, ਮੈਥੋਂ ਭੁੱਖ ਸਹਾਰ ਨਹੀਂ ਹੁੰਦੀ। ਮਰਦਾਨਾ ਆਗਿਆ ਲੈ ਕੇ ਸ਼ਹਿਰ ਚਲਿਆ ਗਿਆ। ਇਕ ਘਰ ਵਿਚ ਸ਼ਾਦੀ ਦਾ ਸਮਾਗਮ ਸੀ, ਮਰਦਾਨਾ ਉਥੇ ਖੜ੍ਹਾ ਰਿਹਾ, ਕਿਸੇ ਨੇ ਭੀ ਪ੍ਰਸ਼ਾਦਾ ਨਾ ਪੁਛਿਆ। ਜਦੋਂ ਮਰਦਾਨੇ ਨੇ ਪ੍ਰਸ਼ਾਦੇ ਬਾਰੇ ਕਿਹਾ ਤਾਂ ਉਨ੍ਹਾਂ ਨੇ ਬਹੁਤ ਨਿਰਾਦਰ ਭਰੇ ਬਚਨ ਕੀਤੇ ਅਤੇ ਮਰਦਾਨੇ ਨੂੰ ਧੱਕਾ ਦੇ ਦਿਤਾ। ਮਰਦਾਨਾ ਜੀ ਗਾਰੇ ਵਿਚ ਗਿਰ ਪਏ। ਮਰਦਾਨੇ ਦੇ ਸੱਟ ਲੱਗੀ, ਉਹ ਗੁਰੂ ਮਹਾਰਾਜ ਜੀ ਪਾਸ ਭੁੱਖਾ ਹੀ ਵਾਪਸ ਆ ਗਿਆ। ਭਾਈ ਲਾਲੋ ਸਾਗ ਤੇ ਮਿੱਸੀਆਂ ਰੋਟੀਆਂ ਲੈ ਆਇਆ ਸੀ। ਮਰਦਾਨੇ ਦੇ ਆਉਣ ਤੇ ਅੱਗੇ ਬੈਠਾ ਸੀ, ਮਰਦਾਨੇ ਦੀ ਹਾਲਤ ਵੇਖ ਕੇ ਭਾਈ ਲਾਲੋ ਬਹੁਤ ਦੁਖੀ ਹੋਇਆ। ਮਹਾਰਾਜ ਜੀ ਮਰਦਾਨੇ ਦੀ ਦਸ਼ਾ ਵੇਖ ਕੇ ਸਹਿਜ ਸੁਭਾਅ ਬੋਲੇ, ਲਾਲੋ ਇਸ ਨਗਰ ਦੇ ਲੋਕ ਬੇਰਹਿਮ ਤੇ ਅਧਰਮੀ ਹਨ, ਇਹ ਪਿੰਡ ਸੂਰਜ ਚੜ੍ਹਨ ਤੋਂ ਪਹਿਲਾਂ ਫਨਾਹ ਹੋ ਜਾਵੇਗਾ, ਔਰਤਾਂ ਅਤੇ ਬੱਚਿਆਂ ਨੂੰ ਛੱਡ ਕੇ ਕੋਈ ਨਹੀਂ ਬਚੇਗਾ, ਧਨ ਮਾਲ ਸਭ ਲੁੱਟਿਆ ਜਾਵੇਗਾ।

ਮਹਾਰਾਜ ਦੇ ਬਚਨ ਸੁਣ ਕੇ ਭਾਈ ਲਾਲੋ ਕੰਬ ਗਿਆ, ਹੱਥ ਜੋੜ ਕੇ ਅਰਜ਼ ਕੀਤੀ, ਪਾਤਸ਼ਾਹ ਰਹਿਮ ਕਰੋ, ਬਖਸ਼ਿਸ਼ ਕਰੋ, ਕਰੜੇ ਬਚਨ ਨਾ ਕਰੋ, ਸਰਾਪ ਨਾ ਦਿਓ, ਇਹ ਜੀਵ ਭੁੱਲੇ ਹੋਏ ਹਨ, ਆਪ ਦੀ ਮਹਿਮਾ ਨਹੀਂ ਜਾਣਦੇ। ਮਹਾਰਾਜ ਜੀ ਬੋਲੇ, ਲਾਲੋ ਅਸੀਂ ਕ੍ਰੋਧ ਵਿਚ ਨਹੀਂ ਹਾਂ, ਅਸੀਂ ਆਪਣੇ ਵੱਲੋਂ ਕੋਈ ਸਰਾਪ ਨਹੀਂ ਦਿਤਾ, ਇਨ੍ਹਾਂ ਦੇ ਪਾਪ ਕਰਮਾਂ ਦਾ ਭਾਂਡਾ ਭਰ ਗਿਆ ਹੈ, ਫੁੱਟਣ ਦਾ ਸਮਾਂ ਆ ਗਿਆ ਹੈ। ਇਹ ਬਚਨ ਅਸੀਂ ਆਪਣੇ ਵੱਲੋਂ ਨਹੀਂ ਕਹੇ, ਜੋ ਕਰਤਾਰ ਵੱਲੋਂ ਸੰਕੇਤ ਹੋਇਆ ਉਹ ਹੀ ਕਿਹਾ ਹੈ।

***ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥***
***ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥***
***ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥***
***ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥***
***ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥***
***ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ॥***
***ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ॥***
***ਪੰਨਾ – 722***

ਬਾਬਰ ਨੇ ਭਾਰਤ ਤੇ ਹੱਲਾ ਕਰ ਦਿਤਾ ਸੀ ਉਸ ਦੀਆਂ ਫੌਜਾਂ ਏਮਨਾਬਾਦ ਦੇ ਨੇੜੇ ਪੁੱਜ ਚੁਕੀਆਂ ਸਨ। ਬਾਬਰ ਨੇ ਫੌਜ ਨੂੰ ਕੂਚ ਦਾ ਹੁਕਮ ਦਿਤਾ, ਸੂਰਜ ਨਿਕਲਣ ਤੋਂ ਪਹਿਲਾਂ ਏਮਨਾਬਾਦ ਨੂੰ ਘੇਰਾ ਪਾ ਲਿਆ। ਦੋਹਾਂ ਪਾਸਿਓਂ ਤਲਵਾਰਾਂ ਚੱਲੀਆਂ, ਘੋਰ ਯੁੱਧ ਹੋਇਆ। ਆਖਿਰ ਬਾਬਰ ਦੀ ਜਿੱਤ ਹੋਈ। ਗਲੀ ਗਲੀ ਵਿਚ ਕਤਲਾਮ ਹੋਇਆ। ਮਰਦ ਕੋਈ ਨਹੀਂ ਬਚਿਆ, ਕੇਵਲ ਇਸਤ੍ਰੀਆਂ ਅਤੇ ਬੱਚੇ ਬਚੇ, ਘਰ ਬਾਰ ਸਭ ਲੁੱਟ ਲਏ, ਔਰਤਾਂ ਦੀ ਬੜੀ ਬੇਪੱਤੀ ਹੋਈ, ਇਸਤ੍ਰੀਆਂ ਨੂੰ ਕੈਦੀ ਬਣਾ ਕੇ ਲੁੱਟ ਦੇ ਮਾਲ ਦੇ ਗੱਠੜ ਬੰਨ੍ਹ ਬੰਨ੍ਹ ਸਿਰਾਂ ਤੇ ਚੁਕਵਾ ਕੇ ਲੈ ਚੱਲੇ। ਤਿੰਨ ਤਿੰਨ ਕੋਹ ਤਕ ਬੰਦੇ ਤਲਾਸ਼ ਕਰਕੇ ਕੈਦੀ ਬਣਾ ਲਏ।

ਮਹਾਰਾਜ ਜੀ ਨੇ ਭਾਈ ਲਾਲੋ ਨੂੰ ਰਾਤ ਹੀ ਹੁਕਮ ਕਰ ਦਿਤਾ ਸੀ ਕਿ ਤੂੰ ਤੇ ਉਹ ਬ੍ਰਾਹਮਣ ਤਿੰਨ ਕੋਹ ਤੋਂ ਬਾਹਰ ਜਿਹੜਾ ਸੁੱਕਾ ਛੱਪੜ ਹੈ ਉਸ ਵਿਚ ਪਰਿਵਾਰ ਸਮੇਤ ਲੁਕ ਕੇ ਬਹਿ ਜਾਇਓ, ਸਤਿਗੁਰੂ ਆਪ ਰੋੜੀ ਸਾਹਿਬ ਵਾਲੀ ਥਾਂ ਤੇ ਹੀ ਰਹੇ। ਸਿਪਾਹੀਆਂ ਨੇ ਮਹਾਰਾਜ ਤੇ ਮਰਦਾਨੇ ਨੂੰ ਵੀ ਕੈਦੀ ਬਣਾ ਲਿਆ, ਮਹਾਰਾਜ ਦੇ ਸੀਸ ਤੇ ਲੁੱਟ ਦੇ ਮਾਲ ਦਾ ਭਾਰ ਗੱਠੜ ਰੱਖ ਦਿਤਾ ਅਤੇ ਮਰਦਾਨੇ ਨੂੰ ਇਕ ਅੜੀਅਲ ਘੋੜਾ ਲੈ ਚੱਲਣ ਨੂੰ ਸੰਭਾਲ ਦਿਤਾ।

ਮਹਾਰਾਜ ਦੇ ਸੀਸ ਤੋਂ ਗੱਠੜ ਸਵਾ ਹੱਥ ਉੱਚਾ ਰਵੇ, ਸੀਸ ਨੂੰ ਲੱਗੇ ਹੀ ਨਾ, ਮਰਦਾਨਾ ਘੋੜੇ ਦੀ ਲਗਾਮ ਫੜ ਕੇ ਖਿੱਚੇ, ਘੋੜਾ ਪਿਛਾਂਹ ਨੂੰ ਖਿਚੇ, ਕਦੇ ਸੱਜੇ ਲੈ ਜਾਵੇ ਕਦੇ ਖੱਬੇ ਲੈ ਜਾਵੇ, ਮਰਦਾਨਾ ਪਰੇਸ਼ਾਨ ਹੋ ਗਿਆ, ਰੋਣ ਹਾਕਾ ਹੋ ਕੇ ਆਖਣ ਲੱਗਾ, ਬਾਬਾ ਤੂੰ ਤਾਂ ਮੌਜ ਨਾਲ ਤੁਰਿਆ ਜਾਂਦਾ ਹੈਂ, ਮੈਂ ਤਾਂ ਬਿਪਤਾ ਨੂੰ ਫੜਿਆ ਗਿਆ, ਘੋੜਾ ਸਿੱਧਾ

ਤੁਰਦਾ ਹੀ ਨਹੀਂ।

ਮਹਾਰਾਜ ਜੀ ਬੋਲੇ, ਮਰਦਾਨਿਆ, ਆਪਣਾ ਬਲ, ਆਪਣੀ ਹੁਜਤ ਆਪਣਾ ਜਤਨ ਸਭ ਛੱਡ ਦੇ, ਘੋੜੇ ਦੀ ਲਗਾਮ ਛੱਡ ਦੇ, ਸਤਿਨਾਮੁ ਬੋਲ। ਮਰਦਾਨਾ ਕਹਿਣ ਲੱਗਾ, ਪਾਤਸ਼ਾਹ! ਘੋੜਾ ਨਸ ਜਾਵੇਗਾ ਤੇ ਸਿਪਾਹੀ ਮੈਨੂੰ ਮਾਰਨਗੇ। ਮਹਾਰਾਜ ਜੀ ਬੋਲੇ, ਨਹੀਂ, ਮਰਦਾਨਿਆ! ਤੂੰ ਕਰਤਾਰ ਦੇ ਸਮਰਪਣ ਹੋ ਜਾ, ਇਸ ਦੁੱਖ ਤੋਂ ਛੁਟ ਜਾਵੇਂਗਾ, ਭਰੋਸਾ ਰੱਖ ਤੇ ਲਗਾਮ ਛੱਡ ਦੇ, ਸਮਰਪਣ ਹੀ ਪਰਮ ਸੁੱਖ ਹੈ। ਸਤਿ ਬਚਨ ਜੀ, ਮਰਦਾਨੇ ਨੇ ਘੋੜੇ ਦੀਆਂ ਵਾਗਾਂ ਛੱਡ ਦਿਤੀਆਂ, ਘੋੜਾ ਪਾਲਤੂ ਕੁੱਤੇ ਦੀ ਤਰ੍ਹਾਂ ਪਿਛੇ ਪਿਛੇ ਤੁਰਨ ਲੱਗਿਆ।

***ਜਬ ਲਗੁ ਜਾਨੈ ਮੁਝ ਤੇ ਕਛੁ ਹੋਇ॥***
***ਤਬ ਇਸ ਕਉ ਸੁਖੁ ਨਾਹੀ ਕੋਇ॥***
***ਜਬ ਇਹ ਜਾਨੈ ਮੈ ਕਿਛੁ ਕਰਤਾ॥***
***ਤਬ ਲਗੁ ਗਰਭ ਜੋਨਿ ਮਹਿ ਫਿਰਤਾ॥***
***ਜਬ ਧਾਰੈ ਕੋਊ ਬੈਰੀ ਮੀਤੁ॥***
***ਤਬ ਲਗੁ ਨਿਹਚਲੁ ਨਾਹੀ ਚੀਤੁ॥***
***ਜਬ ਲਗੁ ਮੋਹ ਮਗਨ ਸੰਗਿ ਮਾਇ॥***
***ਤਬ ਲਗੁ ਧਰਮਰਾਇ ਦੇਇ ਸਜਾਇ॥***
***ਪ੍ਰਭ ਕਿਰਪਾ ਤੇ ਬੰਧਨ ਤੂਟੈ॥***
***ਗੁਰ ਪ੍ਰਸਾਦਿ ਨਾਨਕ ਹਉ ਛੂਟੈ॥ ਪੰਨਾ - 278***

ਜਬ ਲਗ ਆਪਣੇ ਆਪ ਨੂੰ ਕਰਤਾ ਸਮਝਦਾ ਹੈ, ਉਤਨੀ ਦੇਰ ਇਸ ਨੂੰ ਸੁਖ ਨਹੀਂ, ਬੰਧਨ ਪੈ ਜਾਂਦੇ ਹਨ, ਦੁਖੀ ਰਹਿੰਦਾ ਹੈ। ਜਦੋਂ ਕਰਤਾ ਹਰਤਾ ਕਰਤਾਰ ਨੂੰ ਸਮਝਦਾ ਹੈ ਤਾਂ ਸਮਰਪਣ ਅਵਸਥਾ ਆ ਜਾਂਦੀ ਹੈ ਅਤੇ ਸਾਰਾ ਭਾਰ ਉਤਰ ਜਾਂਦਾ ਹੈ। ਹੌਲਾ ਫੁੱਲ ਹੋ ਜਾਂਦਾ ਹੈ, ਜ਼ਿੰਮੇਵਾਰੀਆਂ ਦੀ ਸ਼ਿਰੰਖਲਾ ਟੁੱਟ ਜਾਂਦੀ ਹੈ। ਸਿਰ ਦੀ ਪੰਡ ਉਤਰ ਜਾਂਦੀ ਹੈ, ਨਿਰਭਾਰ ਹੋ ਜਾਂਦਾ ਹੈ।

ਕੈਦੀਆਂ ਦਾ ਕੈਂਪ ਆ ਗਿਆ, ਸਾਮਾਨ ਸਿਰਾਂ ਤੋਂ ਉਤਾਰ ਲਏ, ਘੋੜੇ ਸਾਂਭ ਲਏ, ਕੈਦੀਆਂ ਨੂੰ ਚੱਕੀਆਂ ਤੇ ਬਿਠਾ ਦਿਤਾ, ਮਣ ਮਣ ਦਾਣੇ ਪੀਸਣ ਨੂੰ ਦੇ ਦਿਤੇ। ਇਕ ਚੱਕੀ ਤੇ ਮਰਦਾਨੇ ਨੂੰ ਬਿਠਾ ਦਿਤਾ, ਇਕ ਚੱਕੀ ਬਾਬੇ ਨੂੰ ਸੰਭਾਲ ਦਿਤੀ, ਦਾਣਿਆਂ ਦੀ ਚੰਗੇਰ ਅੱਗੇ ਰਖ ਦਿਤੀ। ਸਾਰੇ ਕੈਦੀ ਤੇ ਮਰਦਾਨਾ ਚੱਕੀ ਪੀਸਣ ਲੱਗੇ, ਸਾਰੇ ਚੱਕੀਆਂ ਨੂੰ ਗੇੜਾ ਦੇ ਰਹੇ ਹਨ। ਸਤਿਗੁਰਾਂ ਨੇ ਚੱਕੀ ਨੂੰ ਹੱਥ ਨਹੀਂ ਲਗਾਇਆ, ਅੱਖਾਂ ਬੰਦ ਕਰਕੇ ਕਰਤਾਰ ਦੇ ਧਿਆਨ ਵਿਚ ਹੋਏ ਅਤੇ ਬਚਨ ਕੀਤਾ, ਮਰਦਾਨੇ ਸ਼ਬਦ ਆਇਆ ਹੈ ਰਬਾਬ ਉਠਾ।

ਮਰਦਾਨਾ ਬੋਲਿਆ, "ਪਾਤਸ਼ਾਹ! ਜੇ ਮੈਂ ਹੱਥੀਂ ਤੋਂ ਹੱਥ ਉਠਾਇਆ ਤਾਂ ਸਿਪਾਹੀ ਡੰਡਾ ਮਾਰਨਗੇ।" ਪਾਤਸ਼ਾਹ ਬੋਲੇ, ਮਰਦਾਨਿਆ! ਤੂੰ ਕਰਤਾਰ ਦੇ ਕੰਮ ਲਗ, ਕਰਤਾਰ ਤੇਰੇ ਕੰਮ ਕਰੇਗਾ। ਅਗਰ ਤੂੰ ਉਸ ਦਾ ਕੰਮ ਨਹੀਂ ਕਰੇਂਗਾ, ਤਾਂ ਉਹ ਵੀ ਤੇਰਾ ਕੰਮ ਨਹੀਂ ਕਰੇਗਾ। ਜੇ ਤੂੰ ਉਸ ਦਾ ਕੇਵਲ ਇਕ ਕੰਮ ਕਰੇਂ ਤਾਂ ਉਹ ਤੇਰੇ ਸਾਰੇ ਕੰਮ ਸਵਾਰੇਗਾ। ਤੂੰ ਆਪਣੇ ਕੰਮ ਆਪ ਪੂਰੇ ਨਹੀਂ ਕਰ ਸਕੇਂਗਾ, ਥੱਕ ਜਾਵੇਂਗਾ, ਅਧੂਰੇ ਰਹਿ ਜਾਣਗੇ, ਕਦੀ ਵੀ ਪੂਰੇ ਨਹੀਂ ਹੋਣਗੇ -

***ਜਬ ਲਗੁ ਮੇਰੀ ਮੇਰੀ ਕਰੈ॥***
***ਤਬ ਲਗੁ ਕਾਜੁ ਏਕੁ ਨਹੀ ਸਰੈ॥***
***ਜਬ ਮੇਰੀ ਮੇਰੀ ਮਿਟਿ ਜਾਇ॥***
***ਤਬ ਪ੍ਰਭ ਕਾਜੁ ਸਵਾਰਹਿ ਆਇ॥ ਪੰਨਾ - 1160***

ਮਰਦਾਨਿਆ ਚੱਕੀ ਛੱਡ ਕੇ ਸਮਰਪਿਤ ਹੋ ਜਾ, ਜੋ ਕਰਤਾਰ ਤੇ ਭਰੋਸਾ ਰੱਖ ਕੇ ਸਮਰਪਿਤ ਹੋ ਜਾਂਦਾ ਹੈ, ਉਹ ਬੇਫਿਕਰ ਹੋ ਜਾਂਦਾ ਹੈ। ਉਸ ਦੇ ਕੰਮਾਂ ਦੀ ਜ਼ਿੰਮੇਵਾਰੀ ਕਰਤਾਰ ਆਪ ਲੈ ਲੈਂਦਾ ਹੈ। ਜੋ ਕੱਚੇ ਭਰੋਸੇ ਵਾਲੇ ਹੁੰਦੇ ਹਨ, ਜਾਂ ਅੱਧਵਾਟੇ ਭਰੋਸਾ ਤੋੜ ਦਿੰਦੇ ਹਨ, ਡੋਲ ਜਾਂਦੇ ਹਨ ਜਾਂ ਸਮਰਪਣ ਵਾਪਸ ਲੈ ਕੇ ਆਪਣਾ ਅਹੰ ਧਾਰਨ ਕਰ ਲੈਂਦੇ ਹਨ, ਕਰਤਾਰ ਵੀ ਉਨ੍ਹਾਂ ਦੀ ਡਿਊਟੀ ਉਨ੍ਹਾਂ ਨੂੰ ਹੀ ਵਾਪਸ ਮੋੜ ਦਿੰਦਾ ਹੈ, ਜਾਹ ਪੀਸੀ ਚੱਲ ਆਪਣੀ ਚੱਕੀ।

ਵਿਸ਼ਨੂੰ ਭਗਵਾਨ ਖੀਰ ਸਮੁੰਦਰ ਵਿਚ ਸੇਸ਼ਨਾਗ ਦੀ ਸੇਜ ਤੇ ਬਿਰਾਜੇ ਹੋਏ ਸਨ। ਲਕਸ਼ਮੀ ਚਰਨ ਚਾਪ (ਘੁੱਟ) ਰਹੀ ਸੀ, ਭਗਵਾਨ ਅੱਖਾਂ ਬੰਦ ਕਰੀ ਲੇਟੇ ਹੋਏ ਸਨ, ਅਚਾਨਕ ਛਾਲ ਮਾਰ ਕੇ ਉਠ ਖੜ੍ਹੇ ਹੋਏ ਅਤੇ ਬਿਨਾਂ ਖੜਾਵਾਂ ਪਾਏ ਦੌੜ ਲਏ, ਗਰੁੜ ਦੀ ਸਵਾਰੀ ਵੀ ਨਹੀਂ ਉਡੀਕੀ। ਦਸ ਕਦਮ ਬੜੀ ਤੇਜ਼ੀ ਨਾਲ ਦੌੜੇ, ਫੇਰ ਅਚਾਨਕ ਇਕ ਦਮ ਖੜ੍ਹੇ ਹੋ ਗਏ, ਕੁਝ ਸੋਚਦੇ ਰਹੇ ਤੇ ਹੌਲੀ ਹੌਲੀ ਵਾਪਸ ਆ ਕੇ ਆਪਣੇ ਆਸਣ ਸੇਸ਼ ਸੇਜ ਤੇ ਬਿਰਾਜਮਾਨ ਹੋ ਗਏ।

ਲਕਸ਼ਮੀ ਦਾ ਹਾਸਾ ਨਿਕਲ ਗਿਆ, ਕਹਿਣ ਲੱਗੀ ਪ੍ਰਭੂ ਤੁਹਾਨੂੰ ਅਚਾਨਕ ਇਹ ਕੀ ਦੌਰਾ ਜਿਹਾ ਪਿਆ, ਛੜੱਪਾ ਮਾਰ ਕੇ ਤੇਜ਼ ਦੌੜੇ ਅਤੇ ਅਕਸਮਾਤ ਸ਼ਾਂਤ ਹੋ ਗਏ ਅਤੇ ਅਡੋਲ ਸੇਜ ਤੇ ਆਣ ਲੇਟੇ, ਨੰਗੇ ਪੈਰੀਂ ਦੌੜ ਲਏ, ਖੜਾਵਾਂ ਵੀ ਨਾ ਪਾਈਆਂ, ਇਤਨੀ ਕਾਹਲੀ ਕਿ ਸਵਾਰੀ ਲਈ ਗਰੁੜ ਵੀ ਨਾ ਬੁਲਾਇਆ, ਇਹ ਕੀ ਕੌਤਕ ਕੀਤਾ ਜੀ? ਭਗਵਾਨ ਬੋਲੇ! ਮੇਰੇ ਇਕ ਭਗਤ ਤੇ ਸੰਕਟ ਆ ਪਿਆ ਸੀ, ਉਸ ਦੀ ਪੁਕਾਰ ਸੁਣ ਕੇ ਦੌੜਿਆ ਸਾਂ। ਲਕਸ਼ਮੀ ਬੋਲੀ, ਫੇਰ ਰੁਕ ਕਿਉਂ ਗਏ, ਸਹਾਇਤਾ ਲਈ ਗਏ ਕਿਉਂ ਨਾ? ਭਗਵਾਨ ਬੋਲੇ ਹੁਣ ਮੇਰੀ ਲੋੜ ਨਹੀਂ ਰਹੀ। ਲਕਸ਼ਮੀ ਕਿਹਾ, ਪ੍ਰਭੂ ਖੋਲ੍ਹ ਕੇ ਦੱਸੋ, ਕੀ ਘਟਨਾ ਸੀ? ਭਗਵਾਨ ਦੱਸਣ ਲੱਗੇ।

ਮੇਰਾ ਇਕ ਭਗਤ ਸੀ ਬ੍ਰਾਹਮਣ ਪੰਡਤ ਸੀ, ਭਗਤ ਵੀ ਸੀ ਤੇ ਵਿਦਵਾਨ ਵੀ ਸੀ, ਸੰਤੋਖੀ ਵੀ ਸੀ। ਇਕ ਦਿਨ ਰਾਜੇ ਦੇ ਕਥਾ ਕਰਨ ਗਿਆ, ਰਾਜੇ ਨੇ ਕਿਹਾ, ਪੰਡਤ ਜੀ ਕੁਝ ਮੰਗੋ। ਉਹ ਇਨਕਾਰ ਕਰੀ ਗਿਆ। ਆਖਿਰ ਰਾਜੇ ਨੇ ਇਕ ਬਹੁਮੁੱਲਾ ਜਰੀ ਜੜਿਤ ਸ਼ਾਹੀ ਚੋਗਾ ਦੇ ਦਿਤਾ ਤੇ ਬੇਨਤੀ ਕੀਤੀ, ਹੁਣੇ ਮੇਰੇ ਸਾਮ੍ਹਣੇ ਪਾ ਕੇ ਜਾਓ। ਬ੍ਰਾਹਮਣ ਚੋਗਾ ਪਹਿਰ ਕੇ ਤੁਰਿਆ ਜਾ ਰਿਹਾ ਸੀ, ਰਸਤੇ ਵਿਚ ਧੋਬੀ ਘਾਟ ਪੈਂਦਾ ਸੀ, ਉਥੇ ਧੋਬੀ ਕਪੜੇ ਧੋ ਰਹੇ ਸਨ, ਉਹ ਰਾਜ ਘਰਾਣੇ ਦੇ ਕਪੜੇ ਵੀ ਧੋਇਆ ਕਰਦੇ ਸਨ। ਰਾਜ ਘਰਾਣੇ ਦੇ ਧੋਣ ਆਏ ਕਪੜਿਆਂ ਵਿਚ ਇਕ ਓਹੋ ਜਿਹਾ ਹੀ ਚੋਗਾ ਵੀ ਧੁਪਣ ਪਾਇਆ ਹੋਇਆ ਸੀ, ਉਹ ਚੋਰੀ ਹੋ ਗਿਆ ਸੀ, ਬਹੁਤ ਖੋਜਣ ਤੇ ਵੀ ਨਹੀਂ ਲੱਭਿਆ, ਧੋਬੀ ਬੜੇ ਚਿੰਤਤ ਪਰੇਸ਼ਾਨ ਸਨ।

ਧੋਬੀਆਂ ਨੇ ਬ੍ਰਾਹਮਣ ਦੇ ਗਲ ਚੋਲਾ ਪਛਾਣ ਲਿਆ, ਕਿਉਂਕਿ ਉਹ ਵੀ ਉਸੇ ਤਰ੍ਹਾਂ ਦਾ ਸੀ, ਚੋਰ ਚੋਰ ਕਰਕੇ ਧੋਬੀਆਂ ਨੇ ਬ੍ਰਾਹਮਣ ਨੂੰ ਫੜ ਲਿਆ, ਧੋਬੀ ਸੱਤ ਸਨ, ਬ੍ਰਾਹਮਣ ਇਕੱਲਾ ਸੀ। ਧੋਬੀ ਬ੍ਰਾਹਮਣ ਨੂੰ ਕੁੱਟਣ ਲੱਗੇ, ਬ੍ਰਾਹਮਣ ਨੇ ਘਬਰਾ ਕੇ ਦੋਵੇਂ ਹੱਥ ਉਪਰ ਕਰਕੇ ਅੱਖਾਂ ਬੰਦ ਕਰਕੇ ਮੈਨੂੰ ਪੁਕਾਰਿਆ, ਹੇ ਪ੍ਰਭੂ ਮੇਰੀ ਰੱਖਿਆ ਕਰੋ। ਮੈਂ ਉਸ ਦੀ ਕਰੁਣ ਪੁਕਾਰ ਸੁਣ ਕੇ ਸਹਾਇਤਾ ਨੂੰ ਦੌੜਿਆ ਸਾਂ, ਖੜਾਵਾਂ ਪਹਿਨਣ ਅਤੇ ਗਰੁੜ ਸੱਦਣ ਦਾ ਸਮਾਂ ਨਹੀਂ ਸੀ, ਤੁਰੰਤੀ ਪੁਕਾਰ ਸੀ, ਖਤਰਨਾਕ ਸਥਿਤੀ ਸੀ।

ਹੇ ਪ੍ਰਭੂ! ਫੇਰ ਰੁਕ ਕਿਉਂ ਗਏ, ਭਗਤ ਦੀ ਸਹਾਇਤਾ ਲਈ ਗਏ ਕਿਉਂ ਨਾ? ਭਗਵਾਨ ਬੋਲੇ, ਲਕਸ਼ਮੀ ਹੁਣ ਮੇਰੇ ਜਾਣ ਦੀ ਲੋੜ ਨਹੀਂ ਰਹੀ। ਪ੍ਰਭੂ ਇਹ ਕਿਵੇਂ? ਤੇ ਕਿਉਂ? ਭਗਵਾਨ ਬੋਲੇ ਜਦੋਂ ਉਸ ਨੇ ਫਰਿਆਦ ਕੀਤੀ, ਓਦੋਂ ਉਸ ਦਾ ਮਨ ਪੂਰਨ ਭਰੋਸੇ ਯੁਕਤ ਸੀ, ਦੂਜੇ ਪਲ ਉਸ ਦਾ ਭਰੋਸਾ ਟੁੱਟ ਗਿਆ, ਖਬਰੇ ਪ੍ਰਭੂ ਆਵੇਗਾ ਕਿ ਨਹੀਂ, ਜਿੰਨੀ ਦੇਰ ਨੂੰ ਭਗਵਾਨ ਆਵੇਗਾ ਉਤਨੀ ਦੇਰ ਨੂੰ ਤਾਂ ਇਹ ਸੱਤ ਧੋਬੀ ਮੇਰਾ ਕਚੂਮਰ ਕੱਢ ਦੇਣਗੇ। ਉਸ ਨੇ ਮੇਰਾ ਭਰੋਸਾ ਛੱਡ ਕੇ ਸ੍ਵੈ ਬਲ ਧਾਰਨ ਕੀਤਾ ਅਤੇ ਅੱਗੋਂ ਮੁਕਾਬਲੇ ਵਿਚ ਧੋਬੀਆਂ ਨੂੰ ਹੂਰੇ (ਮੁੱਕੇ) ਠੋਕਣ ਲਗ ਪਿਆ। ਮੇਰਾ ਆਸਰਾ ਛੱਡ ਕੇ ਸ੍ਵੈ ਆਸ਼ਿਰਤ ਹੋ ਗਿਆ। ਹੁਣ ਮੇਰੀ ਲੋੜ ਨਹੀਂ ਰਹੀ। ਧੋਬੀਆਂ ਤੋਂ ਕੁਟਾਈ ਖਾ ਕੇ ਚੋਲਾ ਲੁਹਾ ਕੇ ਜ਼ਖਮੀ ਹਾਲਤ ਵਿਚ ਨਦੀ ਕਿਨਾਰੇ ਪਿਆ ਹੈ। ਲਕਸ਼ਮੀ ਮੈਂ ਉਨ੍ਹਾਂ ਦੇ ਅੰਗ ਸੰਗ ਹੋ ਕੇ ਉਨ੍ਹਾਂ ਦੀ ਸਹਾਇਤਾ ਕਰਦਾ ਹਾਂ ਜੋ ਕੇਵਲ ਮੇਰਾ ਹੀ ਦ੍ਰਿੜ੍ਹ ਭਰੋਸਾ ਰਖਦੇ ਹਨ ਅਤੇ ਮੈਨੂੰ ਪੂਰਨ ਸਮਰਪਿਤ ਹਨ, ਮੈਂ ਕਿਸੇ ਨੂੰ ਪ੍ਰੇਰਿਤ ਕਰਕੇ ਭੇਜ ਰਿਹਾ ਹਾਂ ਤਾ ਕਿ ਉਸ ਨੂੰ ਲਿਜਾ ਕੇ ਘਰ ਜਾਂ ਹਸਪਤਾਲ ਪਹੁੰਚਾ ਦੇਵੇ।

***ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ ਜਿਨ ਹਰਿ ਕਾ ਨਾਮੁ ਪਿਆਰਾ॥***

***ਪੰਨਾ - 638***

ਮਰਦਾਨੇ ਚੱਕੀ ਛੱਡ ਕੇ ਸਮਰਪਿਤ ਹੋ ਜਾ, ਮਰਦਾਨੇ ਨੇ ਚੱਕੀ ਛੱਡ ਕੇ ਰਬਾਬ ਛੇੜੀ, ਸਤਿਗੁਰਾਂ ਨੇ ਬੜੀ ਕਰੁਣਾ ਵਿਚ ਭਿੱਜ ਕੇ ਸ਼ਬਦ ਗਾਇਆ -

***ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥<br>ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ॥<br>ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ ਹਦੂਰਿ॥<br>ਆਦੇਸੁ ਬਾਬਾ ਆਦੇਸੁ॥<br>ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ।।<br>ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ॥<br>ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ॥<br>ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ॥<br>ਇਕੁ ਲਖੁ ਲਹਨਿ ਬਹਿਠੀਆ ਲਖੁ ਲਹਨਿ ਖੜੀਆ॥<br>ਗਰੀ ਛੁਹਾਰੇ ਖਾਂਦੀਆ ਮਾਣਨਿ ਸੇਜੜੀਆ॥<br>ਤਿਨ ਗਲਿ ਸਿਲਕਾ ਪਾਈਆ ਤੁਟਨਿ ਮੋਤਸਰੀਆ।।<br>ਧਨੁ ਜੋਬਨੁ ਦੁਇ ਵੈਰੀ ਹੋਏ ਜਿਨੀ ਰਖੇ ਰੰਗੁ ਲਾਇ।।<br>ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ॥<br>ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ॥<br>ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥<br>ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ॥<br>ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ॥<br>ਇਕਨਾ ਵਖਤ ਖੁਆਈਅਹਿ ਇਕਨਾ ਪੂਜਾ ਜਾਇ॥<br>ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ।।<br>ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ॥<br>ਇਕਿ ਘਰਿ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ॥<br>ਇਕਨਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ॥<br>ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ॥***

***ਪੰਨਾ - 417***

ਗੁਰੂ ਜੀ ਨੇ ਸ਼ਬਦ ਵਿਚ ਕੈਦੀਆਂ ਦੀ ਹਾਲਤ ਕਰਤਾਰ ਨੂੰ ਸੁਣਾਈ। ਸ਼ਬਦ ਦੀ ਗੂੰਜ ਸਾਰੇ ਕੈਂਪ ਵਿਚ ਛਾ ਗਈ, ਮਰਦਾਨੇ ਦੀ ਤਾਰ ਨੇ ਕਰੁਣਾ ਰਸ ਭਰ ਦਿਤਾ। ਚੱਕੀਆਂ ਦੇ ਆਪ ਮੁਹਾਰੇ ਚੱਕਰ ਬੱਝ ਗਏ, ਮਰਦਾਨੇ ਦੀ ਚੱਕੀ ਵੀ ਫਰਾਟੇ ਭਰਣ ਲੱਗੀ। ਜਿਸ ਜਿਸ ਨੂੰ ਸ਼ਬਦ ਪਿਆਰਾ ਲੱਗਿਆ, ਉਸ ਉਸ ਦੀ ਨਿਗ੍ਹਾ ਗੁਰੂ ਜੀ ਵਲ ਲਗ ਗਈ, ਉਸ ਉਸ ਦੇ ਹੱਥ ਹੱਥੇ ਤੋਂ ਹਟ ਗਏ। ਉਨ੍ਹਾਂ ਉਨ੍ਹਾਂ ਦੀਆਂ ਚੱਕੀਆਂ ਸ੍ਵੈ ਚਾਲਿਤ ਹੋ ਗਈਆਂ, ਗੂੰਜਾਂ ਪਾਉਣ ਲਗ ਪਈਆਂ, ਹੌਲੀ ਹੌਲੀ ਸਾਰੇ ਕੈਦੀ ਗੁਰੂ ਜੀ ਦੀ ਬਾਣੀ ਤੇ ਗੁਰੂ ਜੀ ਵੱਲ ਖਿੱਚੇ ਗਏ, ਐਸਾ ਬਿਸਮਾਦ ਛਾਇਆ ਕਿ ਜੇਲ੍ਹਰ ਤੇ ਸਿਪਾਹੀ ਵੀ ਪ੍ਰਭਾਵਿਤ ਹੋਣੋ ਨਾ ਬਚੇ। ਕੁਲ ਚੱਕੀਆਂ ਆਪੇ ਚਲ ਰਹੀਆਂ ਹਨ।

ਜੋ ਸ਼ਬਦ ਨਾਲ ਜੁੜ ਜਾਂਦਾ ਹੈ, ਉਹ ਸਮਰਪਿਤ ਹੋ ਜਾਂਦਾ ਹੈ, ਉਸ ਦੀ ਚੱਕੀ ਆਪੇ ਚਲਦੀ ਹੈ, ਆਪੇ ਗਲਾ ਪੈਂਦਾ ਹੈ ਆਪੇ ਆਟਾ ਨਿਕਲਦਾ ਹੈ, ਚੱਕੀ ਸ੍ਵੈ ਚਾਲਿਤ ਹੋ ਜਾਂਦੀ ਹੈ। ਉਸ ਦੀ ਚੱਕੀ ਆਪੇ ਚਲਦੀ ਹੈ, ਉਸਨੂੰ ਚੱਕੀ ਖੁਦ ਨਹੀਂ ਪੀਸਣੀ ਪੈਂਦੀ, ਜੋ ਸਮਰਪਿਤ ਨਹੀਂ ਹੋਇਆ, ਉਸਨੂੰ ਚੱਕੀ ਪੀਸਣੀ ਪੈਂਦੀ ਹੈ।

ਇਹ ਜੁਗਾਂ ਜੁਗਾਤਰਾਂ ਤੋਂ ਚੱਕੀ ਪੀਸਦਾ ਆ ਰਿਹਾ ਹੈ, ਨਾ ਪੀਹਣ ਮੁਕਿਆ, ਨਾ ਚੱਕੀ ਛੁਟੀ -

***ਕਈ ਜਨਮ ਭਏ ਕੀਟ ਪਤੰਗਾ।।<br>ਕਈ ਜਨਮ ਗਜ ਮੀਨ ਕੁਰੰਗਾ॥<br>ਕਈ ਜਨਮ ਪੰਖੀ ਸਰਪ ਹੋਇਓ॥<br>ਕਈ ਜਨਮ ਹੈਵਰ ਬ੍ਰਿਖ ਜੋਇਓ॥<br>ਮਿਲੁ ਜਗਦੀਸ ਮਿਲਨ ਕੀ ਬਰੀਆ॥<br>ਚਿਰੰਕਾਲ ਇਹ ਦੇਹ ਸੰਜਰੀਆ॥<br>ਕਈ ਜਨਮ ਸੈਲ ਗਿਰਿ ਕਰਿਆ॥<br>ਕਈ ਜਨਮ ਗਰਭ ਹਿਰਿ ਖਰਿਆ॥<br>ਕਈ ਜਨਮ ਸਾਖ ਕਰਿ ਉਪਾਇਆ॥<br>ਲਖ ਚਉਰਾਸੀਹ ਜੋਨਿ ਭ੍ਰਮਾਇਆ।।<br>ਸਾਧਸੰਗਿ ਭਇਓ ਜਨਮੁ ਪਰਾਪਤਿ॥<br>ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ॥<br>ਤਿਆਗਿ ਮਾਨੁ ਝੂਠੁ ਅਭਿਮਾਨੁ।।<br>ਜੀਵਤ ਮਰਹਿ ਦਰਗਹ ਪਰਵਾਨੁ॥<br>ਜੋ ਕਿਛੁ ਹੋਆ ਸੁ ਤੁਝ ਤੇ ਹੋਗੁ॥***

(ਬਾਕੀ ਪੰਨਾ 64 ਤੇ)

# ਝਰਨਾਟਾਂ ਦਿੰਦੇ ਪਿਆਰ ਦ੍ਰਿਸ਼

***ਪ੍ਰੋ. ਗੁਰਦੇਵ ਸਿੰਘ***

ਮਹਾਂਪੁਰਸ਼ਾਂ ਵੱਲੋਂ ਰਚਾਏ ਜਾਣ ਵਾਲੇ ਸਲਾਨਾਂ ਸਮਾਗਮਾਂ ਦੀ ਸ਼ਾਨ ਨਿਰਾਲੀ ਹੀ ਹੁੰਦੀ ਹੈ ਜੋ ਕਿ ਜਗਤ ਪ੍ਰਸਿਧ ਤਾਂ ਹੈ ਹੀ ਪਰੰਤੂ ਉਸ ਦਾ ਅਨੋਖਾ ਪ੍ਰਬੰਧ ਅਤਿ ਪ੍ਰਭਾਵਸ਼ਾਲੀ ਹੁੰਦਾ ਹੈ। ਸਾਧੂ-ਮਹਾਤਮਾਵਾਂ, ਸੰਤਾਂ, ਯੋਗੀਸ਼ਰਾਂ ਤੇ ਸੁਬੁੱਧੀ ਜੀਵੀਆਂ ਵੱਲੋਂ ਦਿੱਤੇ ਜਾਣ ਵਾਲੇ ਕੀਰਤਨ-ਕਥਾ ਤੇ ਲੈਕਚਰ ਬਹੁਤ ਹੀ ਨਿਯਮਬੱਧ ਹੁੰਦੇ ਹਨ ਜੋ ਕਿ ਸਰੋਤਿਆਂ ਨੂੰ ਇਕ ਲੜੀ ਵਿਚ ਪਰੋਅ ਕੇ ਰੱਖਦੇ ਹਨ। ਇਕ ਤੋਂ ਬਾਅਦ ਦੂਸਰੇ ਬੁਲਾਰੇ ਦੇ ਅਨੁਭਵੀ ਵਿਚਾਰਾਂ ਨੂੰ ਜਾਨਣ ਦੀ ਉਤਸੁਕਤਾ ਲਗਾਤਾਰ ਬਣੀ ਰਹਿੰਦੀ ਹੈ। ਇਸ ਦਸਵੇਂ ਸਮਾਗਮ ਵਿਚ ਵੀ ਕੇਵਲ ਇਕੋ ਵਿਸ਼ਾ ਦਿਤਾ ਗਿਆ ਜਿਸ ਵਿਚ ਪ੍ਰਭੂ/ਸਤਿਗੁਰੂ ਨਾਲ ਪਿਆਰ ਤੇ ਪ੍ਰੇਮਾ ਭਗਤੀ ਦੀ ਪ੍ਰਧਾਨਤਾ ਸੀ। ਇਸ ਦੇ ਸਿਟੇ ਵਜੋਂ ਇਹ ਦੇਖਣ ਵਿਚ ਆਇਆ ਕਿ ਜ਼ਿਆਦਾਤਰ ਜਗਿਆਸੂਆਂ ਦੇ ਨੇਤਰ ਪ੍ਰਭੂ ਪ੍ਰੇਮ ਤੇ ਗੁਰੂ ਪਿਆਰ ਵਿਚ ਸੇਜਲ ਹੁੰਦੇ ਰਹੇ ਅਤੇ ਸਾਰੇ ਹੀ ਆਪਣੇ ਆਪਣੇ ਹਿਰਦੇ ਅੰਦਰ ਇਕ ਅਜੀਬ ਤਰ੍ਹਾਂ ਦੀ ਅਗੰਮੀ ਖਿਚ ਤੇ ਪਿਆਰ ਨੂੰ ਆਪਣੇ ਅੰਦਰ ਸਮੋਅ ਕੇ ਘਰਾਂ ਨੂੰ ਪਰਤ ਰਹੇ ਸਨ।

ਇਸ ਅਨੰਦ ਨੂੰ ਮਾਨਣ ਲਈ ਭਾਰਤ ਵਰਸ਼ ਦੀਆਂ ਸੰਗਤਾਂ ਤੋਂ ਇਲਾਵਾ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟਰੇਲੀਆ, ਗਰੀਸ ਤੇ ਜਰਮਨੀ ਤੋਂ ਤਕਰੀਬਨ 150 ਪ੍ਰੇਮੀਆਂ ਨੇ ਸ਼ਮੂਲੀਅਤ ਕੀਤੀ ਅਤੇ ਆਪਣੇ ਧੰਨਭਾਗ ਸਮਝੇ ਕਿ ਉਨ੍ਹਾਂ ਨੂੰ ਇਸ ਅਦੁਤੀ ਸਮਾਗਮ ਵਿਚ ਸ਼ਾਮਿਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਹੈ ਜੋ ਕਿ ਆਪਣੀ ਤਰ੍ਹਾਂ ਦੀ ਮਿਸਾਲ ਆਪ ਹੀ ਹੈ। ਇਹਨਾਂ ਦੇ ਰਹਿਣ ਦਾ ਪ੍ਰਬੰਧ ਇਕ ਵਖਰੀ ਤਿੰਨ ਮੰਜਲੀ ਬਿਲਡਿੰਗ ਵਿਚ ਕੀਤਾ ਗਿਆ ਜਿਸ ਦੇ ਹਰ ਕਮਰੇ ਵਿਚ ਨਾਹੁਣ-ਧੋਣ ਦੀਆਂ ਸਹੂਲਤਾਂ ਪ੍ਰਾਪਤ ਸਨ। ਬਾਬਾ ਜੀ ਵਲੋਂ ਮਿਲੇ ਆਦੇਸ਼ਾਂ ਅਨੁਸਾਰ, ਹਰ ਕਮਰੇ ਵਿਚ ਇਨ੍ਹਾਂ ਦੇ ਸੁਭਾਅ ਅਨੁਸਾਰ ਖਾਣ ਪੀਣ ਦੀਆਂ ਵਸਤਾਂ ਦਾ ਪ੍ਰਬੰਧ ਕੀਤਾ ਗਿਆ ਜਿਵੇਂ ਕਿ ਕਾਰਨ ਫਲੇਕ-ਸੀਰੀਅਲ, ਮਿਨਰਲ ਵਾਟਰ ਦੀਆਂ ਬੋਤਲਾਂ, ਕੋਲਡ ਡਰਿੰਕਸ, ਬਰੈਡ, ਬਟਰ ਤੇ ਜੈਮ, ਤਾਜਾ ਫਲ, ਸੇਬ ਆਦਿ ਅਤੇ ਨੈਪਕਿਨ, ਟਾਇਲਟ ਰੋਲ, ਸਾਫ ਸੁਥਰੇ ਅਨਸਰਾ ਬਿਸਤਰੇ, ਕੰਬਲ ਚਾਦਰਾਂ ਸਰ੍ਹਾਣੇ ਆਦਿ ਅਤੇ ਕਮਰਿਆਂ ਨੂੰ ਡਿਸਇਨਫੈਕਟ ਕਰਨ ਲਈ ਸਫੈਦੀ ਕਰ ਦਿੱਤੀ ਗਈ ਸੀ। ਖਾਣ ਪੀਣ ਦੀ ਸਰਵਿਸ ਲਈ ਅਤੇ ਪੁਛ ਗਿਛ ਲਈ ਵਿਸ਼ੇਸ਼ ਸੇਵਾਦਾਰਾਂ ਦਾ ਪ੍ਰਬੰਧ ਸੀ ਅਤੇ ਹਰ ਇਕ ਮੰਜਲ ਨੂੰ ਇੰਟਰਕਾਮ ਟੈਲੀਫੋਨ ਅਤੇ ਸਮਾਗਮ ਵਿਚ ਹੁੰਦੇ ਪ੍ਰੋਗਰਾਮਾਂ ਨੂੰ ਦੇਖਣ ਲਈ ਟੈਲੀਵੀਜ਼ਨ ਰਾਹੀਂ ਜੋੜ ਦਿਤਾ ਗਿਆ ਸੀ ਤਾਂ ਕਿ ਕੋਈ ਵੀ ਪ੍ਰੇਮੀ ਕਿਸੇ ਵੇਲੇ ਵੀ ਦੱਸ ਕੇ ਖਾਣ ਪੀਣ ਜਾਂ ਹੋਰ ਲੋੜੀਂਦੀ ਵਸਤੂ ਮੰਗਵਾ ਸਕਣ ਅਤੇ ਪੰਡਾਲ ਵਿਚ ਹੁੰਦਾ ਪ੍ਰੋਗਰਾਮ ਕਮਰੇ ਵਿਚ ਹੀ ਦੇਖ ਸੁਣ ਸਕਣ। ਇਨ੍ਹਾਂ ਪ੍ਰੇਮੀਆਂ ਵਾਸਤੇ ਸ਼ਹਿਰ ਆਉਣ ਜਾਣ ਲਈ ਵਿਸ਼ੇਸ਼ ਜੀਪ ਤੇ ਡਰਾਵਿਰ ਦਾ ਵੀ ਪ੍ਰਬੰਧ ਸੀ ਤਾਂ ਕਿ ਉਹ ਕਿਸੇ ਵੀ ਐਮਰਜੈਂਸੀ ਵਿਚ ਇਹ ਸੇਵਾ ਸੁਵਿਧਾ ਪ੍ਰਾਪਤ ਕਰ ਸਕਣ।

ਇਹਨਾਂ ਸਾਰੀਆਂ ਸਹੂਲਤਾਂ ਪ੍ਰਤੀ ਉਹ ਬਹੁਤ ਪ੍ਰਭਾਵਿਤ ਸਨ ਅਤੇ ਬਾਬਾ ਜੀ ਦਾ ਧੰਨਵਾਦ ਕਰਦੇ ਥੱਕਦੇ ਨਹੀਂ ਸਨ। ਕਈ ਪ੍ਰੇਮੀਆਂ ਨੇ ਦਾਸ ਨੂੰ ਇਥੋਂ ਤੱਕ ਦੱਸਿਆ ਕਿ ਇਹ ਸਹੂਲਤਾਂ ਤਾਂ ਥਰੀ-ਸਟਾਰ ਹੋਟਲ ਵਿਚ ਵੀ ਨਹੀਂ ਮਿਲਦੀਆਂ ਜੋ ਬਾਬਾ ਜੀ ਨੇ ਉਨ੍ਹਾਂ ਨੂੰ ਮੁਹਈਆ ਕਰਵਾਈਆਂ ਹਨ। ਇਸ ਦੇ ਉਤਰ ਵਿਚ ਮੈਂ ਦੱਸਿਆ ਕਿ ਨੌਂਵੇ ਸਮਾਗਮ ਸਮੇਂ ਵਿਦੇਸ਼ਾਂ ਤੋਂ ਆਏ ਮਹਿਮਾਨਾਂ ਨਾਲ ਕੁਝ ਬੱਚੇ ਵੀ ਸਨ ਤੇ ਉਨ੍ਹਾਂ ਨੂੰ ਖਾਣ ਪੀਣ ਸੰਬੰਧੀ ਕੁਝ ਪਰੇਸ਼ਾਨੀ ਹੋਈ ਸੀ ਤੇ ਉਨ੍ਹਾਂ ਵਾਸਤੇ ਇਸ ਤਰ੍ਹਾਂ ਦਾ ਤੁਰੰਤ ਪ੍ਰਬੰਧ ਕਰਨਾ ਪਿਆ ਸੀ। ਮਹਾਂਪੁਰਸ਼ਾਂ ਨੂੰ ਪ੍ਰਚਾਰ ਫੇਰੀ ਦੌਰਾਨ ਆਪ ਸਾਰਿਆਂ ਦੀ ਨੇੜਤਾ ਕਰਕੇ ਆਪ ਦੀਆਂ ਲੋੜਾਂ ਤੇ ਰਹਿਣ ਸਹਿਣ ਦੇ ਢੰਗ ਦਾ ਠੀਕ ਪਤਾ ਹੈ ਅਤੇ ਆਪ ਨੇ ਬਾਬਾ ਜੀ ਨੂੰ ਬਹੁਤ ਆਦਰ-ਮਾਨ ਤੇ ਸਰਧਾ ਦਿਖਾਈ ਹੈ ਇਸ ਲਈ ਇਹ ਸਭ ਕੁਝ ਸੁਭਾਵਿਕ ਹੀ ਕੀਤਾ ਗਿਆ ਹੈ। ਬੀਬੀ ਹਰਵਿੰਦਰ ਚੈਹਲ ਡੈਟਰਾਇਟ ਜਿੰਨਾਂ ਦਾ ਪਿਛੋਕੜ ਪਿੰਡ ਗੁਜਰਵਾਲ ਹੈ ਉਨ੍ਹਾਂ ਦੀ ਡਿਊਟੀ ਬਾਬਾ ਜੀ ਵਲੋਂ ਸੇਵਾ ਵਿਚ ਲਗਾਈ ਗਈ ਸੀ ਅਤੇ ਸਾਰੇ ਬਾਹਰੋਂ ਆਏ ਪ੍ਰੇਮੀ ਦਸ ਰਹੇ ਸਨ ਕਿ ਉਹਨਾਂ ਨੂੰ ਸਾਰੀਆਂ ਲੋੜਾਂ ਦਾ ਪਤਾ ਹੋਣ ਕਰਕੇ ਸਾਨੂੰ ਬਹੁਤ ਸੌਖ ਰਹੀ ਹੈ ਤੇ ਉਹ ਲੋੜ ਅਨੁਸਾਰ ਤੁਰੰਤ ਉਹ ਚੀਜ਼ ਬਣਾ ਕੇ ਹਾਜ਼ਰ ਕਰ ਦਿੰਦੇ ਹਨ ਅਤੇ ਉਹ ਇਸ ਬੀਬੀ ਦਾ ਹੀ ਨਹੀਂ ਸਗੋਂ ਉਹਨਾਂ ਸਾਰੇ ਸੇਵਾਦਾਰਾਂ ਦਾ, ਬੀਬੀਆਂ ਦਾ ਧੰਨਵਾਦ ਕਰ ਰਹੇ ਸਨ ਜਿਨ੍ਹਾਂ ਨੇ ਇਸ ਡਿਊਟੀ ਵਿਚ ਹਿੱਸਾ ਲਿਆ ਹੈ। ਉਹ ਸਚਮੁੱਚ ਇਹ ਮਹਿਸੂਸ ਕਰ ਰਹੇ ਹਨ ਕਿ ਬਾਬਾ ਜੀ ਦੀ ਮੇਹਰ ਸਦਕਾ ਇਸ ਥਾਂ ਤੇ ਪਿਆਰ ਦੀ ਰੌਅ ਰੁਮਕ ਰਹੀ ਹੈ ਅਤੇ ਇਕ ਤਰ੍ਹਾਂ ਨਾਲ ਅਪਣੱਤ ਮਹਿਸੂਸ ਹੋ ਰਹੀ ਹੈ ਤੇ ਇਸ ਪਿਆਰ ਤੇ ਆਓ ਭਗਤ ਕਰਕੇ ਸਾਡਾ ਵਿਦੇਸ਼ ਵਾਪਸ ਜਾਣ ਤੇ ਚਿਤ ਨਹੀਂ ਕਰਦਾ।

ਜਦੋਂ ਕਈ ਮੋਹਤਬਰ ਅਤੇ ਦੂਜੇ ਪ੍ਰੇਮੀਆਂ ਤੋਂ ਇਹ ਜਾਨਣ ਦੀ ਕੋਸ਼ਿਸ਼ ਕੀਤੀ ਕਿ ਆਪ ਆਪਣੇ ਕੰਮ-ਧੰਦੇ ਪਿੱਛੇ ਛੱਡ ਕੇ, ਐਨੇ ਦਿਨਾਂ ਦੀਆਂ ਛੁਟੀਆਂ ਲੈ ਕੇ ਤੇ ਐਨਾ ਪੈਸਾ ਖਰਚ ਕਰਕੇ ਕਿਵੇਂ ਆ ਗਏ ਹੋ ਅਤੇ ਇਸ ਦੇ ਪਿੱਛੇ ਕੀ ਰਾਜ਼ ਹੈ? ਉਹਨਾਂ ਦੱਸਿਆ ਕਿ ਬਾਬਾ ਜੀ ਆਮ ਸਾਧਾਰਨ ਸੰਤ ਨਹੀਂ ਹਨ ਸਗੋਂ ਪੂਰਨ ਬ੍ਰਹਮਗਿਆਨੀ ਮਹਾਂਪੁਰਸ਼ ਹਨ ਜੋ ਕਿ ਇਸ ਮੌਜੂਦਾ ਸਮੇਂ ਵਿਚ ਇਹੋ ਹੀ ਨਜ਼ਰ ਆ ਰਹੇ ਹਨ। ਉਹਨਾਂ ਦੀ ਰੂਹਾਨੀ ਸਿਖਿਆ ਤੇ ਪ੍ਰਚਾਰ ਉਚੇ ਦਰਜੇ ਦਾ ਹੈ ਅਤੇ

ਉਹ ਆਪ ਵੀ ਪੂਰਨ ਹਨ। ਇਹ ਸਭ ਕੁਝ ਹੋਣ ਦੇ ਬਾਵਜੂਦ ਵੀ ਉਹ ਆਪਣੇ ਆਪ ਨੂੰ ਸੰਤ ਅਖਵਾਉਣ ਤੋਂ ਗੁਰੇਜ਼ ਕਰਦੇ ਹਨ ਅਤੇ ਸਾਨੂੰ ਸਾਰਿਆਂ ਨੂੰ ਪਿਤਾ ਵਾਲਾ ਪਿਆਰ ਦਿੰਦੇ ਹਨ ਅਤੇ ਬੱਚਿਆ ਵਾਂਗ ਸਮਝਦੇ ਹਨ। ਉਹਨਾਂ ਦੀ ਹਰ ਗੱਲ ਤੇ ਹਰ ਬਚਨ ਦਿਲ ਨੂੰ ਟੁੰਬਦਾ ਹੈ, ਪਿਆਰ ਭਰੀ ਤੱਕਣੀ ਸਭ ਦਾ ਮਨ ਮੋਹ ਲੈਂਦੀ ਹੈ ਅਤੇ ਅਸੀਂ ਉਹਨਾਂ ਦੇ ਹੀ ਬਣ ਕੇ ਰਹਿ ਗਏ ਹਾਂ। ਇਹੋ ਕਾਰਨ ਹੈ ਕਿ ਅਸੀਂ ਪਿਆਰ ਤੇ ਸ਼ਰਧਾ ਪਰਗਟਾਉਣ ਲਈ ਐਡੀ-ਐਡੀ ਦੂਰੋਂ ਪਹੁੰਚ ਕੇ ਉਹਨਾਂ ਦੀ ਸੰਗਤ ਦਾ ਅਨੰਦ ਮਾਣਿਆ ਹੈ, ਆਪਣੇ ਆਪ ਨੂੰ ਅਤੀ ਵਡਭਾਗੇ ਸਮਝਦੇ ਹਾਂ।

ਅੱਗੇ ਚਲ ਕੇ ਉਹਨਾਂ ਨੇ ਦੱਸਿਆ ਕਿ ਇਨੀ ਜਲਦੀ ਇਸ ਅਸਥਾਨ ਦੀ ਡਿਵੈਲਪਮੈਂਟ ਹੋ ਜਾਣੀ ਵੀ ਕਿਸੇ ਕਰਿਸ਼ਮੇ ਤੋਂ ਘੱਟ ਨਹੀਂ ਹੈ। ਇਨੇ ਥੋੜੇ ਸਮੇਂ ਵਿਚ ਕੋਈ ਵੀ ਪਰਾਈਵੇਟ ਏਜੰਸੀ ਇਸ ਕਾਰਜ ਨੂੰ ਸੰਪੰਨ ਕਰਨ ਦੇ ਸਮਰੱਥ ਨਹੀਂ ਸੀ। ਐਨੀ ਜਲਦੀ ਗੁਰਦਵਾਰਾ ਸਾਹਿਬ ਦੀ ਬਿਲਡਿੰਗ ਦਾ ਨਿਰਮਾਣ ਹੋ ਜਾਣਾ, ਸੰਗਤਾਂ ਦੇ ਹਫਤਾਵਾਰੀ ਦੀਵਾਨ ਲਈ ਐਨੇ ਵੱਡੇ ਪਰਮਾਨੈਂਟ 230X130 ਫੁੱਟ ਦਾ ਦੀਵਾਨ ਸ਼ੈਡ ਦਾ ਬਣਨਾ, ਯਾਤਰੂਆਂ ਦੇ ਠਹਿਰਨ ਲਈ ਨਵੀਂ ਤਿੰਨ ਮੰਜ਼ਲੀ ਬਿਲਡਿੰਗ ਦਾ ਤਿਆਰ ਹੋ ਜਾਣਾ, ਇਕ ਲੱਖ ਲੀਟਰ ਦੀ ਕਪੈਸਿਟੀ ਦੀ ਵਾਟਰ ਟੈਂਕੀ ਦਾ ਵਿਸਥਾਰ ਹੋ ਜਾਣਾ ਜਿਸ ਕਰਕੇ ਹਰ ਥਾਂ ਸ਼ੁਧ ਪਾਣੀ ਮਿਲਦਾ ਹੈ, ਅੰਦਰੂਨੀ ਸੜਕ ਪੱਕੀ ਕਰਨੀ, ਗੁਰਦਵਾਰਾ ਸਾਹਿਬ ਦੇ ਆਲੇ ਦੁਆਲੇ ਦੀ ਸਜਾਵਟ ਤੇ ਲੈਂਡ ਸਕੇਪਿੰਗ ਦਾ ਮੁਕੰਮਲ ਹੋਣਾ, ਪਾਣੀ ਦੀ 24 ਘੰਟੇ ਸਪਲਾਈ ਲਈ ਓਵਰਹੈਡ ਟੈਂਕ ਦਾ ਬਨਾਉਣਾ, ਆਤਮ ਮਾਰਗ ਦਫਤਰ ਦਾ ਕਾਰਜਕੁਸ਼ਲਤਾ ਸਹਿਤ ਇਥੇ ਸ਼ਿਫਟ ਕਰ ਦੇਣਾ, 24 ਤੋਂ ਵੱਧ ਪੁਸਤਕਾਂ ਬਾਬਾ ਜੀ ਦੁਆਰਾ ਲਿਖਤ ਤਿਆਰ ਹੋ ਜਾਣੀਆਂ ਤੇ ਇਨ੍ਹਾਂ ਦਾ ਅੰਗਰੇਜ਼ੀ ਤੇ ਹਿੰਦੀ ਅਨੁਵਾਦ ਕਰਵਾ ਦੇਣਾ, ਆਤਮ ਮਾਰਗ ਮੈਗਜ਼ੀਨ ਦਾ ਪ੍ਰਚਾਰ ਹੋਣਾ, ਆਡੀਓ-ਵੀਡੀਓ ਕੈਸਟਾਂ ਵਿਚ ਲਗਾਤਾਰ ਵਾਧਾ ਹੋਣਾ, ਰਾਜਪੁਰੇ ਕੇਂਦਰ ਵਿਚ ਸਕੂਲ ਸਥਾਪਿਤ ਕਰਨਾ, ਧਮੋਟ ਪਿੰਡ ਵਿਖੇ ਪਰਾਇਮਰੀ ਹੈਲਥ ਸੈਂਟਰ ਦੀ ਬਿਲਡਿੰਗ ਤਿਆਰ ਕਰ ਦੇਣੀ, ਦਾਉਦਪੁਰ ਵਿਖੇ ਹਾਈ ਸਕੂਲ ਦੇ ਸਾਇੰਸ ਕਮਰਿਆਂ ਦਾ ਨਿਰਮਾਣ, ਚਾਹੜ੍ਹਮਾਜਰੇ ਵਿਚ ਮਸਜਿਦ ਦਾ ਨਿਰਮਾਣ ਅਤੇ ਹੋਰ ਅਨੇਕਾਂ ਲੋਕ ਭਲਾਈ ਦੇ ਕਾਰਜਾਂ ਦਾ ਸੰਚਾਲਨ ਕਰਦੇ ਰਹਿਣਾ, ਇਹ ਸਭ ਕੁਝ ਬਾਬਾ ਜੀ ਦੀ ਸਾਇੰਟਿਫਿਕ ਸੋਚਣੀ ਅਤੇ ਦੂਰ ਅੰਦੇਸ਼ੀ ਅਤੇ ਬਹੁਪੱਖੀ ਸਖਸ਼ੀਅਤ ਦਾ ਪਰਤੱਖ ਪਰਮਾਣ ਹੈ।

ਉਨ੍ਹਾਂ ਦੱਸਿਆ ਕਿ ਸਾਨੂੰ ਇਹ ਜਾਣ ਕੇ ਖੁਸ਼ੀ ਹੋਈ ਹੈ ਕਿ ਆਉਣ ਵਾਲੇ ਸਮੇਂ ਵਿਚ ਜਲਦੀ ਹੀ ਬਾਬਾ ਜੀ ਨੇ ਰਤਵਾੜਾ ਸਾਹਿਬ ਵਿਖੇ ਉਚ ਪੱਧਰੀ ਇਨਫਰਮੇਸ਼ਨ ਟੈਕਨਾਲੋਜੀ ਦਾ ਇਕ ਇਨਸਟੀਚਿਊਟ ਖੋਲਣ ਦਾ ਬੀੜਾ ਚੁਕਿਆ ਹੈ ਜਿਸ ਦੇ ਮੁਢਲੇ ਪੜਾਅ ਵਿਚ ਥੋੜੇ ਸਮੇਂ ਲਈ ਹੋਣ ਵਾਲੇ (short term courses) ਕੋਰਸ ਖੋਲ੍ਹੇ ਜਾਣਗੇ ਜੋ ਕਿ ਨੌਜਵਾਨਾਂ ਨੂੰ ਨੌਕਰੀ ਦੇ ਅਵਸਰ ਪ੍ਰਾਪਤ ਕਰਨ ਲਈ ਸਹਾਈ ਹੋਣਗੇ। ਅਗਲੇ ਪੜਾਅ ਵਿਚ ਕੰਪਿਊਟਰ ਸਾਇੰਸ ਤੇ ਇੰਟਰਨੈਟ ਸਾਇੰਸ ਦੇ ਬੈਚੂਲਰ ਤੇ ਮਾਸਟਰ ਡਿਗਰੀ ਦੀ ਪੜ੍ਹਾਈ ਕਰਵਾਈ ਜਾਏਗੀ ਜਿਸ ਦੇ ਫਾਈਨਲ ਸਾਲ ਅਮਰੀਕਾ ਵਿਚ ਹੋਣਗੇ ਅਤੇ ਇਸ ਦੀ ਮੁਕੰਮਲਤਾ ਲਈ ਅਮਰੀਕਾ ਦੀ ਕਿਸੇ ਯੂਨੀਵਰਸਿਟੀ ਵਿਚ ਐਫਿਲੀਏਸ਼ਨ ਕੀਤੀ ਜਾਵੇਗੀ। ਜਿਸ ਨਾਲ NRI ਬੱਚੇ ਉਚੀ ਸਿਖਿਆ ਪ੍ਰਾਪਤ ਕਰਨ ਤੇ ਇਥੋਂ ਦੇ ਨੌਜਵਾਨਾਂ ਨੂੰ ਬਾਹਰਲੇ ਦੇਸ਼ ਵਿਚ ਪੜ੍ਹਾਈ ਕਰਨ ਤੇ ਨੌਕਰੀ ਕਰਨ ਦਾ ਅਵਸਰ ਪ੍ਰਾਪਤ ਹੋ ਸਕੇਗਾ। ਇਸ ਸੰਬੰਧ ਵਿਚ ਬਾਬਾ ਜੀ ਦੀ ਚੇਅਰਮੈਨਸ਼ਿਪ ਹੇਠ ਕੰਪਿਊਟਰ ਐਜੂਕੇਸ਼ਨ ਇਥੇ ਦੇ ਬੁੱਧੀਜੀਵੀਆਂ ਅਤੇ ਬਾਹਰ ਵਾਲਿਆਂ ਨਾਲ ਮੀਟਿੰਗ ਹੋ ਕੇ ਬਹੁਤ ਵਿਚਾਰ ਹੋ ਚੁੱਕੀ ਹੈ। NRI ਦੀ ਮੀਟਿੰਗ ਹੋ ਚੁਕੀ ਹੈ। ਇਨ੍ਹਾਂ ਸਾਰੇ ਪ੍ਰੇਮੀਆਂ ਨੇ ਬਾਬਾ ਜੀ ਨੂੰ ਭਰੋਸਾ ਦਿਵਾਇਆ ਹੈ ਕਿ ਉਹ ਇਸ ਇਨਸਟੀਚਿਊਟ ਦੀ ਸਥਾਪਨਾ ਲਈ ਹਰ ਪ੍ਰਕਾਰ ਦੀ ਸਹਾਇਤਾ ਲਈ ਬਚਨਬੱਧ ਹਨ ਅਤੇ ਉਹ ਇਹ ਸੇਵਾ ਕਰਕੇ ਬਾਬਾ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਕੇ ਉਨ੍ਹਾਂ ਦੀ ਕਿਰਪਾ ਦੇ ਪਾਤਰ ਬਣ ਸਕਣਗੇ।

ਇਸ ਸਮਾਗਮ ਦੀਆਂ ਝਲਕੀਆਂ ਤੇ ਘਟਨਾਵਾਂ ਨੂੰ ਸਾਕਾਰ ਕਰਨ ਲਈ ਅਮਰੀਕਾ ਸ਼ਿਕਾਗੋ ਤੋਂ ਛੱਪਣ ਵਾਲੇ ਵੀਕਲੀ ਅਖਬਾਰ Indian Reporter & World News ਦੇ ਪੱਤਰਕਾਰ ਸ. ਚੰਚਲ ਮਨੋਹਰ ਸਿੰਘ ਜੀ ਨੇ ਬਾਬਾ ਜੀ ਦੀ ਇੰਟਰਵਿਊ ਲੈ ਕੇ ਜਾਣਕਾਰੀ ਪ੍ਰਾਪਤ ਕੀਤੀ ਅਤੇ ਪਰਵਾਸੀਆਂ ਦੇ ਵਿਚਾਰ ਜਾਨਣ ਦੀ ਕੋਸ਼ਿਸ਼ ਕੀਤੀ ਕਿ ਕਿਹੜੀ ਖਿਚ ਉਹਨਾਂ ਨੂੰ ਆਪਣੇ ਦੇਸ਼ ਤੋਂ ਇਥੇ ਇੰਨੀ ਦੂਰ ਲੈ ਕੇ ਆਈ ਹੈ ਤੇ ਮਗਰੋਂ ਇਹ ਵਿਚਾਰ ਇਸ ਅਖਬਾਰ ਵਿਚ ਛਾਪ ਕੇ ਅਮਰੀਕਾ ਵਾਸੀਆਂ ਨਾਲ ਸਾਂਝੇ ਕੀਤੇ ਜਾਣਗੇ।

ਸਮਾਗਮ ਬਾਰੇ ਸਾਰੇ ਹੀ ਪ੍ਰੇਮੀਆਂ ਦਾ ਵਿਚਾਰ ਸੀ ਕਿ ਇਹ ਬਹੁਤ ਪ੍ਰਭਾਵਸ਼ਾਲੀ ਤੇ ਆਪਣੇ ਆਪ ਵਿਚ ਸਫਲ ਰਿਹਾ ਹੈ ਜਿਸ ਵਿਚ ਦੂਰ ਦੁਰਾਡੇ ਤੋਂ ਆਏ ਜਗਿਆਸੂਆਂ ਨੂੰ ਸਤਿਗੁਰੂ ਤੇ ਪ੍ਰਭੂ ਪ੍ਰੇਮ ਦਾ ਸਬਕ ਤਰੋ ਤਾਜ਼ਾ ਹੋ ਗਿਆ ਹੈ ਜੋ ਕਿ ਇਕ ਅਭੁਲ ਯਾਦ ਬਣ ਕੇ ਸਾਡੇ ਅੰਤਰਆਤਮੇ ਵਿਚ ਸਾਕਾਰ ਹੋ ਕੇ ਹਮੇਸ਼ਾ ਲਈ ਅਤੇ ਹਰ ਵਕਤ ਟੁੰਬਦਾ ਰਹੇਗਾ। ਇਥੇ ਵਰਨਣਯੋਗ ਹੈ ਕਿ ਸ. ਮਹਿੰਦਰ ਸਿੰਘ ਤੱਖੜ ਟੈਰੇਸ ਕੈਨੇਡਾ, ਤਰਸੇਮ ਸਿੰਘ ਬੈਂਸ, ਸਰੀ ਕੈਨੇਡਾ, ਸੀਤਲ ਸਿੰਘ (ਗਰੀਸ) ਸੀਤਲ ਇੰਟਰਨੈਸ਼ਨਲ ਸਟੋਰ ਮੋਹਾਲੀ ਵਾਲਿਆਂ ਨੇ ਆਤਮ ਮਾਰਗ ਦੀ ਲਾਈਫ ਮੈਂਬਰਸ਼ਿਪ, ਪੁਸਤਕਾਂ, ਫੋਟੋਆਂ, ਆਡੀਓ-ਵੀਡੀਓ ਕੈਸਟਾਂ ਪ੍ਰਾਪਤ ਕਰਨ ਲਈ ਸੰਗਤਾਂ ਨੂੰ 2 ਅਕਤੂਬਰ ਦੇ ਸਮਾਗਮ ਸਮਾਪਤੀ ਤਕ ਹਰ ਚੀਜ਼ ਲਈ ਆਪਣੇ ਵਲੋਂ ਅੱਧੀ ਕੀਮਤ ਅਦਾ ਕਰਨ ਦੀ ਪੇਸ਼ਕਸ਼ ਕੀਤੀ ਜਿਸ ਦਾ ਸਦਕਾ ਭਾਰੀ ਮਾਤਰਾ ਵਿਚ ਸੰਗਤ ਨੇ ਇਸ ਪ੍ਰਤੀ ਲਾਭ ਉਠਾਉਣ ਦਾ ਯਤਨ ਕੀਤਾ।

ਅਮਰੀਕਾ, ਇੰਗਲੈਂਡ ਅਤੇ ਕੈਨੇਡਾ ਵਾਲੇ ਪ੍ਰੇਮੀਆਂ ਨੇ ਰਲ ਕੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਹੁਣ ਦੁਬਾਰਾ ਨਾਮ ਦਾ ਛੱਟਾ ਦੇਣ ਦੀ ਕ੍ਰਿਪਾਲਤਾ ਕਰਨ ਜਦ ਕਿ ਆਸਟਰੇਲੀਆਂ ਤੋਂ ਪ੍ਰੇਮੀਆਂ ਨੇ ਅਰਜ਼ ਕੀਤੀ ਕਿ ਪਹਿਲਾਂ ਆਪ ਜੀ ਆਸਟਰੇਲੀਆਂ ਚਰਨ ਪਾ ਕੇ ਇਸ ਦੀ ਸ਼ੁਰੁਆਤ ਕਰਨ ਦੀ ਕ੍ਰਿਪਾਲਤਾ ਕਰੋ ਜਿਸ ਨਾਲ ਉਥੇ ਬੈਠੇ ਹੋਏ ਗੁਰਸਿਖ ਜਗਿਆਸੂ ਵੀ ਨਾਮ ਬਾਣੀ ਨਾਲ ਜੁੜ ਜਾਣ।

ਇਕ ਅਜੀਬ ਪਿਆਰ ਦਾ ਮੁਜੱਸਮਾ ਮੇਰੇ ਦੇਖਣ ਵਿਚ ਆਇਆ। ਜਦੋਂ ਬਾਬਾ ਜੀ ਤੇ ਬੀਜੀ 2 ਅਕਤੂਬਰ ਸ਼ਾਮ 7 ਵਜੇ ਦੇ ਕਰੀਬ ਫਾਰਨਰਜ਼ ਕੰਪਲੈਕਸ ਵਿਚ ਇਨ੍ਹਾਂ ਪ੍ਰੇਮੀਆਂ ਨੂੰ ਮਿਲਣ ਆਏ ਅਤੇ ਹਰ ਇਕ ਨੂੰ ਸਿਰੋਪਾ ਦੇ ਕੇ ਨਿਹਾਲ ਕੀਤਾ। ਸਾਰਿਆਂ ਦੇ ਨੇਤਰ ਸੇਜਲ ਸਨ ਅਤੇ ਕਈਆਂ ਦੇ ਅੱਖਾਂ ਵਿਚੋਂ ਪਿਆਰ ਰੂਪੀ ਜਲ ਦੀ ਧਾਰਾ ਵਹਿ ਕੇ ਅਮੁਕ ਹੋ ਰਹੀ ਸੀ। ਇਰਦ ਗਿਰਦ ਕਾਫੀ ਸੰਗਤ ਦਾ ਇਕੱਠ ਹੋ ਗਿਆ ਸੀ ਜੋ ਇਕ ਅਜੀਬ ਨਜ਼ਾਰਾ ਪੇਸ਼ ਕਰ ਰਿਹਾ ਸੀ। ਸੱਚ ਤਾਂ ਇਹ ਹੈ ਕਿ ਕੋਈ ਵੀ ਉਨ੍ਹਾਂ ਦੀ ਸੰਗਤ ਤੋਂ ਵਿਛੜਨਾ ਨਹੀਂ ਚਾਹੁੰਦਾ ਕਿਉਂਕਿ ਮਹਾਂਪੁਰਸ਼ ਐਸੇ ਰੂਹਾਨੀ ਪਿਆਰ ਦੇ ਸਾਗਰ ਹਨ ਜੋ ਕਿ ਨਸਲ, ਦੇਸ਼, ਕੌਮ ਦੀਆਂ ਸਾਰੀਆਂ ਹੱਦਾਂ ਨੂੰ ਟੱਪ ਕੇ ਸਾਰੇ ਸੰਸਾਰ ਨੂੰ ਕਲਾਵੇ ਵਿਚ ਲੈਣਾ ਚਾਹੁੰਦਾ ਹੈ। ਉਹ ਸਹੀ ਅਰਥਾਂ ਵਿਚ ਗੁਰੂ ਗਰੰਥ ਸਾਹਿਬ ਦੇ ਮਹਾਨ ਖਜ਼ਾਨੇ ਵਿਚੋਂ ਰੂਹਾਨੀਅਤ ਦੀ ਸੋਧ ਬਖਸ਼ ਕੇ ਸਭ ਨੂੰ ਸਤਿ ਚਿਤ ਅਨੰਦ ਦੇਸ਼ ਪਹੁੰਚਾਉਣਾ ਚਾਹੁੰਦੇ ਹਨ।

***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥***
***ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥***

***ਪੰਨਾ – 749***

**LLLLLL**

(ਪੰਨਾ 49 ਦੀ ਬਾਕੀ)

ਕਰ ਰਹੀਆਂ ਹਨ। ਡੱਕੇ ਵਾਂਗ ਹਿਲਦਾ ਹੈ, ਕੋਈ ਕੰਮ ਨਹੀਂ ਕਰ ਸਕਦਾ, ਜੇ ਜਰਦਾ ਖਾਏਗਾ ਤਾਂ ਹੀ ਕੋਈ ਕੰਮ ਕਰੇਗਾ। ਮੈਂ ਕਹਿੰਦਾ ਕਿ ਭਾਈ ਇਨ੍ਹਾਂ ਨੂੰ ਚਾਰ ਕਿਲੋ ਘਿਓ ਖਿਲਾਓ, ਇਸ ਦੀ ਭਲਕ ਜਿਹੀ ਹਟ ਜਾਵੇ ਨਹੀਂ ਤਾਂ ਇਹ ਬੁਰੀ ਤਰ੍ਹਾਂ ਨਸ਼ੇ ਦੇ ਕਾਬੂ ਆ ਗਿਆ। ਆਹ ਜਿਹੜੇ brown sugar ਖਾ ਲੈਂਦੇ ਹਨ ਜੇ ਦੋ ਦਿਨ ਖਾ ਲੈਣ ਤਾਂ ਮੁੜ ਕੇ ਨਹੀਂ ਹਟ ਸਕਦੇ। ਫੇਰ ਚੀਕਾਂ ਮਾਰਦੇ ਹਨ ਜੇ ਨਾ ਮਿਲੇ। ਪੁਲਿਸ ਉਨ੍ਹਾਂ ਨੂੰ ਸਵਾ ਮਹੀਨਾ ਅੰਦਰ ਰਖਦੀ ਹੈ, ਕਿਸੇ ਨੂੰ ਨਹੀਂ ਮਿਲਣ ਦਿੰਦੀ ਤਾਂ ਜਾ ਕੇ ਉਹ ਠੀਕ ਹੁੰਦੇ ਨੇ। ਆਪਣੇ ਸਰੀਰ ਦੇ ਵੈਰੀ ਬਣਨਾ ਹੈ? ਸੋ ਇਹ ਤੰਬਾਕੂ ਹੋਇਆ, ਸ਼ਰਾਬ ਹੋਈ ਇਨ੍ਹਾਂ ਦਾ ਕਿੰਨਾ ਮਾੜਾ ਨਤੀਜਾ ਹੈ ਫੇਰ ਪੀਈ ਜਾਂਦੇ ਹਨ। ਮਹਾਰਾਜ ਜੀ ਕਹਿੰਦੇ, ਫੇਰ ਇਨ੍ਹਾਂ ਨੂੰ ਬੰਦੇ ਕਹਿੰਦੇ ਓ? ਬੰਦੇ ਨਾ ਕਹੋ ਇਹ ਤਾਂ ਢੋਰ ਨੇ, ਪਸ਼ੂ ਨੇ। ਬੰਦੇ ਨਾ ਸਮਝਣ ਇਹ ਲੋਕ ਆਪਣੇ-ਆਪ ਨੂੰ, ਪਸ਼ੂ ਸਮਝਿਆ ਕਰਨ, ਖੁਰਲੀਆਂ ਤੇ ਖਾਣਾ ਖਾਇਆ ਕਰਨ।

**LLLLLL** ***'ਚਲਦਾ'***

(ਪੰਨਾ 49 ਦੀ ਬਾਕੀ)

ਗੁਰੂ ਨਾਨਕ ਪਾਤਸ਼ਾਹ ਦਾ ਉਪਦੇਸ਼ ਨਾ ਤਾਂ ਛੇਆਂ ਸ਼ਾਸਤਰਾਂ ਨਾਲ ਪੂਰੀ ਤਰ੍ਹਾਂ ਮਿਲਦਾ ਹੈ ਅਤੇ ਨਾ ਹੀ ਵੱਖ ਹੈ। ਜਿਥੋਂ ਤਕ ਸ਼ਾਸਤਰਾਂ ਦੀ ਪਹੁੰਚ ਹੈ ਉਨ੍ਹਾਂ ਦੀ ਸਤਿ ਖੋਜ ਨੂੰ ਕਿਵੇਂ ਝੁਠਲਾਇਆ ਜਾ ਸਕਦਾ ਹੈ ਕਿਉਂਕਿ ਸਤਿ ਤਾਂ ਸਤਿ ਹੀ ਹੁੰਦਾ ਹੈ। ਜਿਥੇ ਤੀਕਰ ਉਨ੍ਹਾਂ ਦੀ ਪਹੁੰਚ ਹੈ ਉਸ ਤੋਂ ਅੱਗੇ ਗੁਰੂ ਮਹਾਰਾਜ ਜੀ ਨੇ ਪ੍ਰੇਮਾ ਭਗਤੀ ਰਾਹੀਂ ਅਤੇ ਨਾਮ ਮਾਰਗ ਰਾਹੀਂ ਸਤਿ ਦੀ ਅੰਤਿਮ ਸੀਮਾਂ ਤਕ ਪਹੁੰਚਣ ਦਾ ਮਾਰਗ ਪ੍ਰਤੱਖ ਪ੍ਰਗਟ ਕੀਤਾ ਹੈ ਅਤੇ ਆਪ ਜੀ ਫੁਰਮਾਨ ਕਰਦੇ ਹਨ –

***ਅਬ ਕਲੂ ਆਇਓ ਰੇ॥ ਇਕੁ ਨਾਮੁ ਬੋਵਹੁ ਬੋਵਹੁ॥***
***ਅਨ ਰੂਤਿ ਨਾਹੀ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥***

***ਪੰਨਾ – 1185***

ਆਪ ਨੇ ਸਾਰੀ ਸ੍ਰਿਸ਼ਟੀ ਨੂੰ ਅਦ੍ਵੈਤਵਾਦ ਦਾ ਸ਼ੰਦੇਸਾ ਦਿਤਾ ਅਤੇ ਨਾਲ ਹੀ ਇਹ ਵੀ ਪ੍ਰਗਟ ਕੀਤਾ ਕਿ ਬੁੱਧੀ ਮੰਡਲ ਦੀਆਂ ਉਡਾਰੀਆਂ ਪ੍ਰਭੂ ਮੰਡਲ ਤਕ ਨਹੀਂ ਪਹੁੰਚ ਸਕਦੀਆਂ ਕਿਉਂਕਿ ਪ੍ਰਾਕ੍ਰਿਤੀ ਦੀ ਆਖਰੀ ਹੱਦ ਤਕ ਬੁਧੀ ਦੇ ਫੰਘ ਝੜ ਜਾਂਦੇ ਹਨ ਅਤੇ ਪੰਖਹੀਨ ਹੋਈ ਬੁੱਧੀ ਡੋਰੋਂ ਟੁੱਟੀ ਪਤੰਗ ਵਾਂਗ ਗੋਤੇ ਖਾਂਦੀ ਹੈ। ਉਨ੍ਹਾਂ ਨੇ ਪ੍ਰਭੂ ਵਿਚ ਲੀਨਤਾ ਪ੍ਰਾਪਤ ਕਰਨ ਦਾ ਮਾਰਗ ਪੂਰੇ ਸਤਿਗੁਰੂ ਉਪਰ ਪੂਰਨ ਵਿਸ਼ਵਾਸ਼, ਪੂਰੇ ਸਤਿਗੁਰੂ ਤੋਂ ਨਾਮ ਦੀ ਪ੍ਰਾਪਤੀ ਦੇ ਬਚਨਾਂ ਦੀ ਕਮਾਈ, ਦ੍ਰਿੜ੍ਹਤਾ ਸੇਵਾ ਅਤੇ ਸਮਰੱਥ ਗੁਰੂ ਦੀ ਮਿਹਰ ਭਰੀ ਨਦਰਿ ਦਸਿਆ, ਜਿਸ ਨਾਲ ਇਹ ਜੀਵ ਦੀ ਹਉਮੈ ਦਾ ਨਾਸ਼ ਹੋ ਕੇ ਇਸ ਦੇ ਮਮਤ੍ਵ ਭਾਵ ਦਾ ਨਾਸ਼ ਹੋ ਕੇ ਆਪਣਾ ਸਰੂਪ ਪਹਿਚਾਨਿਆ ਜਾਂਦਾ ਹੈ, ਜੋ ਜੀਵ ਦਾ ਸ਼ੁਧ ਸਰੂਪ 'ਆਤਮਾ' ਕਹਾਉਂਦਾ ਹੈ। ਆਤਮਾ ਪ੍ਰਮਾਤਮਾ ਗੁਰੂ ਦੀ ਦਇਆ ਨਾਲ ਇਕਮਿਕ ਹੋ ਜਾਇਆ ਕਰਦੇ ਹਨ ਅਤੇ ਇਹ ਜੀਵ ਸੋਹੰ ਦੀ ਅਵਸਥਾ ਪ੍ਰਾਪਤ ਕਰਕੇ ਆਪ ਹੀ ਪ੍ਰਮੇਸ਼ਰ ਹੋ ਜਾਇਆ ਕਰਦਾ ਹੈ। ਇਸ ਸੰਸਾਰ ਵਿਚ ਦੂਜਾ ਕੋਈ ਨਹੀਂ, ਸਾਰੇ ਪ੍ਰਭੂ ਹੁਕਮ ਦੀ ਕ੍ਰਿਆ ਹੋ ਰਹੀ ਹੈ ਪਰ ਇਹ ਜੀਵ ਅਗਿਆਨ ਵਸ ਹੰਗਤਾ ਤੇ ਮਮਤਾ ਧਾਰ ਕੇ ਕਰਮ ਜਾਲ ਵਿਚ ਫਸ ਜਾਂਦਾ ਹੈ ਅਤੇ ਭਟਕਦਾ ਰਹਿੰਦਾ ਹੈ। ਜਦੋਂ ਤਕ ਸਮਰੱਥ ਗੁਰੂ ਦੀ ਪ੍ਰਾਪਤੀ ਨਹੀਂ ਹੁੰਦੀ, ਉਨੀਂ ਦੇਰ ਤਕ ਇਸ ਦੀ ਕਲਿਆਣ ਨਹੀਂ ਹੁੰਦੀ।

ਗੁਰੂ ਨਾਨਕ ਪਾਤਸ਼ਾਹ ਦਾ ਪ੍ਰਕਾਸ਼ ਉਤਸਵ ਆਪਣੀ-ਆਪਣੀ ਸ਼ਰਧਾ ਮੁਤਾਬਿਕ ਅਨੇਕ ਜਗਿਆਸੂ, ਅਨੇਕ ਤਰ੍ਹਾਂ ਨਾਲ ਮਨਾ ਰਹੇ ਹਨ ਪਰ ਸਭ ਤੋਂ ਸ਼੍ਰੇਸ਼ਟ ਉਹ ਹਨ ਜੋ ਗੁਰੂ ਦੇ ਸਿਧਾਂਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਹੰਸਾਂ ਵਾਂਗੂੰ ਚੁੱਭੀਆਂ ਮਾਰ ਕੇ ਉਚੇ ਆਦਰਸ਼ਾਂ ਤੋਂ ਜਾਣੂ ਹੋ ਕੇ ਪਰਮ ਪਦ ਦੀ ਪ੍ਰਾਪਤੀ ਕਰਨ।

**LLLLLL**

# 10ਵਾਂ ਮਹਾਨ ਗੁਰਮਤਿ ਸਮਾਗਮ (ਇਕ ਪੰਛੀ ਝਾਤ)

## ਹਰਿ ਜਨ ਰਾਮ ਰਾਮ ਰਾਮ ਧਿਆਂਏ॥
## ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਏਂ॥

ਦਸਵੇਂ ਮਹਾਨ ਗੁਰਮਤਿ ਸਮਾਗਮ ਦੇ ਚਾਰੋਂ ਦਿਨ 29, 30 ਸਤੰਬਰ ਅਤੇ 1, 2 ਅਕਤੂਬਰ ਅਤਿ ਸੁੰਦਰ ਸਜੇ ਧਜੇ ਪੰਡਾਲ ਵਿਚ ਅੰਮ੍ਰਿਤ ਵੇਲੇ ਤੋਂ ਹੀ ਨਾਮ ਸਿਮਰਨ ਅਤੇ ਆਸਾ ਦੀ ਵਾਰ ਦੇ ਮਨੋਹਰ ਕੀਰਤਨ ਸਾਰੇ ਵਾਤਾਵਰਣ ਨੂੰ ਸਵੱਛ ਅਤੇ ਸੁਗੰਧਿਤ ਕਰਦੇ ਰਹੇ। ਬਖਸ਼ੀਆਂ ਹੋਈਆਂ ਰੂਹਾਂ ਗੁਰੂ ਦੇ ਬਚਨਾਂ 'ਝਾਲਾਂਘੈ ਉਠਿ ਨਾਮ ਜਪ' ਅਨੁਸਾਰ ਕਮਾਈ ਕਰਕੇ ਨਿਹਾਲ ਹੁੰਦੀਆਂ ਰਹੀਆਂ। ਅੰਮ੍ਰਿਤ ਵੇਲੇ ਦੇ ਦੀਵਾਨਾਂ ਵਿਚ ਵਿਸ਼ੇਸ਼ ਤੌਰ ਤੇ ਭਾਈ ਲਖਵੀਰ ਸਿੰਘ ਜੀ, ਭਾਈ ਹਰਪਾਲ ਸਿੰਘ ਜੀ, ਭਾਈ ਗੁਰਦੀਪ ਸਿੰਘ ਖੁਫੀਆ ਨੰਗਲ ਯੂ. ਪੀ. ਵਾਲੇ, ਭਾਈ ਪਾਲ ਸਿੰਘ, ਭਾਈ ਗੁਰਪਾਲ ਸਿੰਘ ਸਾਲਾਪੁਰ, ਸ਼ਬਦ ਗਾਇਨ ਅਤੇ ਪ੍ਰਸੰਗ ਵਿਆਖਿਆ ਰਾਹੀਂ ਸੰਗਤਾਂ ਵਿਚ ਗੁਰੂ ਪਿਆਰ ਦੀ ਭਾਵਨਾ ਦ੍ਰਿੜ ਕਰਵਾ ਕੇ ਸਭ ਨੂੰ ਗੁਰੂ ਚਰਨਾਂ ਨਾਲ ਜੋੜਦੇ ਰਹੇ। ਨਾਮ ਸਿਮਰਨ ਅਤੇ ਆਸਾ ਦੀ ਵਾਰ ਦਾ ਸਮਾਂ ਅੰਮ੍ਰਿਤ ਵੇਲੇ 3.00 ਵਜੇ ਤੋਂ ਸਵੇਰੇ 6.00 ਵਜੇ ਤੱਕ ਹੁੰਦਾ ਸੀ।

8.00 ਵਜੇ ਸਵੇਰੇ ਤੋਂ 4.30 ਵਜੇ ਸ਼ਾਮ ਤੱਕ ਮੁੱਖ ਦੀਵਾਨ ਸੱਜਦੇ ਰਹੇ ਜਿਸ ਵਿਚ ਵੱਖ-ਵੱਖ ਇਲਾਕਿਆਂ ਤੋਂ ਆਏ ਸੰਤ ਮਹਾਤਮਾ, ਪ੍ਰਭੂ-ਪ੍ਰੀਤਵਾਨ ਅਨੁਭਵੀ ਮਹਾਂਪੁਰਸ਼ ਪ੍ਰੇਮਾ ਭਗਤੀ ਦੇ ਅਨੁਭਵ ਸੰਗਤਾਂ ਨਾਲ ਸਾਂਝੇ ਕਰਦੇ ਰਹੇ। ਸ਼ਬਦ-ਗਾਇਨ ਰਾਹੀਂ, ਸ਼ਬਦਾਂ ਦੀ ਵਿਆਖਿਆ ਰਾਹੀਂ ਅਤੇ ਇਤਿਹਾਸਕ ਪ੍ਰਸੰਗਾ ਰਾਹੀਂ ਸੰਗਤਾਂ ਨੂੰ ਪ੍ਰੇਮਾ-ਭਗਤੀ ਵਿਚ ਮੁਗਧ ਕਰਦੇ ਰਹੇ। ਮਿੱਤੀ 29 ਸਤੰਬਰ 2000 ਨੂੰ ਪਹਿਲਾ ਦੀਵਾਨ ਸਵੇਰੇ 8.25 ਵੱਜੇ ਭਾਈ ਕੁਲਦੀਪ ਸਿੰਘ ਨਿਹੰਗ ਸਿੰਘ ਦੇ ਅੰਮ੍ਰਿਤਮਈ ਕੀਰਤਨ ਨਾਲ ਪ੍ਰਾਰੰਭ ਹੋਇਆ। ਉਪਰੰਤ ਭਗਤ ਤ੍ਰਲੋਚਨ ਸਿੰਘ ਨੇ 'ਗੁਰਬਾਣੀ ਗਾਵੋ ਭਾਈ' ਦੀ ਧੁਨਿ ਲਾਈ। 9.00 ਵੱਜੇ ਤੋਂ ਇਕ ਘੰਟੇ ਲਈ ਭਾਈ ਗੁਰਮੁਖ ਸਿੰਘ ਯੂ.ਪੀ. ਪਲੀਆ ਨੇ ਮਨੋਹਰ ਕੀਰਤਨ ਵਿਖਿਆਨ ਕੀਤਾ। ਇਕ ਸ਼ਬਦ ਦੀ ਹਾਜ਼ਰੀ ਬਾਬਾ ਦਲੀਪ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਨੇ ਭਰੀ। ਭਾਈ ਗੁਰਦੀਪ ਸਿੰਘ ਯੂ.ਪੀ. ਖੁਫੀਆ ਨੰਗਲ ਵਾਲੇ ਅਤੇ ਭਾਈ ਪਾਲ ਸਿੰਘ ਯੂ.ਪੀ. ਵਾਲਿਆਂ ਨੇ, 'ਨਾਮ ਜਪੋ ਮੇਰੇ ਸਾਜਨ ਸੈਨਾ' ਅਤੇ ***'ਜਿਸੁ ਵਖਰਿ ਕੋ ਲੈਨਿ ਤੂ ਆਇਆ'*** ਸ਼ਬਦਾਂ ਦਾ ਰਸ ਭਰਿਆ ਗਾਇਨ ਕੀਤਾ।

ਇਸ ਮਹਾਨ ਗੁਰਮਤਿ ਸਮਾਗਮ ਵਿਚ ਮਹਾਂਪੁਰਸ਼ਾਂ ਵਲੋਂ ਕੀਰਤਨ ਅਤੇ ਵਿਚਾਰ ਲਈ ਵਿਸ਼ਾ ਰਖਿਆ ਸੀ - ***'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ'*** ਡਾ. ਬੀਬੀ ਬਲਵਿੰਦਰ ਕੌਰ ਚਹਿਲ ਨੇ ਇਸ ਨੂੰ ਆਪਣੇ ਭਾਸ਼ਨ ਦਾ ਵਿਸ਼ਾ ਬਣਾਇਆ। ਦੂਜੇ ਦਿਨ ਆਪਨੇ ਬਾਬਾ ਜੀ ਅਤੇ ਬੀਜੀ ਦੀ ਘਾਲਨਾ ਅਤੇ ਕੁਰਬਾਨੀਆਂ ਦਾ ਵੇਰਵਾ ਦਸਿਆ। ਅਗਲੇ ਦੀਵਾਨਾਂ ਵਿਚ ਆਪ ਜੀ ਨੇ ਰਤਵਾੜਾ ਸਾਹਿਬ ਦਾ ਇਤਿਹਾਸ ਦਸਿਆ ਅਤੇ ਸਪਸ਼ਟ ਕੀਤਾ ਕਿ ਬਾਬਾ ਜੀ ਇਕ ਬਖਸ਼ੀ ਹੋਈ ਆਤਮਾ ਹਨ, ਉਨ੍ਹਾਂ ਨੇ ਲੱਖਾਂ ਹੀ ਵਿਅਕਤੀਆਂ ਨੂੰ ਜੀਵਨ ਦਾਤ ਬਖਸ਼ੀ ਹੈ ਅਤੇ ਅਨੇਕਾਂ ਪਰਉਪਕਾਰ ਕੀਤੇ ਹਨ।

ਆਚਾਰੀਆ ਬੀਬੀ ਸਵਾਮੀ ਪ੍ਰੀਤਮ ਜੋਤੀ ਹਰੀ ਜੀ ਅੰਮ੍ਰਿਤਸਰ ਵਾਲਿਆਂ ਨੇ ਚਾਰੋਂ ਦਿਨ ਆਪਣੇ ਵਿਦਵਤਾ ਅਤੇ ਅਨੁਭਵ ਭਰਪੂਰ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ। ਆਪ ਜੀ ਦੇ ਬੋਲਣ ਦਾ ਵਿਸ਼ਾ ਸੀ -

***'ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਹਾਂ ਅੰਤਰ ਸੁਰਤਿ ਗਿਆਨ॥'***

ਆਪ ਜੀ ਨੇ ਸੰਸਕ੍ਰਿਤ ਦੇ ਇਕ ਸ਼ਲੋਕ ਰਾਹੀਂ ਆਪਣਾ ਪਹਿਲਾ ਭਾਸ਼ਨ ਆਰੰਭ ਕੀਤਾ। ਆਪ ਜੀ ਨੇ ਦਸਿਆ ਕਿ 'ਬੇਗਮਪੁਰਾ' ਵਾਸੀਆ ਗੁਰਮੁਖਾਂ ਪ੍ਰਤੀ, ਸ਼ਲੋਕਾਂ ਤੋਂ ਵਧੀਕ ਵਿਚ ਗੁਰੂ ਮਹਾਰਾਜ ਜੀ ਨੇ ਇਹ ਦ੍ਰਿਸ਼ਟਾਂਤ ਲਿਆ ਹੈ ਕਿ ਗੁਰਮੁਖਾਂ ਦੀ ਕਹਿਣੀ, ਬਹਿਣੀ, ਰਹਿਣੀ ਵਰਤੋਂ ਵਿਹਾਰ ਵਿਚ ਬੁਢੇਪਾ ਵਿਆਪਕ ਨਹੀਂ ਹੁੰਦਾ। ਗੁਰਬਾਣੀ ਵਿਚ ਜ਼ਿੰਦਗੀ ਦੇ ਤਿੰਨ ਪੜਾ ਦੱਸੇ ਹਨ - ਬਾਲ, ਜਵਾਨੀ ਅਤੇ ਬਿਰਧ ਅਵਸਥਾ। ਮਨੁੱਖ ਪ੍ਰਾਪਤ ਗਿਆਨ ਅਨੁਸਾਰ ਇਹ ਯਾਤਰਾ ਸੰਪੰਨ ਕਰਦਾ ਹੈ। ਯਾਤਰੀ ਦਾ ਸਦਾ ਹੀ ਮੰਜ਼ਲ ਨਾਲ ਸੰਬੰਧ ਜੁੜਿਆ ਹੁੰਦਾ ਹੈ। ਇਹ ਯਾਤਰਾ ਲੰਮੀ ਹੈ ਪਰ ਦੁਖਾਂਤ ਇਹ ਹੈ ਕਿ ਆਪਣੀ ਮੰਜ਼ਲ ਤੇ ਬੈਠਾ ਵਿਅਕਤੀ ਨਸ਼ੇ ਵਿਚ, ਸੁਪਨੇ ਵਿਚ, ਬੇਹੋਸ਼ੀ ਵਿਚ, ਆਪਣੇ ਆਪ ਨੂੰ ਮੰਜ਼ਲ ਤੋਂ ਦੂਰ, ਬਹੁਤ ਦੂਰ ਸਮਝ ਰਿਹਾ ਹੈ। ਐਸੇ ਪ੍ਰਾਣੀ ਲਈ ਕੀ ਕੀਤਾ ਜਾਵੇ ? ਜਿਵੇਂ ਫੁਰਮਾਨ ਹੈ -

***ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥***
***ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥***
***ਪੰਨਾ - 657***

ਮਨੁੱਖ ਪ੍ਰਭੂ ਜੋਤਿ ਹੈ, ਉਸਦੀ ਅੰਸ਼ ਹੈ, ਉਸ ਅੰਦਰ ਪ੍ਰਭੂ ਦੇ ਸਾਰੇ ਗੁਣ ਵਿਦਮਾਨ ਹਨ, ਗੁਰਮੁਖਿ ਉਹ ਹੈ ਜੋ ਗੁਰੂ ਦੇ ਸਨਮੁਖ ਰਹਿੰਦਾ ਹੈ ਗੁਰੂ ਦੇ ਸਨਮੁਖ ਰਹਿਆਂ ਇਹ ਯਾਤਰਾ ਸੌਖੀ ਹੋ ਜਾਂਦੀ ਹੈ।

ਇਸ ਅੰਤਰੀਵ ਯਾਤਰਾ ਵਿਚ 'ਹਉਮੈ' ਸਭ ਤੋਂ ਵੱਡੀ ਰੁਕਾਵਟ ਹੈ। ਗੁਰਸਿਖ ਬਣਨ ਨਾਲ, ਗੁਰਮੁਖ ਬਣਨ ਨਾਲ ਹੀ ਹਉਮੈ ਤੋਂ ਮੁਕਤ ਹੋਇਆ ਜਾ ਸਕਦਾ ਹੈ। ਗੁਰਮੁਖ ਸਰੀਰ ਨਹੀਂ ਹੁੰਦਾ, ਰੂਹ ਦੀ ਉਚੀ ਅਵਸਥਾ ਸ਼ੁਧ ਆਤਮਾ ਹੁੰਦਾ ਹੈ। ਗੁਰਮੁਖ ਵਿਦੇਹ ਹੁੰਦੇ ਹਨ, ਬ੍ਰਹਮਗਿਆਨੀ ਹੁੰਦੇ ਹਨ, ਸਰੀਰ ਤੋਂ ਉਪਰ ਉਠ ਜਾਂਦੇ ਹਨ। ਆਪਣੇ ਅਸਲ ਸਰੂਪ ਦੀ ਪਛਾਣ ਕਰ ਲੈਂਦੇ ਹਨ, ਫਿਰ ਨਾ ਜਨਮ ਹੈ ਨਾ ਮਰਣ ਹੈ, ਨਾ ਕਿਤੇ ਆਉਂਦਾ ਹੈ ਨਾ ਜਾਉਂਦਾ ਹੈ। ਉਹ ਜੀਵਨ ਵਿਚ ਵਿਚਰਦੇ ਜੀਵਨ ਮੁਕਤਿ ਹੋ ਜਾਂਦੇ ਹਨ। ਗੁਰੂ ਦੇ ਹੋ ਕੇ

ਕ੍ਰਿਆਸ਼ੀਲ ਹੁੰਦੇ ਹਨ, ***'ਕਬੀਰ ਮੇਰਾ ਮੁਝ ਮਹਿ ਕਿਛੁ ਨਹੀ, ਜੋ ਕਿਛੁ ਹੈ ਸੋ ਤੇਰਾ॥ ਪੰਨਾ - 1375***

ਗੁਰੂ ਨੂੰ ਪੂਰੀ ਤਰ੍ਹਾਂ ਸਮਰਪਤ ਹੁੰਦੇ ਹਨ, ਹਉਂ ਦੀ ਲੇਸ ਵੀ ਨਹੀਂ ਹੁੰਦੀ। ਉਨ੍ਹਾਂ ਨੂੰ ਸਾਰਾ ਸੰਸਾਰ ਆਪਣਾ ਪਰਿਵਾਰ ਲਗਦਾ ਹੈ, ***'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥ ਪੰਨਾ - 97'*** ਅਨੁਸਾਰ ਉਹ ਸਭ ਨਾਲ ਪਿਆਰ ਕਰਦੇ ਹਨ। ਉਨ੍ਹਾਂ ਦੀ ਸੁਰਤਿ, ਸਮਝ, ਹੋਸ਼ ਜਾਗ੍ਰਿਤ ਹੋ ਜਾਂਦੀ ਹੈ ਅਤੇ ਉਹ ਬੁਢੇਪੇ ਵਿਚ, ਕਮਜੋਰੀ ਵਿਚ ਵਿਕਾਰਾਂ ਵਿਚ ਨਹੀਂ ਜਾਂਦੇ। ਰਹਿਣੀ ਵਿਚ ਰਹਿੰਦੇ ਹਨ, ਉਚੀ ਸੁਰਤਿ, ਪ੍ਰਭੂ ਪਿਆਰ ਵਿਚ ***'ਨਾਨਕ ਭਗਤਾ ਸਦਾ ਵਿਗਾਸ'*** ਵਾਲੀ ਅਵਸਥਾ ਵਿਚ ਵਿਚਰਦੇ ਹਨ।

30.9.2000 ਦੇ ਦੀਵਾਨ ਵਿਚ ਆਪਣੇ ਵਿਚਾਰਾਂ ਦੀ ਲੜੀ ਨੂੰ ਅੱਗੇ ਤੋਰਦਿਆਂ ਸਵਾਮੀ ਜੋਤੀ ਹਰੀ ਨੇ ਗੁਰੂ ਦਾ ਸੰਕਲਪ ਸਪਸ਼ਟ ਕੀਤਾ। ਗੁਰੂ ਦਾ ਭਾਵ ਹੈ ਉਹ ਮਹਾਨ ਪੁਰਸ਼ ਜੋ ਮਨ ਦਾ ਅੰਧੇਰਾ ਦੂਰ ਕਰ ਦੇਵੇ, ਗਿਆਨ ਦਾ ਪ੍ਰਕਾਸ਼ ਕਰ ਦੇਵੇ, ਜਿਸ ਨਾਲ ਵਸਤੂਆਂ ਦਾ ਸਹੀ ਰੂਪ ਅਤੇ ਲਕਸ਼ ਦ੍ਰਿਸ਼ਟੀ ਵਿਚ ਆ ਜਾਵੇ। ਗੁਰੂ ਗ੍ਰੰਥ ਸਾਹਿਬ, 'ਪ੍ਰਗਟ ਗੁਰਾਂ ਦੀ ਦੇਹ ਹੈ' ਇਹ ਗਿਆਨ ਦਾ ਸਾਗਰ ਹਨ। ਗੁਰੂ ਨਾਨਕ ਗਿਆਨ ਝੁੱਲ ਨਿਆਈ ਸਾਰੇ ਸੰਸਾਰ ਨੂੰ ਗਿਆਨ ਬਖਸ਼ ਰਿਹਾ ਹੈ। ਗੁਰੂ ਮਹਾਰਾਜ ਬਾਣੀ ਵਿਚ ਸਾਡੇ ਸਭ ਤੋਂ ਵੱਡੇ ਰੋਗ ਦਾ ਅਤੇ ਦਾਰੂ ਦਾ ਜ਼ਿਕਰ ਕਰਦੇ ਹਨ

***ਸੰਤਹੁ ਇਹਾ ਬਤਾਵਹੁ ਕਾਰੀ॥***
***ਜਿਤੁ ਹਉਮੈ ਗਰਬੁ ਨਿਵਾਰੀ॥ ਪੰਨਾ - 616***

ਐਸੀ ਦਸ਼ਾ ਵਿਚ ਗਿਆਤਾ ਗਿਆਨ ਗੇਯ ਇਕ ਰੂਪ ਹੋ ਜਾਂਦੇ ਹਨ। 'ਸ਼ਬਦ ਗੁਰੂ ਸੁਰਤਿ ਧੁਨ ਚੇਲਾ' ਅਨੁਸਾਰ ਸੁਰਤਿ ਹਉਮੈ ਵਿਚੋਂ ਨਿਕਲ ਕੇ ਗੁਰੂ ਵਿਚ, ਸ਼ਬਦ ਵਿਚ ਜਾ ਸਮਾਂਦੀ ਹੈ। ਗੁਰੂ ਅਮਰਦਾਸ 'ਗਾਗਰ ਸਿਰ ਤੇ ਚੱਕੀ ਧਿਆਨ ਰਖਦੇ ਸੀ ਕਦੇ ਗੁਰੂ ਵੱਲ ਪਿਠ ਨ ਹੋ ਜਾਵੇ ਪਰ ਅਸੀਂ ਪਿਠ ਕਰਕੇ ਬੈਠੇ ਹਾਂ - ਗੁਰੂ ਦੇ ਸਨਮੁਖ ਨਹੀਂ ਹੁੰਦੇ। ਮਨਮੁਖ - ਇੰਦ੍ਰੀਆਂ ਵੱਲ ਬ੍ਰਹਮੰਡ ਵੱਲ ਪ੍ਰੇਰਤ ਹੁੰਦੇ ਹਨ, ਗੁਰਮੁਖ - ਗੁਰੂ ਵੱਲ ਧਿਆਨ ਜੋੜਦੇ ਹਨ ਅਤੇ ਰਹਿਣੀ, ਬਹਿਣੀ, ਕਹਿਣੀ ਵਿਚ ਗੁਰੂ ਹਾਜ਼ਰੀ ਵਿਚ ਰਹਿੰਦੇ ਹਨ।

***ਗੁਰੂ ਗੁਰੂ ਗੁਰੁ ਕਰਿ ਮਨ ਮੋਰ॥***
***ਗੁਰੂ ਬਿਨਾ ਮੈ ਨਾਹੀ ਹੋਰ॥ ਪੰਨਾ - 864***

ਪਹਿਲੀ ਅਕਤੂਬਰ ਦੇ ਭਾਸ਼ਨ ਵਿਚ ਆਪ ਜੀ ਨੇ ਖੇਦ ਪ੍ਰਗੱਟ ਕੀਤਾ ਕਿ ਅੱਜ ਦਾ ਮਨੁੱਖ ਨਕਲੀ ਵਸਤੂਆਂ ਦਾ ਮੁਰੀਦ ਬਣ ਗਿਆ ਹੈ, ਬਾਹਰਲੀ ਚਮਕ ਦਮਕ ਵੱਲ ਖਿਚਿਆ ਜਾ ਰਿਹਾ ਹੈ ਅਤੇ ਅੰਦਰ ਬਾਹਰ ਨਕਲੀ ਵਿਚਾਰਾਂ ਨਾਲ ਘਿਰ ਗਿਆ ਹੈ, ਤਾਂ ਹੀ ਦੁਖੀ ਹੈ। ਪਰ ਦਰਅਸਲ ਇਹ ਸਰੀਰ ਹਰੀ ਦਾ ਨਿਵਾਸ ਅਸਥਾਨ ਹੈ ***'ਹਰਿ ਮੰਦਰੁ ਹਰਿ ਜੀਉ ਸਾਜਿਆ ਰਖਿਆ ਹੁਕਮਿ ਸਵਾਰਿ......ਪੰਨਾ - 1346'*** ਅਸੀਂ ਤਾਂ ਇਸ ਘਰ ਦੇ ਮਾਲਕ ਨਹੀਂ। ਜੇ ਬਗਾਨੇ ਘਰ ਨੂੰ ਆਪਣਾ ਬਣਾ ਲਵਾਂਗੇ ਤਾਂ ਅਵਸ਼ ਦੁਖੀ ਹੋਵਾਂਗੇ। ਜਦੋਂ ਹਰੀ ਦਾ ਨਿਵਾਸ ਇਸ ਮੰਦਰ ਵਿਚ ਵੇਖਾਂਗੇ 'ਲਾਲੋ ਲਾਲ, ਖੁਸ਼ੀ, ਅਨੰਦ ਸਹਿਜ ਵਿਚ ਵਿਚਰਾਂਗੇ, ਸਾਡੀ ਕਿਸੇ ਕਿਰਿਆ ਵਿਚ ਬੁਢੇਪਾ ਨਿਕਟ ਨਹੀਂ ਆਵੇਗਾ। 2 ਅਕਤੂਬਰ ਦੇ ਦੀਵਾਨ ਵਿਚ ਆਪਜੀ ਨੇ ਆਪਣੇ ਵਿਚਾਰਾਂ ਨੂੰ ਸਮੇਟਦਿਆਂ ਦਸਿਆ ਕਿ ਗੁਰਮੁਖਿ ਹਉਮੈ ਦੇ ਮਹਿਲ ਨਹੀਂ ਉਸਾਰਦਾ, ਉਚੀ ਸੁਰਤਿ ਵਿਚ, ਸ੍ਰੇਸ਼ਠ ਬੁਧਿ ਵਿਚ ਵਿਚਰਦਾ ਹੈ।

***ਮੰਨੈ ਸੁਰਤਿ ਹੋਵੈ ਮਨਿ ਬੁਧਿ॥ ਪੰਨਾ - 3***

ਗੁਰੂ ਨੂੰ ਸਦਾ ਅੰਗ ਸੰਗ ਅਨੁਭਵ ਕਰਦਾ ਹੈ, ਉਸ ਦੀ ਸੁਰਤਿ ਬੁੱਢੀ ਨਹੀਂ ਹੁੰਦੀ, ਉਸ ਦੀ ਸਿਮਰਤੀ ਵਿਚ ਸਰੀਰ ਦੀ ਉਮਰ ਨਾਲ ਵਿਘਨ ਨਹੀਂ ਪੈਂਦਾ।

ਇਸ ਮਹਾਨ ਸਮਾਗਮ ਦੇ ਦੂਜੇ ਮੁੱਖ ਬੁਲਾਰੇ ਸੰਤ ਕਲਿਆਣਦਾਸ ਸਿੰਘ ਜੀ ਅਨੰਦਪੁਰ ਸਾਹਿਬ ਵਾਲੇ ਸਨ ਜਿਨ੍ਹਾਂ ਨੇ ਚਾਰੋਂ ਦਿਨ ਸਵੇਰੇ ਸ਼ਾਮ ਦੀਵਾਨ ਦੀ ਹਾਜ਼ਰੀ ਭਰੀ। ਉਨ੍ਹਾਂ ਦੇ ਵਿਚਾਰਾਂ ਦਾ ਵਿਸ਼ਾ ਸੀ

***ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ॥***
***ਪੰਨਾ -517***

ਆਪ ਜੀ ਨੇ ਦਸਿਆ ਕਿ ਅੰਤਰ ਆਤਮੇ ਵਿਚ ਗੁਰੂ ਤਾਂ ਹੀ ਆ ਕੇ ਵਸਦਾ ਹੈ ਜੇ ਅੰਦਰ ਦਾ ਕੂੜ ਕਬਾੜਾ ਇਕ ਪਾਸੇ ਹੋਵੇ। ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦਾ ਹੈ, ਵਿਹਲਾ ਮਨ ਕਾਬੂ ਨਹੀਂ ਆ ਸਕਦਾ, ਇਸ ਤੇ ਨਾਮ-ਸਿਮਰਨ, ਭਗਤੀ, ਸੇਵਾ, ਪਰਉਪਕਾਰ ਦੀ ਛੱਟ ਪਾਈ ਰਖੋ :

***ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ॥***
***ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ॥***
***ਪੰਨਾ - 815***

ਆਪ ਨੇ ਦਸਿਆ ਕਿ ਮਨ ਨੂੰ ਕੇਂਦਰ ਬਿੰਦੂ ਨਾਲ ਜੋੜੋ, ਆਪਣੇ ਸੋਮੇ ਤੋਂ ਸ਼ਕਤੀ ਲੈ ਕੇ ਉਸ ਦਾ ਹੀ ਰੂਪ ਹੋ ਜਾਵੇਗਾ। ਸੂਰਜ ਦੀਆਂ ਕਿਰਨਾਂ ਨੂੰ ਇਕ ਨੁਕਤੇ ਤੇ ਕੇਂਦਰਤ ਕਰਨ ਨਾਲ ਗਰਮੀ ਆ ਜਾਂਦੀ ਹੈ, ਉਸ ਵਿਚ ਜਾਲਣ ਦੀ ਸ਼ਕਤੀ ਆ ਜਾਂਦੀ ਹੈ। ਸਾਡੀਆਂ ਬਿਰਤੀਆਂ ਧੀਆਂ, ਪੁੱਤਰਾਂ, ਜਾਇਦਾਦਾਂ, ਕਾਰਾਂ, ਵਿਹਾਰਾਂ ਵਿਚ ਖਿੰਡੀਆਂ ਹੋਈਆਂ ਹਨ। ਪ੍ਰਭੂ ਪ੍ਰੇਮ ਦੇ ਅਭਿਆਸ ਨਾਲ ਇਨ੍ਹਾਂ ਨੂੰ ਕੇਂਦਰ ਨਾਲ ਜੋੜੋ। ਐਸਾ ਕਰਨ ਨਾਲ ਮਨੁੱਖ ਬੰਧਨਾ ਤੋਂ ਮੁਕਤ ਹੋ ਜਾਂਦਾ ਹੈ। ਆਪ ਜੀ ਨੇ ਬੰਦੀ ਪਏ ਤੋਤੇ ਦੀ ਉਦਾਹਰਣ ਲੈ ਕੇ ਸਪਸ਼ਟ ਕੀਤਾ ਕਿ ਤੋਤੇ ਦੀ ਜਦੋਂ ਲਿਵ ਜੁੜ ਗਈ ਤਾਂ ਉਹ ਬਿਸਮਲ ਹੋ ਕੇ ਗਿਰ ਗਿਆ ਤਾਂ ਉਸ ਨੂੰ ਮੁਕਤ ਕਰ ਦਿਤਾ ਗਿਆ। ਤਿਵੇਂ ਹੀ ਗੁਰੂ ਦੀ ਆਰਾਧਣਾ ਨਾਲ ਅਸੀਂ ਬੰਦਨਾ ਤੋਂ ਮੁਕਤ ਹੋ ਕੇ ਗੁਰੂ ਚਰਨਾਂ ਨਾਲ ਜੁੜ ਜਾਂਦੇ ਹਾਂ।

ਇਸ ਮਹਾਨ ਸਮਾਗਮ ਦੇ ਅਗਲੇ ਮੁੱਖ ਬੁਲਾਰੇ ਸਨ, ਸੰਤ ਸਾਧੂ ਸਿੰਘ ਜੀ ਸੰਗਰੂਰ ਵਾਲੇ ਜਿਨ੍ਹਾਂ ਨੇ ਸ਼ਬਦ ਕੀਰਤਨ ਅਤੇ ਵਿਖਿਆਨਾ ਰਾਹੀਂ ਦਸਿਆ ਕਿ ਮਨੁੱਖ ਦੀ ਮੰਜ਼ਲ ਵਾਹਿਗੁਰੂ ਦੇ ਦਰਸ਼ਨ ਦੀਦਾਰ ਹਨ। ਵਾਹਿਗੁਰੂ ਸਰਬ ਭਰਪੂਰ ਹੈ ਪਰ ਸਾਡੇ ਪਾਸ ਉਹ ਦ੍ਰਿਸ਼ਟੀ ਨਹੀਂ ਜਿਸ ਨਾਲ ਅਸੀਂ ਉਸ ਦੇ ਦੀਦਾਰ ਕਰ ਸਕੀਏ। ਜਦ ਤੱਕ ਸਾਡਾ ਮਨ ਮੈਲਾ ਹੈ, ਦਰਸ਼ਨ

ਨਹੀਂ ਹੋ ਸਕਦੇ। ਏਸੇ ਲਈ ਕਿਹਾ ਹੈ ਕਿ ਜੋ ਮਨ ਰੂਪੀ ਘੋੜੇ ਤੇ ਚੜ੍ਹਿਆ ਰਹੇ ਓਹੀ ਖਾਲਸਾ ਹੈ। ਮਨ ਆਰਸੀ (ਸ਼ੀਸ਼ਾ) ਹੈ ਪਰ ਕੋਈ ਗੁਰਮੁਖਿ ਹੀ ਇਸ ਆਰਸੀ ਵਿਚ ਪ੍ਰਭੂ ਦੇ ਦਰਸ਼ਨ ਕਰ ਸਕਦਾ ਹੈ। ਮਨ ਦੀ ਸ਼ੁਧਤਾ ਹੋਣ ਤੇ ਅਨੁਭਵ ਹੁੰਦਾ ਹੈ ਕਿ ***"ਸਭੁ ਗੋਬਿੰਦ ਹੈ ਸਭੁ ਗੋਬਿੰਦ ਹੈ॥ ਗੋਬਿੰਦ ਬਿਨੁ ਨਹੀਂ ਕੋਇ॥ ਪੰਨਾ-485*** ਆਪ ਜੀ ਨੇ ਸਵੇਰੇ ਸ਼ਾਮ ਦੇ ਦੀਵਾਨਾਂ ਵਿਚ ਹਾਜ਼ਰੀ ਭਰ ਕੇ ਸੰਗਤਾਂ ਨੂੰ ਪ੍ਰੇਮਾ ਭਗਤੀ ਨਾਲ ਜੋੜਿਆ।

ਸੰਤ ਹਰੀ ਸਿੰਘ ਰੰਧਾਵੇ ਵਾਲਿਆਂ ਨੇ ਤਿੰਨ ਦਿਨ ਸਵੇਰੇ ਸ਼ਾਮ ਮਨੋਹਰ ਵਿਖਿਆਨਾਂ ਰਾਹੀਂ ***'ਗੋਬਿੰਦ ਭਾਓ ਭਗਤ ਦਾ ਭੁਖਾ'*** ਵਿਸ਼ੇ ਨੂੰ ਸਪਸ਼ਟ ਕੀਤਾ। ਆਪ ਜੀ ਨੇ ਦਸਿਆ ਕਿ ਗੁਰੂ ਗ੍ਰੰਥ ਸਾਹਿਬ ਪ੍ਰੇਮਾ-ਭਗਤੀ ਦਾ ਭੰਡਾਰ ਹੈ। ਇਸ ਵਿਚ ਸਰਬ ਮਨੁੱਖਤਾ ਨੂੰ ਪ੍ਰਭੂ-ਪ੍ਰੇਮ ਦਾ ਮਾਰਗ ਦਰਸ਼ਨ ਕੀਤਾ ਗਿਆ ਹੈ ਅਤੇ ***"ਕੋਈ ਬੋਲੈ ਰਾਮ ਰਾਮ ਕੋਈ ਖੁਦਾਇ"*** ਦੀ ਧੁਨਿ ਬੁਲੰਦ ਕੀਤੀ ਗਈ ਹੈ। ਪ੍ਰੇਮਾ ਭਗਤੀ ਵਿਚ ਗਿਆਨ ਦੇ ਘੀ ਵਿਚ ਭਗਤੀ ਦੀ ਮਿਸਰੀ ਮਿਲਾ ਦਿੱਤੀ ਗਈ ਹੈ ਤਾਂਕਿ ਇਸ ਨਾਲ ਹਉਮੈ ਦੀ ਕਫ ਨਾਲ ਛਾਤੀ ਤੇ ਬੋਝ ਨਾ ਪਵੇ। ਗੁਰੂ ਨਾਨਕ ਦੇਵ ਐਸੇ ਵੈਦ ਸਨ ਜਿਨ੍ਹਾਂ ਨੇ ਸਮੇਂ ਦੀ ਨਬਜ਼ ਪਛਾਣ ਕੇ ਉਸ ਲਈ ਨਾਮ-ਦਾਰੂ ਬਖਸ਼ਿਆ ਹੈ।

ਨਾਮਧਾਰੀ ਸੰਪਰਦਾ ਦੇ ਮਹਾਂਪੁਰਸ਼ਾਂ ਨੇ ਵੀ ਸੰਗਤਾਂ ਦੇ ਦਰਸ਼ਨ ਦੀਦਾਰ ਕਰਕੇ ਪ੍ਰਸੰਨਤਾ ਪ੍ਰਗੱਟ ਕੀਤੀ ਅਤੇ ਦਸਿਆ ਕਿ ਮਹਾਂਪੁਰਸ਼ ਬਾਬਾ ਰਾਮ ਸਿੰਘ ਜੀ ਨੇ ਨਾਮ-ਜੱਪਣ ਵਾਲਿਆਂ ਦੀ ਕੂਕਾ ਲਹਿਰ ਚਲਾਈ ਜਿਸ ਨੇ ਅੰਗ੍ਰੇਜ਼ੀ ਸਾਮਰਾਜ ਨਾਲ ਟੱਕਰ ਲਈ। ਮਹਾਤਮਾ ਗਾਂਧੀ ਨਾਲੋਂ ਕਿੰਨੇ ਵਰ੍ਹੇ ਪਹਿਲਾਂ ਹੀ ਆਪ ਜੀ ਨੇ ਨਾ-ਮਿਲਵਰਤਨ ਦੀ ਲਹਿਰ ਚਲਾਈ ਅਤੇ ਸੁਦੇਸ਼ੀ ਵਸਤੂਆਂ ਵਰਤਣ ਦੇ ਆਦੇਸ਼ ਦਿੱਤੇ ਜਿਸ ਨਾਲ ਅੰਗਰੇਜ਼ ਸਾਮਰਾਜ ਕੰਬ ਉਠਿਆ। ਅੰਗਰੇਜ਼ਾਂ ਨੇ ਇਹ ਗੱਲ ਮੰਨੀ ਕਿ ਬਾਕੀ ਸਾਰੇ ਹਿੰਦੁਸਤਾਨੀਆਂ ਨੂੰ ਫਰਮਾਬਰਦਾਰ ਬਣਾਇਆ ਜਾ ਸਕਦਾ ਹੈ ਪਰ ਨਾਮ ਜਪਣ ਵਾਲੇ ਨਾਮਧਾਰੀ ਸਿੱਖ, ਗੁਰੂ ਦੇ ਸੇਵਕ ਕਦੇ ਵੀ ਅੰਗਰੇਜ਼ਾਂ ਦੇ ਸੇਵਕ ਨਹੀਂ ਬਣ ਸਕਦੇ। ਆਪ ਜੀ ਨੇ ਮਾਸ, ਸ਼ਰਾਬ ਦੀ ਵਰਤੋਂ ਨੂੰ ਨਾਮ ਸਿਮਰਨ ਵਿਚ ਵੱਡਾ ਵਿਘਨ ਦੱਸਿਆ ਅਤੇ ਸੰਗਤਾਂ ਨੂੰ ਚਾਹ, ਕਾਫੀ ਕੋਕਾ ਕੋਲਾ ਤੋਂ ਦੂਰ ਰਹਿ ਕੇ ਅੰਮ੍ਰਿਤ ਵੇਲੇ ਉਠ ਕੇ ਨਾਮ ਜੱਪਣ ਅਤੇ ਹਰ ਸਮੇਂ ਸਿਮਰਨ ਕਰਨ ਦਾ ਉਤਸ਼ਾਹ ਬਖਸ਼ਿਆ। ਆਪ ਜੀ ਨੇ ਰਤਵਾੜਾ ਸਾਹਿਬ ਦੇ ਮਹਾਂਪੁਰਸ਼ਾਂ ਦੇ ਸੱਚੇ ਸੁੱਚੇ ਜੀਵਨ ਅਤੇ ਮਹਾਨ ਗੁਰਮਤਿ ਸਮਾਗਮ ਦੇ ਪ੍ਰਬੰਧ ਦੀ ਭਰਵੀਂ ਸਰਾਹਨਾ ਕੀਤੀ। ਸੰਤ ਭਾਈ ਦਲੀਪ ਸਿੰਘ ਜੀ ਨਾਮਧਾਰੀ ਨੇ ਪ੍ਰੇਮੀ ਭਗਤੀ ਵਿਚ ਰੱਤੇ ਪੁਰਾਤਨ ਮਹਾਂਪੁਰਸ਼ਾਂ ਦਾ ਸੰਖੇਪ ਵਿਚ ਵਰਨਣ ਕੀਤਾ ਅਤੇ ਸਭਨਾਂ ਸਰੋਤਿਆਂ ਦੇ ਦਿਲਾਂ ਵਿਚ ਪ੍ਰੇਮ ਰੰਗ ਭਰ ਦਿਤਾ।

ਸੰਤ ਭੂਪਿੰਦਰ ਸਿੰਘ ਜਰਗ ਵਾਲਿਆਂ ਨੇ ਸਮਾਗਮ ਦੇ ਸਭਨੀਂ ਦਿਨੀਂ ਸਵੇਰੇ ਸ਼ਾਮ ਸੰਗਤਾਂ ਨੂੰ ਆਪਣੇ ਮਨੋਹਰ ਕੀਰਤਨ ਅਤੇ ਪਰਵਚਨਾਂ ਨਾਲ ਨਿਹਾਲ ਕੀਤਾ। ਆਪ ਜੀ ਨੇ ਦਸਿਆ ਕਿ ਇਕੋ ਬਾਟੇ ਵਿਚੋਂ ਸਭਨਾਂ ਜਾਤੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਗਰੀਬ ਨਿਮਾਣੀ ਨਿਤਾਣੀ ਮਨੁੱਖਤਾ ਨੂੰ ਨਵਾਂ ਬਲ, ਨਵਾਂ ਉਤਸਾਹ ਬਖਸ਼ਿਆ। ਗੁਰਸਿੱਖ ਦੀ ਰਹਿਤ ਬੰਧਨ ਨਹੀਂ, ਸਗੋਂ ਇਕ ਡਿਸਿਪਲਨ ਹੈ ਜਿਸ ਬਿਨਾਂ ਮਨੁੱਖ ਦੀਆਂ ਪਸ਼ੂ-ਬਿਰਤੀਆਂ ਉਜਾੜਾ ਕਰਨ ਵੱਲ ਕਿਰਿਆਸ਼ੀਲ ਹੋ ਜਾਂਦੀਆਂ ਹਨ। ਆਪ ਜੀ ਨੇ ਦੱਸਿਆ ਕਿ ਪ੍ਰਭੂ ਦੇ ਪਿਆਰੇ ਪ੍ਰਭੂ ਦਾ ਰੂਪ ਹੀ ਹੋ ਜਾਂਦੇ ਹਨ ***'ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ॥ ਪੰਨਾ-667*** ਅਤੇ ਜੋ ਪ੍ਰਭੂ ਨੂੰ ਪਿਆਰੇ ਲਗਦੇ ਹਨ, ਉਹ ਸਭਨਾ ਦਾ ਪਿਆਰ ਮਾਣਦੇ ਹਨ, ***'ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ.......॥ ਪੰਨਾ - 555*** ਸੰਤ ਮਹਾਂਪੁਰਸ਼ ਪ੍ਰਭੂ ਪਿਆਰ ਵਿਚ ਸਹਾਈ ਹੁੰਦੇ ਹਨ। ਇਹ ਗੱਲ ਆਪ ਸਭ ਸੰਗਤਾਂ ਏਥੇ ਪ੍ਰਤੱਖ ਦੇਖ ਰਹੀਆਂ ਹਨ। ਗੁਰੂ ਐਸੀ ਦਿਬ ਦ੍ਰਿਸ਼ਟੀ ਬਖਸ਼ਸ਼ ਕਰਦੇ ਹਨ ਜਿਸ ਨਾਲ ***'ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥' ਪੰਨਾ - 922***

ਸੰਤ ਮਹਿੰਦਰ ਸਿੰਘ ਜੀ ਖੰਨੇ ਵਾਲਿਆਂ ਨੇ ਪਹਿਲੀ ਦੂਜੀ ਅਕਤੂਬਰ ਦੋ ਦਿਨ ਦੀਵਾਨ ਦੀ ਹਾਜ਼ਰੀ ਭਰੀ। ਆਪ ਜੀ ਨੇ ਧੰਨਾ ਭਗਤ ਅਤੇ ਭਗਤ ਨਾਮਦੇਵ ਜੀ ਦੇ ਪ੍ਰਸੰਗਾਂ ਰਾਹੀਂ ਸਪਸ਼ਟ ਕੀਤਾ ਕਿ ਪ੍ਰਭੂ, ਪਿਆਰ ਵਿਚ ਬੰਨ੍ਹਿਆ ਹੋਇਆ ਭਗਤਾਂ ਦੀਆਂ ਮਨੋਕਾਮਨਾਵਾਂ ਵੀ ਪੂਰੀਆਂ ਕਰਦਾ ਹੈ ਅਤੇ ਦਰਸ਼ਨ ਦੀਦਾਰ ਵੀ ਬਖਸ਼ਦਾ ਹੈ। ਪਰ ਅਸੀਂ ਅਵਿਦਿਆ ਦੀ ਗੂੜ੍ਹੀ ਨੀਂਦਰ ਸੁੱਤੇ ਅਵੇਸਲੇ ਹੋਏ ਪਏ ਹਾਂ, ਸੰਤਾਂ ਮਹਾਂਪੁਰਸ਼ਾਂ ਦੀਆਂ ਚੇਤਾਵਨੀਆਂ ਵੀ ਨਜ਼ਰ ਅੰਦਾਜ਼ ਕਰੀ ਜਾਂਦੇ ਹਾਂ -

***ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥***
***ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥***
***ਪੰਨਾ - 1378***

ਆਪ ਜੀ ਨੇ ਨੌ ਪ੍ਰਕਾਰ ਦੀ ਭਗਤੀ ਵਿਚ ਸਰਵਨ ਭਗਤੀ, ਕੀਰਤਨ, ਸਿਮਰਨ, ਨਮਸਕਾਰ, ਅਰਦਾਸ, ਦਾਸ, ਸਖਾ ਭਾਵ ਅਤੇ ਆਤਮ ਸਮਰਪਣ ਦੇ ਭਾਵ ਸਪਸ਼ਟ ਕੀਤੇ ਅਤੇ ਦਸਿਆ ਕਿ ਅੰਮ੍ਰਿਤ ਵੇਲਾ ਭਗਤੀ ਲਈ ਸਭ ਤੋਂ ਸ੍ਰੇਸ਼ਠ ਹੈ।

ਇਸ ਤੋਂ ਬਿਨਾਂ ਸੰਤ ਬਾਬਾ ਬਲਵੰਤ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਨੇ ਵੀ ਸਮਾਗਮ ਵਿਚ ਦਰਸ਼ਨ ਦੀਦਾਰ ਬਖਸ਼ੇ ਅਤੇ ਸੰਗਤਾਂ ਨੂੰ ਦੱਸਿਆ ਕਿ ਮਾਣਸ ਦੇਹ ਨੂੰ ਦੇਵਤੇ ਵੀ ਤਰਸਦੇ ਹਨ ਕਿਉਂਕਿ ਇਸ ਦੇਹੀ ਰਾਹੀਂ ਪ੍ਰਭੂ ਵਿਚ ਲੀਨ ਹੋਇਆ ਜਾ ਸਕਦਾ ਹੈ।

ਗਿਆਨੀ ਹਰਿੰਦਰ ਸਿੰਘ ਪੈਗੰਬਰਪੁਰ ਤਹਿਸੀਲ ਬਿਲਾਸਪੁਰ ਯੂ.ਪੀ. ਵਾਲਿਆਂ ਨੇ ਦਸਿਆ ਕਿ ਕਿਵੇਂ ਮਹਾਂਪੁਰਸਾਂ ਨੇ ਯੂ.ਪੀ. ਦੇ ਤੈਰਾਈ ਦੇ ਇਲਾਕੇ ਵਿਚ ਸ਼ਰਾਬ ਅਤੇ ਕਤਲ ਵਿਚ ਜੀਵਨ ਬਰਬਾਦ ਕਰਨ ਵਾਲਿਆਂ ਨੂੰ ਸਿੱਧੇ ਰਸਤੇ ਪਾਇਆ ਅਤੇ ਅੱਜ ਉਸ ਸਥਾਨ ਦੇ ਹਜ਼ਾਰਾਂ ਲੋਕ, ਗੁਰੂ ਦੇ ਖਾਲਸ ਬਾਣੇ ਵਿਚ ਲੰਮਾ ਪੈਂਡਾ ਤਹਿ ਕਰਕੇ ਸਮਾਗਮ ਵਿਚ ਸ਼ਾਮਲ ਹੋ ਰਹੇ ਹਨ।

ਸੁਬੁੱਧੀ ਜੀਵੀਆਂ ਵਿਚੋਂ ਡਾ. ਸ਼ਮਸ਼ੇਰ ਸਿੰਘ ਪੰਜਾਬੀ ਯੂ.ਨੀਵਰਸਿਟੀ ਪਟਿਆਲਾ ਵਾਲਿਆਂ ਨੇ ਦਸਿਆ ਕਿ ਪਿਆਰ ਭਾਵਨਾ ਬਿਨਾ ਭਗਤੀ ਨਹੀਂ ਹੋ ਸਕਦੀ, ਭਗਤੀ ਸਮਰਪਨ ਮੰਗਦੀ ਹੈ, ਕੁਰਬਾਨੀ ਮੰਗਦੀ ਹੈ। ਪਿਆਰ ਇਕ ਭਾਵਨਾ ਹੈ, ਜਿਸ ਦਾ ਬਿਆਨ ਨਹੀਂ ਹੋ ਸਕਦਾ। ਪਿਆਰ ਵਿਸਮਾਦ ਦੀ ਅਵਸਥਾ ਹੈ। ਹਉਮੈ ਨਵਿਰਤ ਕਰਕੇ ਹੀ ਸੁਹਾਗਣ ਬਣਿਆ ਜਾ ਸਕਦਾ ਹੈ। ਭਗਤੀ ਦੀ ਪ੍ਰਾਪਤੀ ਗੁਰੂ, ਗੁਰਸੰਗਤ ਅਤੇ ਸੇਵਾ ਰਾਹੀਂ ਹੁੰਦੀ ਹੈ।

ਪ੍ਰੋ. ਬੀਬੀ ਕੁਲਵੰਤ ਕੌਰ, ਗੌਰਮਿੰਟ ਕਾਲਜ ਲੜਕੀਆਂ, ਪਟਿਆਲਾ ਦੇ ਬੋਲਣ ਦਾ ਵਿਸ਼ਾ ਸੀ –

***ਹਉ ਮੁਆ ਮੈ ਮਾਰਿਆ ਪਉਣੁ ਵਹੈ ਦਰੀਆਉ॥***
***ਤ੍ਰਿਸਨਾ ਥਕੀ ਨਾਨਕਾ ਜਾ ਮਨੁ ਰਤਾ ਨਾਇ॥***
***ਪੰਨਾ – 1091***

ਆਪ ਜੀ ਨੇ ਦਸਿਆ ਕਿ ਜਦ ਤੱਕ 'ਮੈਂ' ਹੁੰਦੀ ਹੈ, 'ਤੂੰ' ਨਹੀਂ ਹੁੰਦਾ, ਮਨ ਨੂੰ ਗੁਰੂ ਦੇ ਸਮਰਪਣ ਕਰ ਦੇਵੇ ਤਾਂ ਹੀ ਮਾਰਗ ਦਰਸ਼ਨ ਹੁੰਦਾ ਹੈ।

ਡਾ. ਜਗਜੀਤ ਸਿੰਘ ਮੁੱਖ ਸੰਪਾਦਕ ਆਤਮ ਮਾਰਗ ਨੇ ਦੋ ਦਿਨ ਸੰਗਤਾਂ ਨੂੰ ਸੰਬੋਧਨ ਕੀਤਾ। 30 ਸਤੰਬਰ ਨੂੰ ਆਪਨੇ ਦੱਸਿਆ ਕਿ ਪ੍ਰੇਮ ਦਾ ਰਸਤਾ ਕੇਵਲ ਸੁਹਾਗਣਾ ਤੋਂ ਹੀ ਜਾਣਿਆ ਜਾ ਸਕਦਾ ਹੈ, ***'ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ॥ ਪੰਨਾ – 721*** ਉੱਤਰ ਦਿੱਤਾ ਹੈ –

***ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ***
***ਹਿਕਮਤਿ ਹੁਕਮੁ ਚੁਕਾਈਐ॥*** ***ਪੰਨਾ – 721***

ਆਪ ਜੀ ਨੇ ਦਸਿਆ ਕਿ ਮਹਾਂਪੁਰਸ਼ਾਂ ਦੀ ਨਵੀਂ ਆਈ ਪੁਸਤੱਕ 'ਅਮਰ ਗਾਥਾ' ਦੇ ਸਤਵੇਂ ਦੀਵਾਨ ਵਿਚ ਇਸ ਦੀ ਭਰਪੂਰ ਵਿਆਖਿਆ ਪ੍ਰਾਪਤ ਹੈ। ਦੂਜੇ ਭਾਸ਼ਨ ਵਿਚ ਆਪ ਨੇ ਸਪਸ਼ਟ ਕੀਤਾ –

***ਹਰਿ ਨਾਮਾ ਹਰਿ ਰੰਙੁ ਹੈ ਹਰਿ ਰੰਙੁ ਮਜੀਠੈ ਰੰਙੁ॥***
***ਗੁਰਿ ਤੁਠੈ ਹਰਿ ਰੰਗੁ ਚਾੜਿਆ ਫਿਰਿ ਬਹੁੜਿ ਨ ਹੋਵੀ ਭੰਙੁ॥***
***ਪੰਨਾ – 731***

ਸੰਤ ਮਹਾਂਪੁਰਸ਼ਾਂ ਅਤੇ ਸੁਬੁੱਧੀ ਜੀਵਿਆਂ ਤੋਂ ਬਿਨਾਂ ਸਮਾਜ ਦੇ ਪ੍ਰਮੁੱਖ ਵਿਅਕਤੀਆਂ ਨੇ ਵੀ ਸੰਗਤਾਂ ਦੇ ਦਰਸ਼ਨ ਦੀਦਾਰ ਕੀਤੇ ਕੇਂਦਰੀ ਖੇਡ ਮੰਤਰੀ, ਸ. ਸੁਖਦੇਵ ਸਿੰਘ ਢੀਡਸਾ ਜੀ ਨੇ ਸੰਗਤਾਂ ਦੇ ਦਰਸ਼ਨ ਦੀਦਾਰ ਕਰਦਿਆਂ ਆਪਣੀ ਪ੍ਰਸੰਨਤਾ ਪ੍ਰਗੱਟ ਕੀਤੀ ਅਤੇ ਮਹਾਂਪੁਰਸ਼ਾਂ ਦੇ ਪਰਉਪਕਾਰਾਂ ਦੀ ਭਰਵੀਂ ਸਰਾਹਨਾ ਕੀਤੀ। ਪੰਜਾਬ ਬਿਜਲੀ ਬੋਰਡ ਦੇ ਪ੍ਰਬੰਧਕੀ ਮੈਂਬਰ ਸ. ਬਲਦੇਵ ਸਿੰਘ ਮਾਨ ਨੇ ਕਿਹਾ ਕਿ ਅੱਜ ਸਮਾਜ ਵਿਚ ਜੋ ਕਦਰਾਂ ਕੀਮਤਾਂ ਦਾ ਨਿਘਾਰ ਆਇਆ ਹੈ, ਉਸ ਵਿਚੋਂ ਸੰਤ ਮਹਾਂਪੁਰਸ਼ ਹੀ ਕੱਢਣ ਦੇ ਸਮਰੱਥ ਹਨ। ਪੰਜਾਬ ਦੇ ਖਜ਼ਾਨਾ ਮੰਤਰੀ ਕੈਪਟਨ ਕੰਵਲਜੀਤ ਸਿੰਘ ਨੇ ਮਹਾਂਪੁਰਸ਼ਾਂ ਦੇ ਕਾਰਜਾਂ ਦੀ ਭਰਵੀਂ ਸਰਾਹਨਾ ਕੀਤੀ ਅਤੇ ਹੈਰਾਨੀ ਪ੍ਰਗਟ ਕੀਤੀ ਕਿ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਇਸ ਮਹਾਨ ਗੁਰਮਤਿ ਸਮਾਗਮ ਵਿਚ ਬਿਰਾਜਮਾਨ ਹਨ ਪਰ ਕਮਾਲ ਦਾ ਅਨੁਸ਼ਾਸ਼ਨ ਹੈ, ਕਿਤੇ ਕੋਈ ਭਗਦੜ ਨਹੀਂ, ਸ਼ੋਰ ਨਹੀਂ। ਗੁਰੂ ਪਿਆਰ ਵਿਚ ਜੁੜੀਆਂ ਸੰਗਤਾਂ ਬੈਕੁੰਠ ਦਾ ਦ੍ਰਿਸ਼ ਪੇਸ਼ ਕਰ ਰਹੀਆਂ ਹਨ ਜਿਸ ਨੂੰ ਮੇਰੀ ਬਾਰ ਬਾਰ ਨਮਸਕਾਰ ਹੈ। ਇਸ ਮਹਾਨ ਕਾਰਜ ਦੀ ਸਫਲਤਾ ਦਾ ਸਰੇਹ ਮਿਸ਼ਨ ਦੇ ਬਾਨੀ ਅਤੇ ਚੇਅਰਮੈਨ ਸੰਤ ਮਹਾਂਪੁਰਸ਼, ਬਾਬਾ ਵਰਿਆਮ ਸਿੰਘ ਜੀ ਨੂੰ ਹੈ।

ਸ੍ਰੀ ਜਗਦੀਸ਼ ਚੰਦਰ ਪੰਤ ਜੋ ਭਾਰਤ ਸਰਕਾਰ ਦੀ ਬਤੌਰ ਸੈਕਟਰੀ, ਖੇਤੀ ਸਿਹਤ ਅਤੇ ਪਰਿਵਾਰ ਨਿਯੋਜਨ ਦੀ ਸੇਵਾ ਕਰਨ ਉਪਰੰਤ ਜਨ-ਸੁਧਾਰ ਦੇ ਕਾਰਜਾਂ ਵਿਚ ਜੁੱਟੇ ਹੋਏ ਹਨ, ਨੇ ਮਹਾਂਪੁਰਸ਼ਾਂ ਦੇ ਲੋਕ-ਭਲਾਈ ਕੰਮਾਂ ਦੀ ਬਹੁਤ ਸ਼ਲਾਘਾ ਕੀਤੀ ਅਤੇ ਸੰਗਤਾਂ ਨੂੰ ਪਰਉਪਕਾਰੀ ਕਾਰਜਾਂ ਲਈ ਉਤਸਾਹਤ ਕੀਤਾ।

ਬਾਹਰੋਂ ਆਉਣ ਵਾਲੇ ਸੰਤ ਮਹਾਤਮਾ ਦੀ ਆਪੋ ਆਪਣੀ ਸ਼ੋਭਾ ਸੀ। ਸਮਾਗਮ ਦੇ ਆਖਰੀ ਦਿਨ ਡਾ. ਸਵਾਮੀਵੇਦ ਭਾਰਤੀ ਜੀ, ਹਿਮਾਲੀਅਨ ਇਨਸਟੀਚਿਊਟ ਦੇਹਰਾਦੂਨ ਵਾਲਿਆਂ ਨੇ ਆਪਣੇ ਸੰਖੇਪ ਪ੍ਰਵਚਨਾਂ ਰਾਹੀਂ ਸਮਾਧੀ ਸਥਿਤ ਹੋਣ ਦੀ ਵਿਉਂਤ ਦੱਸੀ ਅਤੇ ਸਵਾਸਾਂ ਰਾਹੀਂ 'ਵਾਹਿਗੁਰੂ' ਜਾਪ ਕਰਵਾ ਕੇ ਸੰਗਤਾਂ ਦੇ ਮਨ ਟਿਕਾਅ ਵਿਚ ਲੈ ਆਂਦੇ। ਲੱਖਾਂ ਦੀ ਗਿਣਤੀ ਵਿਚ ਜੁੜੀ ਸੰਗਤ ਇਕ ਦਮ ਸ਼ਾਂਤ ਹੋ ਕੇ ਸਵਾਮੀ ਜੀ ਨਾਲ ਮਿਲ ਕੇ ਜਾਪ ਕਰਦੀ ਰਹੀ। ਆਪ ਜੀ ਨੇ ਦਸਿਆ ਕਿ ਮਹਾਂਪੁਰਸ਼ਾਂ ਵਰਗੀ ਪਵਿੱਤਰ ਆਤਮਾ ਦੇ ਦਰਸ਼ਨ ਦੀਦਾਰ ਅਤੇ ਪ੍ਰਵਚਨ ਸੰਸਾਰ ਭਰ ਵਿਚ ਦੁਰਲੱਭ ਹਨ। ਡਾ. ਸਵਾਮੀ ਰਾਮ ਜੀ ਦਾ ਮਹਾਂਪੁਰਸ਼ਾਂ ਲਈ ਅਤਿ ਦਰਜੇ ਦਾ ਪਿਆਰ ਅਤੇ ਸਤਿਕਾਰ ਸੀ। ਉਨ੍ਹਾਂ ਦੀ ਪਛਾਣ ਸਾਡੇ ਸਭ ਲਈ ਕਲਿਆਣਕਾਰੀ ਸਿਧ ਹੋ ਸਕਦੀ ਹੈ।

10ਵੇਂ ਮਹਾਨ ਗੁਰਮਤਿ ਸਮਾਗਮ ਦੀ ਜਿੰਦ ਜਾਨ ਅਤੇ ਰੂਹ ਸਨ – ਸੰਤ ਬਾਬਾ ਜੀ, ਰਤਵਾੜਾ ਸਾਹਿਬ ਵਾਲੇ ਮਹਾਂਪੁਰਸ਼ (ਸ੍ਰੀ ਮਾਨ ਸੰਤ ਵਰਿਆਮ ਸਿੰਘ ਜੀ) ਜਿਨ੍ਹਾਂ ਦੇ ਦਰਸ਼ਨ ਦੀਦਾਰ ਅਤੇ ਪ੍ਰਵਚਨਾਂ ਲਈ ਲੱਖਾਂ ਪ੍ਰਾਨੀ ਅੱਖਾਂ ਵਿਛਾਈ ਜੁੜ ਬੈਠਦੇ ਸੀ। ਆਪਜੀ ਦੇ ਪ੍ਰਵਚਨ ਹਰ ਰੋਜ਼ ਬਾਹਦ ਦੁਪਹਿਰ ਦੋ ਢਾਈ ਵਜੇ ਤੋਂ ਸਾਢੇ ਚਾਰ ਵਜੇ ਤੱਕ ਹੁੰਦੇ ਹਨ। ਲੱਖਾਂ ਦੀ ਗਿਣਤੀ ਵਿਚ ਪਿਆਰ ਮੁਗਧ ਸੰਗਤ ਆਪਜੀ ਦੇ ਪ੍ਰਵਚਨਾਂ ਨੂੰ ਪੂਰਨ ਸ਼ਾਂਤ ਹੋ ਕੇ ਸਰਵਣ ਕਰਦੀ ਅਤੇ ਹਿਰਦੇ ਵਿਚ ਵਸਾਉਂਦੀ।

**28 ਸਤੰਬਰ ਦੇ ਦੀਵਾਨ** ਵਿਚ ਆਪਜੀ ਨੇ ਦਸਿਆ ਕਿ ਪ੍ਰਮੇਸ਼ਰ ਨਾਲ ਮਿਲਣ ਦਾ ਸਾਧਨ ਪਿਆਰ ਹੈ। ਗਿਆਨ ਦੀ ਬਾਤ ਦਿਮਾਗ ਦੀ ਬਾਤ ਹੁੰਦੀ ਹੈ। ਗੁਰੂ ਜੀ ਨੇ ਸਾਨੂੰ ਦਿਲ ਨਾਲ ਜੋੜਿਆ ਹੈ। ਭਾਰਤ ਵਿਚ ਅੱਜ ਤੱਕ ਵੇਦਾਂ ਦੀ ਸੋਚ ਪ੍ਰਧਾਨ ਰਹੀ ਹੈ। ਸਾਂਖ ਸ਼ਾਸਤਰ ਪ੍ਰਕਿਰਤੀ ਦਾ ਸਾਸ਼ਤਰ ਹੈ, ਵਿਸ਼ੇਸ਼ਕ ਕਾਲ ਨਾਲ ਸੰਬੰਧਤ ਹੈ ਪਰ ਗੁਰਮਤਿ ਅਕਾਲ ਨੂੰ ਮੰਨਦੀ ਹੈ। ਉਸ ਦੀ ਮੌਜ ਹੈ, ਜਦੋਂ ਮਰਜ਼ੀ ਪ੍ਰਗਟ ਹੋ ਜਾਂਦਾ ਹੈ, ਜਦੋਂ ਮਰਜ਼ੀ ਸੰਸਾਰ ਸਮੇਟ ਲਵੇ। ਸਾਂਖ ਅਨੁਸਾਰ ਪ੍ਰਕਿਰਤੀ ਵਿਚ ਵਿਪਰੀਤ ਤੱਤ ਹਨ ਜੋ ਨਿਯਮਬੰਧ ਹੋ ਕੇ ਸੁਤੇ ਹੀ ਕਾਰਜਸ਼ੀਲ ਹੋ ਰਹੇ ਹਨ।

ਵੇਦਾਂਤ ਦਾ ਗਿਆਨ 'ਅਹੰ ਬ੍ਰਹਮ ਅਸਮੀ' ਕਲਜੁਗੀ

ਸਮੇਂ ਦੇ ਯੋਗ ਨਹੀਂ ਹੈ। ਕਿਉਂਕਿ ਸਮਰਪਨ ਬਿਨਾਂ ਹਉਮੈ ਦਾ ਪਰਿਵਾਰ ਉਸੇ ਤਰ੍ਹਾਂ ਬਣਿਆ ਰਹਿੰਦਾ ਹੈ ਜਦੋਂ ਇਹ ਮਹਾਂਵਾਕ ਸੁਰਤ ਵਿਚ ਲਿਆਂਦਾ ਜਾਂਦਾ ਹੈ ਤਾਂ ਕੇਵਲ ਇਹ ਵਾਕ ਬਣ ਕੇ ਹੀ ਰਹਿ ਜਾਂਦਾ ਹੈ, ਬ੍ਰਹਮ ਭਾਵ ਪੂਰੀ ਤਰ੍ਹਾਂ ਨਾਲ ਹਿਰਦੇ ਵਿਚ ਨਹੀਂ ਆਉਂਦਾ ਅਤੇ ਦੇਹ ਹੰਗਤਾ ਦੇ ਘੇਰੇ ਨੂੰ ਪਾਰ ਨਹੀਂ ਕਰਦਾ। ਫੁਰਮਾਨ ਹੈ ***'ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ॥ ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ॥ ਪੰਨਾ - 930*** ਕੇਵਲ 'ਅਹੰ ਬ੍ਰਹਮਅਸਮੀ' ਦਾ ਵਾਕ ਉਚਾਰਨ ਨਾਲ ਪ੍ਰਾਪਤੀ ਨਹੀਂ ਹੁੰਦੀ। ਗੁਰੂ ਜੀ ਨੇ ਨਾਮ ਮਾਰਗ ਲਿਆਂਦਾ ਜਿਸ ਵਿਚ ਪਿਆਰ ਦੀ ਭਾਵਨਾ ਪ੍ਰਧਾਨ ਹੈ। ਵਾਹਿਗੁਰੂ ਬਹੁਤ ਵੱਡੀ ਹਸਤੀ ਹੈ ਜੋ ਨਿਰਜਿੰਦ ਨਹੀਂ ਸਗੋਂ ਪਿਆਰ ਰੂਪ ਹੋਕੇ ਬ੍ਰਹਿਮੰਡ ਵਿਚ ਫੈਲਿਆ ਹੋਇਆ ਹੈ। ***ਜੜ੍ਹ ਤੜ੍ਹ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥ (ਜਾਪੁ ਸਾਹਿਬ)*** ਆਪਣੇ ਹਿਰਦੇ ਵਿਚ ਉਸ ਦਾ ਪਿਆਰ ਪੈਦਾ ਕਰੋ। ਸਤ-ਚਿੱਤ-ਅਨੰਦ ਸਰੂਪ ਦਾ ਪਿਆਰ ਆਪ ਨੂੰ ਐਸਾ ਰੂਪ ਹੀ ਬਣਾ ਦੇਵੇਗਾ। ਵੇਦ ਗਿਆਨ ਦਿੰਦਾ ਹੈ, ਭਾਵਨਾ ਨਹੀਂ ਦਿੰਦਾ। ਗੁਰੂ ਪਿਆਰ ਦੀ ਮੂਰਤ ਹੈ। ***'ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।'*** ਜਿਸ ਹਿਰਦੇ ਵਿਚ ਪਿਆਰ ਨਹੀਂ, ਉਹ ਮੁਰਦਾ ਹੈ -

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥***
***ਪੰਨਾ - 253***

ਇਹ ਵੀਚਾਰ ਵੀ ਠੀਕ ਹੈ - ***'ਬਿਨ ਦੇਖੈ ਉਪਜੈ ਨਹੀ ਆਸਾ।' (ਪੰਨਾ 1167)*** ਅਣਡਿੱਠੇ ਨੂੰ ਪਿਆਰ ਕਿਵੇਂ ਕਰੀਏ? ਗੁਰੂ ਵਿਚ ਪਿਆਰ ਦੀ ਮੂਰਤ ਵੇਖੀ ਜਾ ਸਕਦੀ ਹੈ। ਗੁਰੂ ਗੋਬਿੰਦ ਰੂਪ ਹੈ। ਗੁਰੂ ਅਤੇ ਸਿਖ ਦਾ ਪਿਆਰ ਇਕ ਪੱਖੀ ਨਹੀਂ। ਗੁਰੂ ਵੀ ਸਿੱਖ ਨੂੰ ਓਨਾ ਹੀ ਪਿਆਰ ਕਰਦਾ ਹੈ ਜਿੰਨਾ ਗੁਰ ਸਿੱਖ। ਗੁਰੂ ਅਤੇ ਸਿਖ ਦਾ ਸੰਬੰਧ ਉਦੋਂ ਜੁੜਦਾ ਹੈ ਜਦੋਂ ਸਿਖ ਸਭ ਕੁਝ ਗੁਰੂ ਦੇ ਅਰਪਨ ਕਰ ਦਿੰਦਾ ਹੈ - ***ਮੁਰਦਾ ਹੋਇ ਮੁਰੀਦ ਨ ਗਲੀਂ ਹੋਵਣਾ॥*** ਜਿਵੇਂ ਜੋਗਾ ਸਿੰਘ ਨੇ ਕੀਤਾ। ਉਸ ਨੂੰ ਪੁਛਿਆ ਸੀ, "ਜੋਗਾ ਤੂੰ ਕਿਹਦੇ ਜੋਗਾ?" ਉੱਤਰ ਦਿੱਤਾ, "ਗੁਰੂ ਜੋਗਾ।" ਗੁਰੂ ਜੀ ਨੇ ਫੁਰਮਾਇਆ, ਜੇ ਤੂੰ ਗੁਰੂ ਜੋਗਾ ਤਾਂ ਗੁਰੂ ਤੇਰੇ ਜੋਗਾ! ਗੁਰੂ ਸੱਚਾ ਪਿਆਰ ਮੰਗਦਾ ਹੈ। ਸਿੱਖ ਸਭ ਪ੍ਰੀਤਾਂ ਕੂੜੀਆਂ ਜਾਣ ਕੇ ਗੁਰੂ ਨਾਲ ਜੁੜਦਾ ਹੈ -

***ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥***
***ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥***
***ਪੰਨਾ - 1102***

ਜਦੋਂ ਸਿਖ ਗੁਰੂ ਦਾ ਹੋ ਗਿਆ, ਗੁਰੂ ਸਿੱਖ ਦਾ ਹੋ ਜਾਂਦਾ ਹੈ। ***'ਮਨੁ ਬੇਚੈ ਸਤਿਗੁਰ ਕੈ ਪਾਸਿ॥' ਪੰਨਾ - 286*** ਆਪਾ ਸਮਰਪਣ ਕਰਨਾ ਹੁੰਦਾ ਹੈ -

***ਆਪ ਗਵਾਈਐ ਤਾ ਸਹੁ ਪਾਈਐ***
***ਅਉਰੁ ਕੈਸੀ ਚਤੁਰਾਈ॥ ਪੰਨਾ - 722***

ਪਿਆਰ ਦਾ ਭਾਵ ਹੁੰਦਾ ਹੈ ਯਾਦ। ਹਰ ਸਮੇਂ ਆਪਣੇ ਪਿਆਰੇ ਨੂੰ ਯਾਦ ਕਰਨਾ। 10ਵੇਂ ਪਾਤਿਸ਼ਾਹ, ਪਉਂਟਾ ਸਾਹਿਬ 5 ਸਾਲ ਰਹੇ। ਪੀਰ ਬੁੱਧੂ ਸ਼ਾਹ ਉਨ੍ਹਾਂ ਦੀ ਨਦਰਿ ਦਾ ਪਾਤਰ ਬਣਿਆ। ਗੁਰੂ ਪਿਆਰ ਵਿਚ ਉਸਨੇ 700 ਮੁਰੀਦ ਸ਼ਹੀਦ ਕਰਵਾ ਲਏ ਅਤੇ ਗੁਰੂ ਜੀ ਤੋਂ ਕੰਘੇ ਅਤੇ ਉਸ ਵਿਚ ਲੱਗੇ ਕੇਸਾਂ ਨੂੰ ਪਿਆਰ ਦੀ ਨਿਸ਼ਾਨੀ ਵਜੋਂ ਮੰਗਿਆ। ਕੋਈ ਦੁਨਿਆਵੀ ਵਸਤੂ ਨਹੀਂ ਮੰਗੀ।

ਮਹਾਂਪੁਰਸ਼ਾਂ ਨੇ ਸੋਹਣਾ ਅਤੇ ਮੋਹਣਾ ਦਾ ਪਿਆਰ ਬਿਰਤਾਂਤ ਸੁਣਾਇਆ। ਇਕ ਪਰਉਪਕਾਰੀ ਸਿਖ ਨੂੰ ਪਾਣੀ ਨਾ ਪਲਾਉਣ ਕਾਰਨ ਉਨ੍ਹਾਂ ਨੂੰ ਕਿੰਨੇ ਦੁਖ ਝਲਣੇ ਪਏ ਪਰ ਗੁਰੂ ਸ਼ੁਕਰ ਵਿਚ ਉਹ ਘਾਲਨਾ ਵਿਚ ਲਗੇ ਰਹੇ। ਉਹ ਅਭੇਦ ਅਵਸਥਾ ਦਾ ਗੁਰਸਿੱਖ ਸੀ ਜੋ ਬਚਨ ਕਰ ਗਿਆ ਕਿ ਦਰਸ਼ਨ ਨਹੀਂ ਹੋਣੇ। ਗੁਰੂ ਮਹਾਰਾਜ ਜੀ ਨੇ ਗੁਰਸਿਖ ਦੇ ਬਚਨ ਪਾਲੇ ਅਤੇ ਦਰਸ਼ਨ ਦੇਣ ਤੋਂ ਸੰਕੋਚ ਰਖਿਆ। ਆਪ ਜੀ ਨੇ ਦੁਰਬਾਸ਼ਾ ਰਿਸ਼ੀ ਦੀ ਵੀ ਉਦਾਹਰਣ ਦਿੱਤੀ। ਆਖਰ ਇਨ੍ਹਾਂ ਦੋਹਾਂ ਦੀ ਘਾਲਣਾ ਥਾਇ ਪਈ ਆਪਾ ਭਾਵ ਮਰਨ ਪਿਛੋਂ ਗੁਰੂ ਨੇ ਗਲ ਲਾਏ। ਆਪ ਨੇ ਦੱਸਿਆ ਕਿ ਗੁਰੂ ਪੱਥਰ ਦਿਲ ਨਹੀਂ ਹੁੰਦਾ। ਗੁਰਬਾਣੀ ਦਾ ਕਥਨ ਹੈ -

***ਜੋ ਸਰਣਿ ਆਵੈ ਤਿਸੁ ਕੰਠਿ ਲਾਵੈ***
***ਇਹੁ ਬਿਰਦੁ ਸੁਆਮੀ ਸੰਦਾ॥ ਪੰਨਾ - 544***

ਜਦੋਂ ਇਹ ਆਪਣੀ 'ਮੈਂ' ਭਾਵ ਦੇ ਚੱਕਰ ਵਿਚੋਂ ਸਮੁੱਚਤਾ ਵਿਚ ਪ੍ਰਵੇਸ਼ ਕਰ ਗਏ ਤਾਂ ਗੁਰੂ ਮਹਾਰਾਜ ਜੀ ਨੇ ਕਿਹਾ 'ਨਾਹ ਕੱਟੀ ਗਈ' ਸੋਹਣ ਸਿੰਘ, ਮੋਹਣ ਕੌਰ 40 ਮੁਕਤਿਆਂ ਵਿਚ ਅੱਗੇ ਹੋ ਕੇ ਸ਼ਹੀਦ ਹੋਏ। ਗੁਰਸਿਖ ਇਕ ਪੈਂਡਾ ਚਲਦਾ ਹੈ ਤਾਂ ਗੁਰੂ ਕੋਟਿ ਕਰਮ ਅੱਗੇ ਹੋ ਕੇ ਮਿਲਦਾ ਹੈ - ***'ਸਤਿਗੁਰ ਕੋਟਿ ਪੈਂਡਾ ਆਗੈ ਹੋਇ ਲੇਤਿ ਹੈ॥'*** ਆਪ ਜੀ ਨੇ ਅਤੇ ਜੱਥੇ ਨੇ ਪਿਆਰ ਭਾਵਨਾ ਵਿਚ ਆਖਿਰ ਵਿਚ ਇਹ ਸ਼ਬਦ ਪੜ੍ਹਿਆ-

***ਧਾਰਨਾ - ਰਾਖੋ ਰਾਖਨਹਾਰ ਦਇਆਲਾ,***
***ਹਉਂ ਨਾਨਕ ਘਰ ਕੇ ਗੋਲੇ ਜੀ -2, 2.***
***ਨਾਨਕ ਘਰ ਕੇ ਗੋਲੇ ਜੀ -2, 2.***
***ਰਾਖੋ ਰਾਖਨਹਾਰ ਦਇਆਲਾ, ........ -2.***

***ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ॥***
***ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ॥***
***ਪੰਨਾ - 674***

ਅੱਜ ਦਾ ਗੁਰਵਾਕ ਸੀ -

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥***
***ਪੰਨਾ - 677***

**ਮਿਤੀ 30 ਸਤੰਬਰ** ਨੂੰ ਆਪ ਜੀ ਦੇ ਪ੍ਰਵਚਨ ਇਸ ਧਾਰਨਾ ਨਾਲ ਪ੍ਰਾਰੰਭ ਹੋਏ -

***ਧਾਰਨਾ - ਤੂੰ ਪਰਬਤ ਮੇਰਾ ਓਲਾ ਜੀ,***
***ਵਾਰੀ ਵੰਞਾ ਘੋਲੀ ਵੰਞਾ -2,2.***
***ਵਾਰੀ ਵੰਞਾ ਘੋਲੀ ਵੰਞਾ -2, 2.***

***ਤੂੰ ਪਰਬਤ ਮੇਰਾ ਓਲਾ ਜੀ, ...... -2.***

ਪਿਆਰ ਭਰੀ ਰਸਨਾ ਨਾਲ ਗਾਇਨ ਨੇ ਸੰਗਤ ਦੇ ਮਨ ਪ੍ਰਭੂ ਚਰਨਾਂ ਨਾਲ ਜੋੜ ਦਿੱਤੇ। ਆਪਨੇ ਦੱਸਿਆ ਕਿ ਜੀਵਨ ਦਾ ਆਸ਼ਾ ਪ੍ਰਭੂ ਮਿਲਾਪ ਹੈ, ਪਰ ਇਸ ਦੇ ਰਾਹ ਨੂੰ ਤਾਲਾ ਲਗਿਆ ਹੋਇਐ ਅਤੇ ਕੰਜੀ ਗੁਰੂ ਪਾਸ ਹੈ -

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥***
***ਪੰਨਾ - 205***

ਅਸੀਂ ਕਦੋਂ ਤੋਂ ਵਿਛੜੇ ਹਾਂ? ਕਿੰਨੇ ਜਨਮ ਬੀਤ ਚੁੱਕੇ ਹਨ, ਕੁਝ ਪਤਾ ਹੀ ਨਹੀਂ।

***ਕਈ ਜਨਮ ਭਏ ਕੀਟ ਪਤੰਗਾ॥***
***ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥***
***ਕਈ ਜਨਮ ਹੈਵਰ ਬ੍ਰਿਖ ਜੋਇਓ॥***
***ਮਿਲੁ ਜਗਦੀਸ ਮਿਲਨ ਕੀ ਬਰੀਆ॥***
***ਚਿਰੰਕਾਲ ਇਹ ਦੇਹ ਸੰਜਰੀਆ॥ ਪੰਨਾ - 176***

ਸਤਸੰਗ ਵਿਚ ਭਾਗਾਂ ਨਾਲ ਆ ਹੁੰਦਾ ਹੈ। ਗੁਰੂ ਮਹਾਰਾਜ ਦਾ ਸਪਸ਼ਟ ਆਦੇਸ਼ ਹੈ -

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ ਪੰਨਾ - 12***

ਸੰਸਾਰ ਨੇ ਆਪਣੇ (source) ਵੱਲ ਜਾਣ ਲਈ ਕਈ ਤਰੀਕੇ ਲੱਭੇ। ਕਰਮ ਯੋਗ, ਗਿਆਨ ਯੋਗ, ਹਠ ਯੋਗ ਇਹ ਮਾਰਗ ਗਲਤ ਨਹੀਂ ਪਰ ਗੁਰੂ ਨਾਨਕ ਦੇਵ ਨੇ ਸੌਖਾ ਤੇ ਸੱਚਾ ਰਸਤਾ, ਨਿਰਮਲ ਪੰਥ ਚਲਾ ਦਿੱਤਾ। ਗਿਆਨ ਮਾਰਗ ਠੀਕ ਹੈ ਜੇ ਪਹਿਲਾ ਤਿਆਰੀ ਹੋਵੇ। ਦੀਵਾ, ਬੱਤੀ, ਤੇਲ ਸਭ ਕੁਝ ਹੋਵੇ ਤਾਂ ਗਿਆਨ ਠੀਕ ਹੈ। ਹਠਯੋਗ ਵਿਚ ਧੋਤੀ, ਨੇਤੀ, ਬਸਤੀ ਪ੍ਰਾਣਾਯਾਮ ਅੱਜ ਦੇ ਵਾਤਾਵਰਣ ਵਿਚ ਕੀਤਾ ਹੀ ਨਹੀਂ ਜਾ ਸਕਦਾ। ਬਹੁਤ ਕਠਨ ਸਾਧਨਾ ਹੈ। ਕੁੰਡਲਨੀ ਯੋਗ obsolete ਹੋ ਚੁੱਕਾ ਹੈ। ਗੁਰੂ ਮਹਾਰਾਜ ਕਹਿੰਦੇ ਹਨ। ***'ਰਿਧਿ ਸਿਧਿ ਸਭੁ ਮੋਹੁ ਹੈ..........॥ (ਪੰਨਾ - 593)'*** ਕੇਵਲ ਨਾਮ ਦਾ ਰਸਤਾ ਹੀ ਇਸ ਯੁੱਗ ਦਾ ਸਹੀ ਰਸਤਾ ਹੈ। ਵਾਹਿਗੁਰੂ ਨਾਲ ਇਕ-ਮਿਕ ਹੋਣਾ ਹੈ।

ਪਿਆਰ ਪ੍ਰਬਲ ਸ਼ਕਤੀ ਹੈ। ਪਸ਼ੂ, ਪੰਛੀਆਂ, ਗਾਈਆਂ, ਭੇਡਾਂ, ਬਕਰੀਆਂ ਵਿਚ ਵੀ ਮੌਜੂਦ ਹੈ। ਪਿਆਰ ਦਾ ਸੋਮਾ ਵਾਹਿਗੁਰੂ ਹੈ। ਪ੍ਰੇਮਾ ਭਗਤੀ ਸਭ ਤੋਂ ਸ੍ਰੇਸ਼ਠ ਹੈ। ਏਹੀ ਪਿਆਰ ਜੇ ਗੁਰੂ ਨਾਲ ਹੋ ਜਾਵੇ ਤਾਂ ਰਸਤਾ ਦਿਸ ਪੈਂਦਾ ਹੈ ਪਰ ਇਸ ਵਿਚ ***'ਲੋਗ ਕੁਟੰਬ ਸਭਹੂ ਤੇ ਤੋਰੈ'...........॥ (ਪੰਨਾ - 657)*** ਮੋਹ ਵਿਚੋਂ ਨਿਕਲਣਾ ਪੈਂਦਾ ਹੈ। ਪ੍ਰੇਮ ਤੋਂ ਖਾਲੀ ਮਨੁੱਖ ਜੀਉਂਦਿਆ ਵਿਚ ਸਾਮਿਲ ਨਹੀਂ ਹੁੰਦਾ

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥***
***ਮਿਰਤਕ ਕਹੀਅਹਿ ਨਾਨਕਾ ਜਹ ਪ੍ਰੀਤਿ ਨਹੀ ਭਗਵੰਤ॥***
***ਪੰਨਾ - 253***

ਪਰਮਾਤਮਾ ਅਤਿ ਦਿਆਲੂ ਹੈ -

***ਸਦਾ ਸਦਾ ਸਦਾ ਦਇਆਲ॥ ਪੰਨਾ - 275***

ਸ੍ਰਿਸ਼ਟੀ ਰਚਨਾ ਸੰਤ ਦੇ ਪ੍ਰਭੂ ਪ੍ਰਤੀ ਪਿਆਰ ਲਈ ਹੀ ਸਾਜੀ ਗਈ ਹੈ।

***ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ॥ ਪੰਨਾ - 224***

ਆਪਜੀ ਨੇ ਦੱਸਿਆ, ਪਿਆਰ ਆਪ ਹੀ ਬੰਦਗੀ ਹੈ। ਆਪ ਜੀ ਨੇ ਭਾਈ ਰੂਪਾ ਜੀ ਦਾ ਛੇਵੇਂ ਪਾਤਸ਼ਾਹ ਨਾਲ ਅਥਾਹ ਪਿਆਰ ਦਾ ਪ੍ਰਸੰਗ ਸੁਣਾਇਆ। ਭਾਈ ਰੂਪਾ ਦੇ ਪਰਿਵਾਰ ਨੂੰ ਹਰ ਸਮੇਂ ਗੁਰੂ ਪਿਆਰ ਦੀ ਖਿਚ ਰਹਿੰਦੀ ਸੀ। ਹਰ ਵਕਤ ਉਨ੍ਹਾਂ ਦੀਆਂ ਗੱਲਾਂ ਹੀ ਹੁੰਦੀਆਂ ਰਹਿੰਦੀਆ। ਰੂਪੇ ਨੇ ਪਾਣੀ ਠੰਢਾ ਵੇਖਿਆ ਤਾਂ ਕਿਹਾ, "ਠੰਢਾ ਪਾਣੀ ਗੁਰੂ ਦੇ ਪੀਣ ਯੋਗ ਹੈ।" ਪਿਆਰ ਵਾਲਾ ਗੁਰੂ ਅਤੇ ਵਾਹਿਗੁਰੂ ਨੂੰ ਅੰਦਰ ਬਾਹਰ ਹਰ ਥਾਂ ਹਾਜ਼ਰ ਵੇਖਦਾ ਹੈ। ਪਿਆਰ ਵਿਚ ਸੋਚਾਂ ਨਹੀਂ ਹੁੰਦੀਆਂ। ਪਿਆਰ ਵਿਚ ਕੁਝ ਲੈਣਾ ਨਹੀਂ, ਦਿੰਦਾ ਹੀ ਦਿੰਦਾ ਹੈ, ਪਿਆਰ ਕੁਰਬਾਨੀ ਮੰਗਦੈ। ਗੁਰੂ ਮਹਾਰਾਜ ਜੀ ਪ੍ਰੇਮ ਡੋਰੀਆਂ ਨਾਲ ਖਿਚੇ 40 ਕੋਹ ਤੇ ਪੁੱਜੇ ਅਤੇ ਪਿਆਰਿਆਂ ਤੋਂ ਠੰਢਾ ਪਾਣੀ ਪੀਤਾ। ਜਦੋਂ ਗੁਰੂ ਮਹਾਰਾਜ ਨੇ ਉਨ੍ਹਾਂ ਨੂੰ ਸ਼ਸਤਰ ਬਖਸ਼ੇ ਤਾਂ ਉਨ੍ਹਾਂ ਨੇ ਸੀਸ ਤੇ ਰੱਖ ਲਏ। ਗੁਰੂ ਜੀ ਨੇ ਭਾਈ ਸਾਧੂ, ਭਾਈ ਰੂਪਾ ਨੂੰ ਰਿਧੀਆਂ ਸਿਧੀਆਂ ਨੌ-ਨਿਧੀਆਂ ਬਖਸ਼ੀਆਂ। ਅਨੂਠੇ ਪਿਆਰ ਦੀ ਇਸ ਕਥਾ ਨਾਲ ਪ੍ਰਵਚਨ ਸਪੰਨ ਹੋਏ।

ਅੱਜ ਦਾ ਗੁਰਵਾਕ ਸੀ -

***ਟੋਡੀ ਮਹਲਾ ੫॥***
***ਪਰਮੇਸਰਿ ਦਿਤਾ ਬੰਨਾ॥ ਦੁਖ ਰੋਗ ਕਾ ਡੇਰਾ ਭੰਨਾ॥***
***...........................................ਪੰਨਾ - 628***

**ਮਿਤੀ 1 ਅਕਤੂਬਰ ਦੇ ਤੀਜੇ ਦੀਵਾਨ** ਦਾ ਪ੍ਰਾਰੰਭ ਮਹਾਂਪੁਰਸ਼ਾਂ ਨੇ ਮਿੱਠੀ ਸੁਰ ਵਿਚ ਇਸ ਸ਼ਬਦ ਨਾਲ ਕੀਤਾ -

***ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥***
***ਪੰਨਾ - 537***

ਪ੍ਰਵਚਨ ਦਾ ਪ੍ਰਾਰੰਭ ਇਸ ਪੰਕਤੀ ਦੇ ਗਾਇਨ ਨਾਲ ਹੋਇਆ, -

***ਧਾਰਨਾ - ਨਾਮ ਜਪੀਐ ਤਾਂ ਦੂਰ ਹੁੰਦੇ ਦੁਖੜੇ,***
***ਸੇਵਾ ਕਰਕੇ ਮਾਣ ਪਾਈਦੈ।***

ਪੰਡਾਲ ਵਿਚ ਦੂਰ-ਦੂਰ ਤੱਕ ਬੈਠੀਆਂ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਇਸ ਤੁਕ ਨੂੰ ਪੜ੍ਹਦੀਆਂ ਗਾਉਂਦੀਆਂ ਝੂੰਮ ਰਹੀਆਂ ਸਨ। ਆਪ ਨੇ ਦੱਸਿਆ ਕਿ ਸਤਿਸੰਗਤ ਓਹੀ ਹੁੰਦੀ ਹੈ ਜਿਥੇ ਨਾਮ ਜਪਿਆ ਜਾਂਦਾ ਹੈ। ਏਥੇ ਸਭ ਸੱਚੇ ਜਗਿਆਸੂ ਆਏ ਹਨ। ਏਥੇ ਰੋਜ਼ ਬਾਜ ਆਉਂਦਾ ਹੈ, ਤਿੰਨ-ਤਿੰਨ ਘੰਟੇ ਬੈਠਾ ਰਹਿੰਦਾ ਹੈ। ਇਹ ਸਤਿਸੰਗ ਪੂਰਬਲੇ ਚੰਗੇ ਪੁੰਨ ਕਰਮਾਂ ਸਦਕਾ ਪ੍ਰਾਪਤ ਹੁੰਦਾ ਹੈ -

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥***

***ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥***
***ਪੰਨਾ – 642***

ਪਿਆਰ ਇਕ ਜੀਵਨ ਹੈ, ਜੀਵਨ ਜਾਂਚ ਹੈ, ਪਸ਼ੂ ਪੰਛੀਆਂ ਵਿਚ ਵੀ ਪਿਆਰ ਦੀ ਭਾਵਨਾ ਹੁੰਦੀ ਹੈ। ਬ੍ਰਹਿਮੰਡ ਦਾ ਸੰਤੁਲਨ ਇਕ ਪਿਆਰ ਵਿਚ ਬੱਝਿਆ ਹੋਇਆ ਹੈ। ਪਿਆਰ ਵਿਚ ਜਦੋਂ ਗਰਜ਼ ਰਲ ਜਾਵੇ ਤਾਂ ਉਹ ਮੋਹ ਬਣ ਜਾਂਦਾ ਹੈ। ਮੋਹ ਵਿਚੋਂ ਕਾਮ, ਕ੍ਰੋਧ, ਲੋਭ, ਅਹੰਕਾਰ ਨਿਕਲਦਾ ਹੈ। ਮੋਹ ਸਮਸ਼ਟਤਾ ਤੋਂ ਤੋੜ ਕੇ ਵਿਅਸ਼ਟਤਾ ਵਿਚ ਲੈ ਆਉਂਦਾ ਹੈ। ਐਥੇ ਹਉਮੈ ਪੈਦਾ ਹੁੰਦੀ ਹੈ। ਪਿਆਰ ਵਿਚ ਦੋ ਤੋਂ ਇਕ ਹੋ ਜਾਈਦਾ ਹੈ। ਸਾਰੀਆਂ ਸੰਗਤਾਂ ਪਿਆਰ ਵਿਚ ਆ ਕੇ ਜੁੜੀਆਂ ਹਨ। ਇਕ ਅਰਦਾਸ ਹੈ, ਇਕ ਤਰਲਾ ਹੈ ਕਿ ਨਾਮ ਪਿਆਰ ਦੀ ਕਣੀ ਸਾਡੇ ਅੰਦਰ ਵਸ ਜਾਵੇ। ਸੇਵਾ ਕਰਨ ਨਾਲ ਬੈਕੁੰਠ ਵਿਚ ਸਥਾਨ ਮਿਲ ਜਾਂਦਾ ਹੈ –

***ਵਿਚਿ ਦੁਨੀਆ ਸੇਵ ਕਮਾਈਐ॥***
***ਤਾਂ ਦਰਗਹ ਬੈਸਣੁ ਪਾਈਐ।।***
***ਕਹੁ ਨਾਨਕ ਬਾਹ ਲੁਡਾਈਐ॥ ਪੰਨਾ – 26***

ਸੇਵਾ ਹੀ ਜੀਵਨ ਹੈ, ***'ਨਾਨਕ ਭਗਤਾ ਸਦਾ ਵਿਗਾਸੁ' ਪੰਨਾ – 3*** ਸੇਵਾ ਸਿਮਰਨ ਵਾਲਾ ਮਨੁੱਖ ਸਦਾ ਵਿਗਾਸ ਵਿਚ, ਖੁਸ਼ੀ ਵਿਚ, ਖੇੜੇ ਵਿਚ ਵਿਚਰਦਾ ਹੈ। ਪਿਆਰ ਵਿਚ ਕੁਰਬਾਨੀ ਹੁੰਦੀ ਹੈ। ਗੁਰੂ ਤੇਗ ਬਹਾਦਰ ਅੰਦਰ ਮਨੁੱਖਤਾ ਦਾ ਪਿਆਰ ਸੀ। ਬਾਲ ਗੋਬਿੰਦ ਰਾਇ ਨੇ ਯਤੀਮ ਹੋਣਾ ਪਰਵਾਨ ਕਰ ਲਿਆ। ਜਦੋਂ ਸਭ ਕੁਛ ਕੁਰਬਾਨ ਕਰਕੇ ਆਪ ਮਾਛੀਵਾੜੇ ਦੇ ਜੰਗਲਾਂ ਵਿਚ ਵਿਚਰ ਰਹੇ ਸਨ ਤਾਂ ਆਪਨੇ ਪ੍ਰਭੂ ਪ੍ਰਤੀ ਇਹ ਪਿਆਰ, ਇਹ ਭਾਵਨਾ, ਪ੍ਰਗਟ ਕੀਤੀ –

***ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ।***

ਮਹਾਂਪੁਰਸ਼ਾਂ ਨੇ ਦੱਸਿਆ ਕਿ ਗੁਰੂ ਅਤੇ ਪ੍ਰਮੇਸ਼ਰ ਵਿਚ ਅੰਤਰ ਨਹੀਂ ਹੁੰਦਾ। ਅਸੀਂ ਗੁਰੂ ਦੇ ਲੋਕ ਵਿਚ ਚਲੇ ਜਾਈਏ, ਇਹ ਹੀ ਵੱਡੀ ਗੱਲ ਹੈ। ਅਸੀਂ ਗੁਰੂ ਨਾਲ ਪਿਆਰ ਪਾਈਏ। ਗੁਰੂ ਨਾਨਕ ਦੇਵ ਦੀ ਹੋਂਦ ਨਾਲ ਪਿਆਰ ਪਾਈਏ। ਗੁਰੂ ਸ਼ਬਦ ਵਿਚ ਵੀ ਵਿਦਮਾਨ ਹੈ ਪਰ ਸ਼ਬਦ ਵਿਚ ਗੁਰ ਮੂਰਤਿ ਭਾਲਣੀ ਥੋੜੀ ਕਠਿਨ ਹੈ।

***ਗੁਰ ਕੀ ਮੂਰਤਿ ਮਨ ਮਹਿ ਧਿਆਨੁ।।***
***ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ।। ਪੰਨਾ – 864***

ਬੜੀਆਂ ਉਦਾਹਰਨਾਂ ਨੇ ਜਿਥੇ ਗੁਰਸਿਖ ਨੇ ਗੁਰੂ ਚਰਨਾਂ ਦਾ ਧਿਆਨ ਕੀਤਾ ਅਤੇ ਗੁਰੂ ਮਹਾਰਾਜ ਨੇ ਰਖਿਆ ਕੀਤਾ। ਗੁਰੂ ਦੀ ਸ਼ਰਨ ਆ ਜਾਵੋ, ਗੁਰੂ ਸਭ ਦੀ ਸੁਣਦਾ ਹੈ –

***ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥***
***ਪੰਨਾ – 544***

ਭਾਈ ਬਿਧੀ ਚੰਦ ਦਾ ਭੱਠ ਠੰਢਾ ਹੋ ਗਿਆ। ਪਹਾੜੀ ਬਿਲਾਸ ਪੁਰੀਏ ਦੇ ਵਜ਼ੀਰ ਦੇਵੀਦਾਸ ਨੇ ਦਸ਼ਮੇਸ਼ ਪਿਤਾ ਦੇ ਚਰਨਾਂ ਦਾ ਧਿਆਨ ਕਰ ਲਿਆ। ਅੱਖਾਂ ਵਿਚ ਗਰਮ ਸਲਾਈਆਂ ਫੇਰ ਦਿਤੀਆਂ ਪਰ ਉਸ ਦਾ ਕੁਝ ਨਾ ਵਿਗੜਿਆ, ਗੁਰੂ ਨੇ ਆਪ ਸੇਕ ਸਹਿਨ ਕਰ ਲਿਆ। ਭਾਈ ਗੋਂਦੇ ਨੇ ਗੁਰੂ ਹਰਿ ਰਾਇ ਸਾਹਿਬ ਦੇ ਚਰਨਾਂ ਦਾ ਧਿਆਨ ਧਰਿਆ, ਗੁਰੂ ਜੀ ਆਸਣ ਤੇ ਬਿਰਾਜਮਾਨ ਹੀ ਰਹੇ। ਸ਼ਾਮ ਤੱਕ ਉੱਠੇ ਹੀ ਨਹੀਂ। ਇਹ ਪਿਆਰ ਦੀਆਂ ਬਾਤਾਂ ਹਨ। ਸਭ ਤੋਂ ਚੰਗਾ ਸਾਧਨ ਪਿਆਰ ਦਾ ਸਾਧਨ ਹੈ – ਗੁਰੂ ਨਾਨਕ ਦੇਵ ਪਿਆਰ ਵਿਚ ਭਿੱਜੇ ਰਹਿੰਦੇ ਸੀ, ਲੋਕ ਉਸਨੂੰ ਕੁਰਾਹੀਆ, ਭੂਤਨਾ, ਬੇਤਾਲਾ, ਮਰਯਾਦਾ ਭੰਗ ਕਰਨ ਵਾਲਾ ਕਹਿੰਦੇ ਸੀ। ਪਰਮਾਤਮਾ ਨੇ ਕਬੀਰ ਸਾਹਿਬ ਦੇ ਗ੍ਰਹਿ ਐਨਾ ਵੱਡਾ ਜੱਗ ਰਚਾ ਦਿਤਾ ਜਿਸਦਾ ਕਬੀਰ ਸਾਹਿਬ ਨੂੰ ਪਤਾ ਹੀ ਨਹੀਂ ਲਗਿਆ। ਕਬੀਰ ਜੀ ਕਹਿੰਦੇ ਹਨ

***ਕਬੀਰ ਨਾ ਹਮ ਕੀਆ ਨ ਕਰਹਿਗੇ ਨ ਕਰਿ ਸਕੈ ਸਰੀਰੁ॥***
***ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ॥***
***ਪੰਨਾ – 1367***

ਕੇਵਲ ਸੰਤਾਂ ਦੀ ਸੰਗਤ ਹੀ ਸਥਿਰ ਹੁੰਦੀ ਹੈ, ਦੁਨੀਆਂ ਦੀ ਸੰਗਤ ਦੁਨੀਆਂ ਦਾ ਪਿਆਰ ਕੱਚਾ ਹੁੰਦਾ ਹੈ –

***ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥***
***ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿਆ॥***
***ਪੰਨਾ – 1102***

ਜੋ ਆਪਣਾ ਆਪਾ ਛੱਡ ਕੇ ਗੁਰੂ ਦੇ ਆਸਰੇ ਰਹੇ, ਗੁਰੂ ਉਸਦੀ ਪੂਰੀ ਸਹਾਇਤਾ ਕਰਦਾ ਹੈ, ਜੀਵਨ ਗੁਰੂ ਦੇ ਹੁਕਮ ਵਿਚ ਚਲਾਵੇ ਤਾਂ ਉਹ ਗੁਰੂ ਦੇ ਸਨਮੁਖ ਰਹਿੰਦਾ ਹੈ –

***ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਇ॥***
***ਪੰਨਾ – 919***

ਗੁਰੂ ਪੁਰਾਣੇ ਲੇਖ ਮੇਟ ਦਿੰਦਾ ਹੈ, ਨਵੇ ਲਿਖ ਦਿੰਦਾ ਹੈ, ਗੁਰੂ ਦੇ ਪਿਆਰ ਪਿਛੋਂ ਲੇਖਾਂ ਦਾ ਲੇਖਾ ਹੀ ਨਹੀਂ ਰਹਿੰਦਾ। ਗੁਰੂ ਪਾਸ ਅੰਮ੍ਰਿਤ ਹੈ, ਬ੍ਰਹਮ ਗਿਆਨ ਹੈ ਉਸਦੀ ਪ੍ਰਾਪਤੀ ਹੋ ਜਾਂਦੀ ਹੈ, ਨਾਮ ਅੰਮ੍ਰਿਤ ਹੈ, ਫੁਰਮਾਨ ਹੈ –

***ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ***
***ਅੰਮ੍ਰਿਤੁ ਗੁਰਮਤਿ ਪਾਏ ਰਾਮ॥***
***ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ***
***ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ॥ ਪੰਨਾ – 538***
***ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ***
***ਸੁ ਅੰਮ੍ਰਿਤੁ ਗੁਰ ਤੇ ਪਾਇਆ॥ ਪੰਨਾ – 918***

ਅੰਮ੍ਰਿਤ ਵਸਦਾ ਕਿਥੇ ਹੈ –

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮ॥ ਪੰਨਾ – 293***

ਨਾਮ ਦੇ ਜਗਿਆਸੂ ਅਤੇ ਅਧਿਕਾਰੀ ਵੀ ਵਿਰਲੇ ਹੀ ਹੁੰਦੇ ਹਨ। ਗੁਰੂ ਦੀ ਸ਼ਰਨ ਵਿਚ ਆਇਆਂ, ਚਰਨਾਂ ਦੀ ਛਹੁ ਪ੍ਰਾਪਤ ਕਰਨ ਨਾਲ ਲੇਖ ਬਦਲ ਜਾਂਦੇ ਹਨ – ਜਿਵੇਂ ਭਾਈ ਤੀਰਥਾ ਪੰਜਵੇਂ ਪਾਤਸ਼ਾਹ ਪਾਸ ਆਇਆ, ਉਸਦਾ ਪੂਰਾ ਜੀਵਨ ਹੀ ਬਦਲ ਗਿਆ। ਜਿਸਦੇ ਅੰਦਰ ਗੁਰੂ ਦੀ ਪ੍ਰਤੀਤ ਹੋਵੇ, ਉਸ ਨੂੰ ਹੀ ਨਾਮ ਚੇਤੇ ਆਉਂਦਾ ਹੈ। ਪ੍ਰਤੀਤ ਭਾਈ ਲਹਿਣਾ ਜੀ ਨੂੰ ਆਈ, ਉਹ ਗੁਰੂ ਰੂਪ ਹੀ ਹੋ ਗਏ। ਅਸਲ ਨਿਸ਼ਚਾ ਉਹ ਹੈ ਜਿਸ ਵਿਚ ਗੁਰੂ ਅਤੇ ਪ੍ਰਮੇਸ਼ਵਰ ਵਿਚ ਭੇਦ

ਨਹੀਂ ਰਹਿੰਦਾ। *'ਗੁਰੁ ਪ੍ਰਮੇਸਰ ਏਕੋ ਜਾਣੁ' ਪੰਨਾ - 864* ਦੀ ਭਾਵਨਾ ਹੋਵੇ-

***ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥***
***ਪੰਨਾ - 442***

ਆਪ ਦੀ ਨੇ ਸਿਖੀ ਸਿਧਾਂਤ ਦੀ ਵਿਆਖਿਆ ਕਰਦਿਆਂ ਦਸਿਆ - ਨਾਮ ਜਪੋ, ਕਿਰਤ ਕਰੋ, ਵੰਡ ਛਕੋ, ਇਹ ਸਿਖ ਦੀ ਜੀਵਨ ਜਾਂਚ ਹੈ। ਸਿਧਾਂਤ ਇਹ ਹੈ - ***'ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥' (ਪੰਨਾ - 1)*** ਉਹ ਸੱਚ ਹੈ, ਪ੍ਰਮੇਸ਼ਵਰ ਹੈ, ਨਿਰੰਕਾਰ ਰੂਪ ਵਿਚ ਵੀ ਅਤੇ ਸਰਗੁਣ ਸਰੂਪ ਵਿਚ ਵੀ, ਜਦੋਂ ਰਚਨਾ ਹੋਈ ਤਾਂ ਵੀ ਓਹੀ ਸੱਚ ਸੀ, ਹੁਣ ਵੀ ਇਹੋ ਸੱਚ ਹੈ -

***ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ***
***ਹਰਿ ਰੂਪੁ ਨਦਰੀ ਆਇਆ॥ ਪੰਨਾ - 922***

ਇਹ ਸੱਚ ਹੀ ਸਦਾ ਰਹਿਣਾ ਹੈ। ਐਸਾ ਪ੍ਰਮੇਸ਼ਵਰ ਅਨੁਭਵ ਕਿਵੇਂ ਹੋਵੇ? ਇਹ ਦਿਮਾਗ ਦਾ ਵਿਸ਼ਾ ਨਹੀਂ, ਇਹ ਪਿਆਰ ਦਾ ਵਿਸ਼ਾ ਹੈ, ਉਨਮਨੀ ਦਾ ਵਿਸ਼ਾ ਹੈ, ਮਹਾਰਾਜ ਕਹਿੰਦੇ ਹਨ -

***ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥***
***ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥***
***ਪੰਨਾ - 1***

ਫੇਰ ਪ੍ਰਸ਼ਨ ਕੀਤਾ -

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥***
***ਪੰਨਾ - 1***

ਨਾਲ ਹੀ ਉੱਤਰ ਦਿੰਦੇ ਹਨ -

***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥***
***ਪੰਨਾ - 1***

ਇਹ ਕਿਤਨਾ ਸੌਖਾ ਮਾਰਗ ਹੈ, ਇਹ ਪਿਆਰ ਦਾ ਮਾਰਗ ਹੈ। ਜਦ ਗੁਰੂ ਨਾਲ ਪਿਆਰ ਪੈ ਜਾਵੇ ਤਾਂ ਇਸ ਪਿਆਰ ਨੂੰ ਵਧਾ ਲਵੋ, ਸਦੀਵੀ ਯਾਦ ਬਣ ਜਾਵੇ। ਜਦ ਤਕ ਪੂਰਨ ਪਿਆਰ ਵਿਚ ਨਹੀਂ ਆਉਂਦੇ ਗੱਲ ਨਹੀਂ ਬਣਦੀ। ਗ੍ਰਹਿਸਤ ਵਿਚ ਰਹਿੰਦੇ ਆਪਣੇ ਫਰਜ਼ ਤਾਂ ਪੂਰੇ ਕਰੀਏ, ਪਰ ਮੋਹ ਵਿਚ ਨਾ ਭੁਲੀਏ।

ਅੱਜ ਦਾ ਗੁਰਵਾਕ ਸੀ -

***ਸੋਰਠਿ ਮਹਲਾ ੫***
***ਗੁਰ ਪੂਰੇ ਕਿਰਪਾ ਧਾਰੀ ਪ੍ਰਭ ਪੂਰੀ ਲੋਚ ਹਮਾਰੀ।***
***ਪੰਨਾ - 621***

29 ਸਤੰਬਰ ਤੋਂ ਚਲ ਰਹੇ 10ਵੇਂ ਮਹਾਨ ਗੁਰਮਤਿ ਸਮਾਗਮ ਦੀ ਸਪੰਨਤਾ ਸੋਮਵਾਰ ਮਿਤੀ 2.10.2000 ਸ਼ਾਮ 5 ਵਜੇ ਮਹਾਂਪੁਰਸ਼ਾਂ ਦੇ ਪ੍ਰਵਚਨਾਂ ਨਾਲ ਹੋਈ। ਆਪ ਜੀ ਨੇ ਵਿਦਵਾਨਾਂ, ਮਹਾਂਪੁਰਸ਼ਾਂ, ਸੰਤਾਂ, ਮਹਾਤਮਾ ਦੇ ਪ੍ਰਵਚਨਾਂ ਦਾ ਵਿਸ਼ਾ ਰਖਿਆ ਸੀ - 'ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।' ਪਿਛਲੇ ਤਿੰਨ ਦਿਨ ਤੋਂ ਆਪ ਇਸੇ ਵਿਸ਼ੇ ਨੂੰ ਸਨਮੁਖ ਰਖਦਿਆਂ ਗੁਰਬਾਣੀ ਪ੍ਰਮਾਣਾ ਰਾਹੀਂ ਅਤੇ ਇਤਿਹਾਸਕ ਪ੍ਰਸੰਗਾਂ ਰਾਹੀਂ ਲੱਖਾਂ ਦੀ ਗਿਣਤੀ ਵਿਚ ਇਕੱਤ੍ਰ ਹੋਈ ਸੰਗਤ ਨੂੰ ਪ੍ਰਭੂ ਪਿਆਰ ਦੀ ਭਾਵਨਾ ਵਿਚ ਮੁਗਧ ਕਰਦੇ ਆ ਰਹੇ ਸਨ। ਆਪ ਜੀ ਨੇ ਸੋਮਵਾਰ ਦੇ ਪ੍ਰਵਚਨਾਂ ਵਿਚ ਦਸਿਆ ਕਿ ਸੰਸਾਰ ਪ੍ਰਭੂ ਦੀ ਪਿਆਰ ਖੇਡ ਹੈ ਜਿਵੇਂ ਦਸਮ ਪਾਤਸ਼ਾਹ ਦਾ ਫੁਰਮਾਨ ਹੈ-

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ।***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ।***

ਰੂਹਾਨੀਅਤ ਦੀਆਂ ਹੱਦ ਬੰਦੀਆਂ ਨਹੀਂ ਹੁੰਦੀਆਂ, ਅੰਤਰਦੇਸ਼ੀ ਵਿਸ਼ਾਲਤਾ ਹੁੰਦੀ ਹੈ। ਗੁਰਮਤਿ, ਪਿਆਰ ਦਾ ਮਾਰਗ ਹੈ। ਗਿਆਨ ਅਤੇ ਯੋਗ ਦਾ ਮਾਰਗ ਕੀੜੀ ਮਾਰਗ ਹੈ। ਬਹੁਤ ਲੰਮਾ ਕਠਿਨ ਰਸਤਾ ਹੈ। ਗੁਰਮਤਿ ਬਿਹੰਗਮ ਮਾਰਗ ਹੈ, ਪੰਛੀ ਦੀ ਉਡਾਰੀ ਹੈ। ਮੁਰਸ਼ਦ ਦਾ ਪਿਆਰ, ਗੁਰੂ ਦਾ ਪਿਆਰ ਦੋ ਫੰਘ ਬਖਸ਼ਸ਼ ਕਰ ਦਿੰਦਾ ਹੈ ਜਿਸ ਨਾਲ ਮਨੁੱਖ ਉਡਦਾ ਫਿਰਦਾ ਹੈ। ਮੁਰਸ਼ਦ ਦਾ ਪਿਆਰ ਅਸਲ ਪਿਆਰ ਹੈ। ਰੱਬ ਤਾਂ ਅਲੱਖ, ਅਰੂਪ, ਅਰੇਖ ਹੈ, ਦਿਸਦਾ ਨਹੀਂ ਪਰ ਗੁਰੂ ਦੀ ਮੂਰਤ ਪ੍ਰਭੂ ਮੂਰਤ ਹੈ ਜੋ ਪ੍ਰਤੱਖ ਦਿਸਦੀ ਹੈ। ਗੁਰੂ ਪਾਸ ਤਨ, ਮਨ, ਧਨ ਸਭ ਕੁਝ ਅਰਪਨ ਕਰਨ ਨਾਲ ਗੁਰੂ ਪਿਆਰ ਮਿਲਦਾ ਹੈ-

***ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥***

ਆਪ ਜੀ ਨੇ ਭਾਈ ਮੰਝ ਦੀ ਸਾਖੀ ਰਾਹੀਂ ਸਿਖ ਦੀ ਗੁਰੂ ਪ੍ਰਤੀ ਸ਼ਰਧਾ, ਪਿਆਰ ਅਤੇ ਹੁਕਮ ਮੰਨਣ ਦੀ ਦ੍ਰਿੜ੍ਹਤਾ ਪ੍ਰਗਟ ਕੀਤੀ। ਭਾਈ ਮੰਝ ਦਾ ਜਦੋਂ ਪੰਚਮ ਪਾਤਸ਼ਾਹ ਨਾਲ ਸੱਚਾ ਪਿਆਰ ਹੋ ਗਿਆ ਤਾਂ ਉਸ ਨੇ ਸਭ ਕੁਝ ਗੁਰੂ ਸਮਰਪਨ ਕਰ ਦਿਤਾ। ਉਸ ਨੂੰ ਪਿਤਾ ਪੁਰਖੀ ਪੁਰਾਤਨ ਮਰਿਆਦਾ ਤੋੜਨ ਕਾਰਨ ਪਿੰਡੋਂ ਕੱਢਿਆ ਗਿਆ, ਗੁਰੂ ਦੇ ਹੁਕਮ ਨੂੰ ਸਿਰ ਮੱਥੇ ਮੰਨਣ ਲਈ ਉਸ ਦੀ ਪਤਨੀ ਅਤੇ ਬੇਟੀ ਨੇ ਖੁਸ਼ੀ-ਖੁਸ਼ੀ ਬੰਧੂਆਂ ਮਜ਼ਦੂਰ ਬਣਨਾ ਪਰਵਾਨ ਕੀਤਾ, ਆਪ ਨੇ ਲੰਗਰ ਤੋਂ ਪ੍ਰਸ਼ਾਦਾ ਨਾ ਛੱਕਣ ਦੇ ਗੁਰੂ ਦੇ ਆਦੇਸ਼ਾਂ ਨੂੰ ਸਿਰ ਮੱਥੇ ਮੰਨਿਆ, ਖੂਹ ਵਿਚ ਗਿਰ ਗਏ ਪਰ ਗੁਰੂ ਦੇ ਲੰਗਰ ਦੀਆਂ ਲੱਕੜਾਂ ਭਿੱਜਣ ਨਹੀਂ ਦਿੱਤੀਆਂ। ਨਤੀਜੇ ਵਜੋਂ ਗੁਰੂ ਮਹਾਰਾਜ ਉਸ ਨੂੰ ਗਲਵਕੜੀ ਵਿਚ ਲੈਣ ਲਈ ਨੰਗੇ ਪੈਰੀਂ ਦੌੜੇ ਆਏ। ਸਿਖ ਦੀ ਸੱਚੀ ਪ੍ਰੀਤ ਵੇਖ ਕੇ ਗੁਰੂ ਕਈ ਗੁਣਾ ਵੱਧ ਪਿਆਰ ਕਰਦਾ ਹੈ। ਪਿਆਰ ਵਿਚ ਕੋਈ ਸ਼ਿਕਵਾ ਨਹੀਂ ਹੁੰਦਾ। ਪਿਆਰੇ ਵਲੋਂ ਮਿਲਿਆ ਦੁਖ-ਸੁਖ, ਖੁਸ਼ੀ-ਗਮੀ ਪ੍ਰੇਮੀ ਇਕ ਸਮਾਨ ਜਾਣਦਾ ਹੈ, ਸ਼ੁਕਰ ਵਿਚ ਰਹਿੰਦਾ ਹੈ। ਜਿਵੇਂ ਗੁਰੂ ਗੋਬਿੰਦ ਸਿੰਘ ਜੀ ਸਭ ਕੁਝ ਕੁਰਬਾਨ ਕਰਕੇ, ਪਿਤਾ, ਮਾਤਾ, ਪੁੱਤਰ, ਸਭ ਦੀ ਕੁਰਬਾਨੀ ਦੇ ਕੇ ਅਨੰਦਪੁਰ ਸਾਹਿਬ ਦੀ ਸ਼ਾਨੋ ਸ਼ੌਕਤ ਛੱਡ ਕੇ ਮਾਛੀਵਾੜੇ ਦੇ ਜੰਗਲਾਂ ਵਿਚ ਵਿਚਰ ਰਹੇ ਹਨ ਅਤੇ ਪ੍ਰਮਾਤਮਾ ਦਾ ਸ਼ੁਕਰ ਕਰਦੇ ਅਰਦਾਸ ਕਰਦੇ ਹਨ -

***ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਿਣਾ॥***
***ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ, ਨਾਗ ਨਿਵਾਸਾਂ ਦੇ ਰਹਣਾ॥***
***ਸੂਲ ਸੁਰਾਹੀ, ਖੰਜਰ ਪਿਆਲਾ, ਬਿੰਗ ਕਸਾਈਆਂ ਦਾ ਸਹਣਾ॥***
***ਯਾਰੜੇ ਦਾ ਸਾਨੂੰ ਸਥਰ ਚੰਗਾ, ਭਠ ਖੇੜਿਆਂ ਦਾ ਰਹਣਾ॥***

ਆਪ ਜੀ ਨੇ ਦੱਸਿਆ ਕਿ ਗੁਰੂ ਦੀ ਪ੍ਰਸੰਨਤਾ ਪਾ ਕੇ ਭਾਈ ਮੰਝ ਨੇ ਆਪਣੇ ਲਈ ਕੁਝ ਨਹੀਂ ਮੰਗਿਆ। ਸਭ ਸਿੱਖਾਂ

ਲਈ ਇਹ ਮੰਗ ਕੀਤੀ ਕਿ ਕਲਯੁਗ ਦਾ ਸਮਾਂ ਹੈ, ਸਿੱਖਾਂ ਦੇ ਪਿਆਰ ਤੇ ਕਰੜਾ ਪਰਚਾ ਨਹੀਂ ਪਾਉਣਾ ਜੀ। ਗੁਰੂ ਅਤੇ ਗੁਰਸਿਖ ਦੇ ਇਸ ਅਥਾਹ ਪਿਆਰ ਦਾ ਜ਼ਿਕਰ ਕਰਦੇ ਆਪ ਜੀ ਨੇ ਲੱਖਾਂ ਦੀ ਗਿਣਤੀ ਵਿਚ ਹਾਜ਼ਰ ਸੰਗਤ ਦੀ ਗੁਰੂ ਪ੍ਰਤੀ ਪਿਆਰ ਦੀ ਸਰਾਹਨਾ ਕੀਤੀ ਜੋ ਪਿਛਲੇ ਚਾਰ ਦਿਨਾਂ ਤੋਂ ਗੁਰੂ ਪਿਆਰ ਵਿਚ ਸਤਿਸੰਗ ਵਿਚ ਜੁੜ ਰਹੀਆਂ ਸਨ, ਜੋ ਕਈ ਜਫਰ ਜਾਲ ਕੇ ਗੁਰੂ ਦਾ ਪਿਆਰ ਲੈਣ ਲਈ, ਗੁਰੂ ਦੇ ਸ਼ਬਦ ਨਾਲ ਜੁੜਨ ਲਈ ਅਤੇ ਮਹਾਂਪੁਰਸ਼ਾਂ, ਸੰਤਾਂ ਮਹਾਤਮਾਵਾਂ ਦੇ ਅਨੁਭਵੀ ਪਿਆਰ ਭਿੱਜੇ ਪ੍ਰਵਚਨ ਸੁਣਨ ਲਈ ਰਤਵਾੜਾ ਸਾਹਿਬ ਪੁੱਜੀਆਂ ਸਨ। ਅਜਿਹਾ ਪਿਆਰ ਅਮੋਲਕ ਵਸਤੂ ਹੈ, ਇਸ ਵਿਚ ਤਮਾ, ਲਾਲਸਾ, ਲਾਲਚ ਦਾ ਕੋਈ ਲੇਸ ਨਹੀਂ, ਇਹ ਸ਼ੁੱਧ ਪਿਆਰ ਹੈ ਜੋ ਪ੍ਰਭੂ ਦਾ ਆਪਣਾ ਨਿੱਜ ਸਰੂਪ ਹੈ। ਆਪਜੀ ਖੁਦ ਪਿਆਰ ਦੀ ਮੂਰਤ ਬਣ ਗਏ, ਗਚ ਭਰ ਆਇਆ, ਅੱਖਾਂ ਸੇਜਲ ਹੋ ਗਈਆਂ। ਆਪ ਜੀ ਨੂੰ

***ਜੱਤ੍ਰ ਤੱਤ੍ਰ ਦਿਸਾ ਵਿਸਾ ਹੋਇ ਫੈਲਿਓ ਅਨੁਰਾਗ॥***

ਦੇ ਪ੍ਰਤੱਖ ਦਰਸ਼ਨ ਦੀਦਾਰੇ ਹੋਏ, ਆਪ ਵੈਰਾਗ ਵਿਚ ਆ ਗਏ, ਸੰਗਤਾਂ ਵੈਰਾਗ ਵਿਚ ਆ ਗਈਆਂ, ਪਿਆਰ ਭਿੱਜੀਆਂ ਸੰਗਤਾਂ ਦੀਆਂ ਅੱਖਾਂ ਵਿਚ ਛਮ ਛਮ ਅਥਰੂ ਗਿਰ ਰਹੇ ਸਨ, ਕਾਫੀ ਸੰਗਤ ਦੇ ਵੈਰਾਗ ਦੀ ਸੁਰ ਉੱਚੀ ਹੋ ਗਈ ਤਾਂ ਸਟੇਜ ਤੋਂ ਵਾਹਿਗੁਰੂ ਦੀ ਧੁਨੀ ਲਾ ਕੇ ਸੰਗਤਾਂ ਨੂੰ ਵਾਹਿਗੁਰੂ ਉਚਾਰਨ ਨਾਲ ਜੋੜ ਕੇ ਸ਼ਾਂਤ ਕੀਤਾ ਗਿਆ। ਮਹਾਨ ਰਿਸ਼ੀ ਸਵਾਮੀ ਡਾ. ਵੇਦ ਭਾਰਤੀ ਜੀ ਸਮਾਧੀ ਸਥਿਤ ਸਟੇਜ ਤੇ ਸਸ਼ੋਭਤ ਸਨ। ਆਪ ਜੀ ਮਹਾਂਪੁਰਸ਼ਾਂ ਨੂੰ ਸਹਾਰਾ ਦੇ ਕੇ ਆਰਾਮ-ਘਰ ਵੱਲ ਲੈ ਗਏ, ਸੰਗਤਾਂ ਅਰਦਾਸ ਵਿਚ ਜੁੜ ਗਈਆਂ, ਆਪ ਜੀ ਦੀ ਲੰਮੀ, ਦੀਰਘ, ਸੁਅਸਥ ਆਯੂ ਲਈ ਜੋਦੜੀਆਂ, ਅਰਦਾਸਾਂ ਹੋਈਆਂ। ਗੁਰੂ ਗ੍ਰੰਥ ਸਾਹਿਬ ਤੋਂ ਹੁਕਮਨਾਮੇ ਦੀ ਬਖਸ਼ਸ਼ ਹੋਈ -

***ਜਿਤੁ ਪਾਰਬ੍ਰਹਮੁ ਚਿਤਿ ਆਇਆ॥ ਸੋ ਘਰੁ ਦਯਿ ਵਸਾਇਆ॥***
***ਸੁਖ ਸਾਗਰੁ ਗੁਰੁ ਪਾਇਆ॥ ਤਾ ਸਹਸਾ ਸਗਲ ਮਿਟਾਇਆ॥***
***ਹਰਿ ਕੇ ਨਾਮ ਕੀ ਵਡਿਆਈ॥ ਆਠ ਪਹਰ ਗੁਣ ਗਾਈ॥***
***ਗੁਰ ਪੂਰੇ ਤੇ ਪਾਈ॥ ਰਹਾਉ॥***
***ਪ੍ਰਭ ਕੀ ਅਕਥ ਕਹਾਣੀ॥ ਜਨ ਬੋਲਹਿ ਅੰਮ੍ਰਿਤ ਬਾਣੀ॥***
***ਨਾਨਕ ਦਾਸ ਵਖਾਣੀ॥ ਗੁਰ ਪੂਰੇ ਤੇ ਜਾਣੀ॥੨॥੨॥੬੬॥***

ਸੰਗਤਾਂ ਆਪਣੇ ਹਿਰਦੇ ਦੀਆਂ ਝੋਲੀਆਂ ਪਿਆਰ ਨਾਲ ਭਰਪੂਰ ਕਰਕੇ, ਮਹਾਂਪੁਰਸ਼ਾਂ ਦੇ ਦਰਸ਼ਨ ਦੀਦਾਰ ਕਰਕੇ ਅਤੇ ਆਗਿਆ ਲੈ ਕੇ ਵਿਦਾ ਹੋਈਆਂ। ਸਭ ਦੇ ਹਿਰਦੇ ਪਿਆਰ ਭਾਵਨਾ ਨਾਲ ਭਰਪੂਰ ਸਨ ਅਤੇ ਅੱਖਾਂ ਵੈਰਾਗ ਵਿਚ ਸੇਜਲ। ਗੁਰੂ ਕ੍ਰਿਪਾ ਕਰੇ, ਇਸੇ ਮਹੀਨੇ ਅੱਗਲੇ ਸਾਲ ਐਸੇ ਹੀ ਸੰਤ ਸਮਾਗਮ ਮੁੜ ਹੋਣ ਅਤੇ ਪਿਆਰ-ਭਿੰਨੀਆਂ ਰੂਹਾਂ ਦੇ ਮੁੜ ਮਿਲਾਪ ਹੋਣ।

***ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ॥***

***ਪੰਨਾ - 439***

LLLLLLL

## ਜ਼ਰੂਰੀ ਸੂਚਨਾ

**ਆਤਮ ਮਾਰਗ ਦੀ ਮੈਂਬਰਸ਼ਿਪ ਜਾਂ ਰੀਨੀਉਅਲ ਜਾਂ ਗੁਰਦਵਾਰਾ ਸਾਹਿਬ ਦੀ ਸੇਵਾ ਭੇਜਣ ਸਮੇਂ ਤਿੰਨ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਜੀ -**

**(ਪਹਿਲਾ) ਆਤਮ ਮਾਰਗ ਲਈ ਭੇਜੀ ਮਾਇਆ ਦਾ ਡਰਾਫਟ ਆਤਮ ਮਾਰਗ ਦੇ ਨਾਮ ਹੋਵੇ ਅਤੇ ਕੇਵਲ ਆਤਮ ਮਾਰਗ ਲਈ ਹੋਵੇ, ਇਸ ਵਿਚ ਹੋਰ ਕੋਈ ਸੇਵਾ ਸ਼ਾਮਲ ਨਾ ਕੀਤੀ ਜਾਵੇ।**

**(ਦੂਜਾ) ਗੁਰਦਵਾਰਾ ਸਾਹਿਬ ਲਈ ਭੇਜੀ ਸੇਵਾ ਦਾ ਡਰਾਫਟ ਅੱਡ ਹੋਵੇ ਅਤੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਨਾਮ ਹੋਵੇ। ਇਸ ਵਿਚ ਆਤਮ ਮਾਰਗ ਲਈ ਭੇਜੀ ਰਕਮ ਸ਼ਾਮਲ ਨਾ ਕੀਤੀ ਜਾਵੇ।**

**(ਤੀਜਾ) ਮਾਇਆ ਚੈਕ ਰਾਹੀਂ ਨਹੀਂ, ਸਗੋਂ ਡਰਾਫਟ ਰਾਹੀਂ ਭੇਜੀ ਜਾਵੇ ਅਤੇ ਡਰਾਫਟ ਦੀ ਅਦਾਇਗੀ ਚੰਡੀਗੜ੍ਹ ਦੇ ਕਿਸੇ ਵੀ ਬੈਂਕ ਰਾਹੀਂ ਹੋਵੇ, ਬਾਹਰਲੇ ਸ਼ਹਿਰਾਂ ਦੇ ਡਰਾਫਟ/ਚੈਕ ਨਾ ਭੇਜੇ ਜਾਣ।**

### ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ -** - 5, 12, 19, 26 ਨਵੰਬਰ, ਰਤਵਾੜਾ ਸਾਹਿਬ। (ਸਮਾਂ ਸਵੇਰੇ 12.00 ਵਜੇ ਤੋਂ ਬਾਅਦ ਦੁਪਿਹਰ 4.00 ਵਜੇ ਤੱਕ)

**ਪੂਰਨਮਾਸ਼ੀ -** 11 ਨਵੰਬਰ, ਦਿਨ ਸ਼ਨੀਵਾਰ, ਰਤਵਾੜਾ ਸਾਹਿਬ। (ਸਮਾਂ - ਦੁਪਹਿਰ 12.00 ਵਜੇ ਤੋਂ ਸ਼ਾਮ 4.00 ਵਜੇ ਤਕ)

**ਸੰਗਰਾਂਦ -** 15 ਨਵੰਬਰ, ਦਿਨ ਬੁਧਵਾਰ, ਰਤਵਾੜਾ ਸਾਹਿਬ (ਸਮਾਂ - ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਮੱਸਿਆ -** 25 ਨਵੰਬਰ, ਸ਼ਨੀਵਾਰ, ਗੁਰਦੁਆਰਾ ਈਸ਼ਰ ਪ੍ਰਕਾਸ਼, ਬਨੂੜ (ਰਾਜਪੁਰਾ) ਪਟਿਆਲਾ

(ਸਮਾਂ - ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਮਹੀਨੇ ਦਾ ਆਖਰੀ ਸ਼ਨੀਵਾਰ** - 25 ਨਵੰਬਰ, ਡੇਰਾ ਹਿਰਦਾਪੁਰ ਚੰਗਰ, ਜ਼ਿਲਾ ਰੋਪੜ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ -** ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

**ਬਾਬਾ ਜੀ ਤੇ ਬੀਜੀ, ਸਮਾਗਮ ਉਪਰੰਤ ਵਿਦੇਸ਼ ਤੋਂ ਆਏ ਪ੍ਰੇਮੀਆਂ ਨੂੰ ਰਿਹਾਇਸ਼ੀ ਕੰਪਲੈਕਸ ਵਿਖੇ ਪਿਆਰ ਭਰੀ ਅਸੀਸ ਅਤੇ ਸਿਰੋਪਾਉ ਦੇ ਕੇ ਵਿਦਾ ਕਰ ਰਹੇ ਹਨ।**

## ਦਸਵੇਂ ਗੁਰਮਤਿ ਸਮਾਗਮ ਦੀਆਂ ਕੁਝ ਝਲਕੀਆਂ

ਚਾਹੜ੍ਹਮਾਜਰਾ ਵਿਖੇ ਮਿਸ਼ਨ ਵਲੋਂ ਨਿਰਮਾਣ ਕੀਤੀ ਗਈ ਮਸਜਿਦ ਦਾ ਇਕ ਦ੍ਰਿਸ਼।

ਰਾਜਪੁਰਾ ਵਿਖੇ ਭਾਈ ਦਇਆ ਸਿੰਘ ਪਬਲਿਕ ਸਕੂਲ ਦੇ ਉਦਘਾਟਨ ਦਾ ਦ੍ਰਿਸ਼।

ਬਾਬਾ ਜੀ ਦੀ ਸੰਗਤ ਵਿਚ ਸੰਤ ਬਲਵੰਤ ਸਿੰਘ ਰਾੜਾ ਸਾਹਿਬ ਤੇ ਸੰਤ ਸਾਧੂ ਸਿੰਘ ਸੰਗਰੂਰ।

ਬਾਬਾ ਜੀ, ਡਾਕਟਰ ਸੁਆਮੀ ਵੇਦ ਭਾਰਤੀ ਜੀ ਨਾਲ ਗੁਰਮਤਿ ਵਿਚਾਰ ਕਰਦੇ ਹੋਏ।

ਪੰਜਾਬ ਦੇ ਖਜ਼ਾਨਾ ਮੰਤਰੀ ਕੈਪਟਨ ਕੰਵਲਜੀਤ ਸਿੰਘ ਬਾਬਾ ਜੀ ਤੋਂ ਸੇਧ ਲੈ ਰਹੇ ਹਨ।

ਕੇਂਦਰੀ ਖੇਡ ਮੰਤਰੀ ਸ. ਸੁਖਦੇਵ ਸਿੰਘ ਢੀਂਡਸਾ ਸਮਾਗਮ ਵਿਚ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ।

ਸ੍ਰੀ ਗੁਰੂ ਨਾਨਕ ਦੇਵ ਜੀ ਬਚਪਨ ਵਿਚ ਮੱਝਾਂ ਚਾਰਦੇ ਹੋਏ।

ਸ੍ਰੀ ਗੁਰੂ ਨਾਨਕ ਦੇਵ ਜੀ ਉਤੇ ਧੁੱਪ ਵੇਖ ਕੇ ਸਰਪ ਛਾਇਆ ਕਰ ਰਿਹਾ ਹੈ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਜੀ
ਕਰਤਾਰਪੁਰ ਦੇ ਯੁੱਧ ਸਮੇਂ ਯੁੱਧ ਖੇਤਰ ਵਿਚ।

ਸ੍ਰੀ ਗੁਰੂ ਨਾਨਕ ਦੇਵ ਜੀ ਨਵਾਬ ਦੌਲਤ ਖਾਨ ਤੇ ਕਾਜ਼ੀ ਨਾਲ ਨਮਾਜ਼
ਪੜ੍ਹਨ ਉਪਰੰਤ ਉਨ੍ਹਾਂ ਨੂੰ ਉਪਦੇਸ਼ ਦੇ ਰਹੇ ਹਨ।